
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL -10 ISSUE - 40
January 12, 2022

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ 14 ਜਨਵਰੀ ਨੂੰ 136ਵਾਂ ਜਨਮ ਦਿਨ ਦੇਸ਼ ਵਿਦੇਸ਼ ਵਿਚ ਮਨਾਇਆ ਜਾ ਰਿਹਾ ਹੈ। ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਵੱਲੋਂ ਮਹਾਨ ਗਦਰੀ ਬਾਬਾ ਅਤੇ ਆਦਿ ਧਰਮ ਮੰਡਲ ਦੇ ਬਾਨੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ ਜਨਮ ਦਿਵਸ ਦੀਆਂ ਲੱਖ-ਲੱਖ ਵਧਾਈਆਂ।

ਆਦਿ ਧਰਮ ਬ੍ਰਦਰਹੁੱਡ ਯੂ. ਐਸ. ਏ.,
ਆਦਿ ਧਰਮ ਬ੍ਰਦਰਹੁੱਡ ਯੂ. ਕੇ.
ਵੱਲੋਂ ਮਹਾਨ ਦੇਸ਼ ਭਗਤ ਗਦਰੀ ਬਾਬਾ
ਅਤੇ ਆਦਿ ਧਰਮ ਮੰਡਲ ਦੇ ਬਾਨੀ
ਬਾਬੂ ਮੰਗੂ ਰਾਮ ਮੁੱਗੋਵਾਲੀਆ
ਜੀ ਦੇ 136ਵੇਂ ਜਨਮ ਦਿਹਾੜੇ
ਦੀਆਂ ਲੱਖ-ਲੱਖ ਵਧਾਈਆਂ



**ਹਰਬੰਸ ਸਿੰਘ ਹੀਰਾ**

# ਕਈ ਧਿਰਾਂ ਮੈਦਾਨ ਵਿਚ ਆਉਣ ਕਾਰਨ ਦਿਲਚਸਪ ਬਣੀਆਂ ਪੰਜਾਬ ਚੋਣਾਂ

## ਕਿਸਾਨਾਂ ਦੇ ਮੈਦਾਨ 'ਚ ਨਿੱਤਰਨ ਨਾਲ ਕਿਸੇ ਵੀ ਪਾਰਟੀ ਲਈ ਬਹੁਮਤ ਬਾਰੇ ਦੁਚਿੱਤੀ ਵਧੀ

**ਸੰਗਰੂਰ (ਬਿਊਰੋ)–** ਪੰਜਾਬ ਚੋਣਾਂ ਦਾ ਐਲਾਨ ਹੁੰਦੇ ਹੀ ਸਿਆਸੀ ਸਰਗਰਮੀਆਂ ਸਿਖਰ 'ਤੇ ਪਹੁੰਚ ਗਈਆਂ ਹਾਂ। ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ। ਵੋਟਰ 14 ਫ਼ਰਵਰੀ ਨੂੰ ਕਿਹੜੀ ਸਿਆਸੀ ਧਿਰ ਦੇ ਹੱਕ ਵਿੱਚ ਫ਼ਤਵਾ ਦਿੰਦੇ ਹਨ, ਇਹ ਸਪੱਸ਼ਟ ਨਹੀਂ ਪਰ ਮਾਲਵਾ ਖੇਤਰ ਦੇ ਵੋਟਰਾਂ ਨੇ ਹਮੇਸ਼ਾ ਫੈਸਲਾਕੁਨ ਭੂਮਿਕਾ ਨਿਭਾਈ ਹੈ। ਕਿਸਾਨਾਂ ਦਾ ਸਿਆਸਤ ਵਿੱਚ ਦਾਖ਼ਲਾ ਹੋਰ ਸਿਆਸੀ ਧਿਰਾਂ ਲਈ ਵੱਡੀ ਚੁਣੌਤੀ ਹੋਵੇਗਾ।

ਕਿਸਾਨ ਅੰ-ਦੋਲਨ ਦੀ ਇਤਿਹਾਸਕ ਸਫ਼ਲਤਾ ਮਗਰੋਂ 22 ਜਥੇਬੰਦੀਆਂ ਦੇ ਸੰਯੁਕਤ ਸਮਾਜ ਮੋਰਚਾ ਬੈਨਰ ਹੇਠ ਪਹਿਲੀ ਵਾਰ ਕਿਸਾਨ ਸਿਆਸੀ ਮੈਦਾਨ ਵਿੱਚ ਆਉਣ ਨਾਲ ਇਸ ਵਾਰ ਚੋਣ ਦੰਗਲ ਦਿਲਚਸਪ ਹੋਵੇਗਾ। ਪੰਜਾਬ ਦੀ 75 ਫ਼ੀਸਦੀ ਆਬਾਦੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਖੇਤੀਬਾੜੀ ਨਾਲ



ਜੁੜੀ ਹੋਈ ਹੈ। ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ ਵਿੱਚੋਂ 40 ਸ਼ਹਿਰੀ, 51 ਅਰਧ ਸ਼ਹਿਰੀ ਅਤੇ 26 ਪੂਰੀ ਤਰ੍ਹਾਂ ਸ਼ਹਿਰੀ ਸੀਟਾਂ ਹਨ। ਸਿਰਫ 40 ਸੀਟਾਂ ਅਜਿਹੀਆਂ ਹਨ, ਜਿੱਥੇ ਸ਼ਹਿਰੀ ਭਾਈਚਾਰੇ ਦਾ ਵੱਡਾ ਵੋਟ ਬੈਂਕ ਹੈ। ਬਾਕੀ 77 ਸੀਟਾਂ 'ਤੇ ਪੇਂਡੂ ਜਾਂ ਸਿੱਧੇ ਕਿਸਾਨਾਂ ਦਾ ਵੱਡਾ ਵੋਟ ਬੈਂਕ ਉਮੀਦਵਾਰ ਦੀ ਜਿੱਤ ਜਾਂ ਹਾਰ ਦਾ ਫ਼ੈਸਲਾ ਕਰਦਾ ਹੈ। ਮਾਲਵੇ ਵਿੱਚ 69, ਮਾਝੇ ਵਿੱਚ 25 ਅਤੇ ਦੁਆਬੇ ਵਿੱਚ 23 ਸੀਟਾਂ ਹਨ। ਸਭ ਤੋਂ ਵੱਧ ਸੀਟਾਂ ਵਾਲਾ ਮਾਲਵਾ ਖੇਤਰ ਕਿਸਾਨਾਂ ਦਾ ਗੜ੍ਹ ਹੈ, ਜੋ ਚੋਣਾਂ ਵਿੱਚ ਫ਼ੈਸਲਾਕੁਨ ਭੂਮਿਕਾ ਨਿਭਾਉਂਦਾ ਰਿਹਾ ਹੈ। ਦੁਆਬੇ ਵਿੱਚ ਦਲਿਤ ਵੋਟਾਂ ਜ਼ਿਆਦਾ ਹਨ ਪਰ ਮਾਝੇ ਵਿੱਚ ਸਿੱਖ ਵੋਟ ਬੈਂਕ ਵੱਧ ਹੈ। ਚੋਣ ਮੈਦਾਨ ਵਿੱਚ ਕਿਸਾਨ ਸਾਰੀਆਂ ਸਿਆਸੀ ਸਿਰਾਂ ਦਾ ਵੋਟ

(ਬਾਕੀ ਸਫਾ 5 'ਤੇ)

### ਮੋਦੀ ਦੀ ਸੁਰੱਖਿਆ ਦਾ ਸਵਾਲ

# ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਇੰਦੂ ਮਲਹੋਤਰਾ ਦੀ ਅਗਵਾਈ 'ਚ ਜਾਂਚ ਆਰੰਭ

**ਨਵੀਂ ਦਿੱਲੀ (ਬਿਊਰੋ)–** ਸੁਪਰੀਮ ਕੋਰਟ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਰੱਖਿਆ 'ਚ ਕੁਤਾਹੀ ਦੇ ਮਾਮਲੇ ਦੀ ਜਾਂਚ ਲਈ ਇਕ ਕਮੇਟੀ ਬਣਾਉਣ ਦਾ ਐਲਾਨ ਕੀਤਾ ਹੈ। ਚਾਰ ਮੈਂਬਰੀ ਕਮੇਟੀ ਪੰਜਾਬ 'ਚ ਸੁਰੱਖਿਆ 'ਚ ਖਾਮੀ ਦੀ ਜਾਂਚ ਕਰੇਗੀ। ਇਸ ਦੀ ਅਗਵਾਈ ਜਸਟਿਸ ਇੰਦੂ ਮਲਹੋਤਰਾ ਕਰਨਗੇ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਸਾਰੀਆਂ ਮੌਜੂਦਾ ਜਾਂਚ ਕਮੇਟੀਆਂ 'ਤੇ ਵੀ ਰੋਕ ਲਗਾ ਦਿੱਤੀ ਹੈ। ਦੱਸ ਦੇਈਏ ਕਿ



ਇਸ ਮਾਮਲੇ ਦੀ ਜਾਂਚ ਲਈ ਪੰਜਾਬ ਸਰਕਾਰ ਅਤੇ ਗ੍ਰਿਹ ਮੰਤਰਾਲੇ ਦੋਵਾਂ ਨੇ ਆਪੋ-ਆਪਣੀਆਂ ਕਮੇਟੀਆਂ ਬਣਾਈਆਂ ਸਨ, ਦੋਵਾਂ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਇਕ-ਦੂਜੇ ਦੀ ਜਾਂਚ 'ਤੇ ਭਰੋਸਾ ਨਹੀਂ ਹੈ।

ਸੁਪਰੀਮ ਕੋਰਟ ਨੇ ਆਪਣੇ ਹੁਕਮਾਂ 'ਚ ਅਜੇ ਸਮਾਂ-ਸੀਮਾ ਤੈਅ ਨਹੀਂ ਕੀਤੀ ਹੈ। ਅਦਾਲਤ ਨੇ ਕਿਹਾ ਹੈ ਕਿ ਕਮੇਟੀ ਜਲਦੀ ਤੋਂ ਜਲਦੀ ਆਪਣੀ ਰਿਪੋਰਟ ਸੌਂਪੇਗੀ।

(ਬਾਕੀ ਸਫਾ 5 'ਤੇ)



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212 (NEAR HWY 99 ON MORADA LANE)
(209-373-3562) msandhu2014@gmail.com


Dr. Paramjit S Takhar, MD
DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539

ਸੋਹੰ

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355






ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 13 ਜਨਵਰੀ 2022 ਨੂੰ ਮਨਾਇਆ ਜਾਵੇਗਾ ਲੋਹੜੀ ਦਾ ਤਿਉਹਾਰ। ਪਾਠ ਅਤੇ ਲੰਗਰਾਂ ਦੀ ਸੇਵਾ ਕਰੇਗਾ ਸੁੰਮਨ ਪਰਿਵਾਰ।

## Sri Guru Ravidass Temple Pittsburg (CA), Gurughar's coming programs

**Guru Piari Sadh Sangat Ji,**

Devoted families are requesting entire Sangat to attend the following functions:

**January 13, 2022 LOHRI Celebration**

Lohri will be celebrated in the Gurughar at 5:00 PM on Thursday, January 13, 2022.Sukhmani Sahib Path and Langar Sewa will be hosted by Suman family. Sangat is requested to come with their families and friends. Parents of newborn children are specially requested to come and celebrate first Lohri of their new born children in the Gurughar.

**January 16, 2022**

**Sukhmani Sahib Path and Langar Sewa by Pardeep Suti and Harpreet Suti**

Sri Sukhmani Sahib Path and Langar Sewa will be hosted by Pardeep Suti, son of S. Varinder Singh Suti and Bibi Daljit Kaur Suti, Harpreet Suti and family for Chardi Kala of their family. May Waheguru keep Suti family in Chardi Kala.

**February 18-19-20, 2022 645th Gurupurb of Sri Guru Ravidass Ji**

Sri Guru Ravidass Sabha CA, Pittsburg will be celebrating the 645th Parkash Utsav of SATGURU RAVIDASS JI on Sunday, February 20, 2022 at the Gurughar.

ARAMBH SHRI AKHAND PATH February 18, 2022 (FRIDAY) 9:30 AM
BHOG SHRI AKHAND PATH February 20, 2022 (SUNDAY) 9:30 AM
KIRTAN DIWAN After Bhog until 2:00 PM

Nishan Sahib Hoisting Ceremony will be held on February 19th 2022 (Saturday) at 11:00 AM.

"NANAK NAM CHARDI KALA TERE BHANE SARBAT DA BHALA"

**Sewa for these days are available to sangat.**
**Please contact General Secretary Abhishek Pal Narabut at (925)695-4637 for booking any program.**

**Please visit Gurughar website for information:**
**WWW.SriGuruRavidassTemple.com**

**www.sriguruavidasstemple.com**

## Sangat Sewadars

| Chairperson | President | General Secretary | Treasurer |
| --- | --- | --- | --- |
| Kulwant Kaur Banga | Jagtar Singh Bhatia | Abhishek Pal Narabut | Sunita Singh |


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਅਮਰੀਕੀ ਰਾਸ਼ਟਰਪਤੀ ਬਾਈਡਨ ਨੇ ਅਮਰੀਕੀ ਰਾਜਧਾਨੀ ਉਪਰ ਹਮਲੇ ਦੀ ਵਰ੍ਹੇ ਗੰਢ ਮੌਕੇ ਟਰੰਪ ਉਪਰ ਕੀਤੇ ਤਾਬੜਤੋੜ ਹਮਲੇ

## ਕਿਹਾ ਸਾਬਕਾ ਰਾਸ਼ਟਰਪਤੀ ਲੋਕਤੰਤਰ ਲਈ ਖਤਰਾ

**ਸੈਕਰਾਮੈਂਟੋ 7 ਜਨਵਰੀ (ਹੁਸਨ ਲੜੋਆ ਬੰਗਾ)-** ਰਾਸ਼ਟਰਪਤੀ ਜੋ ਬਾਈਡਨ ਨੇ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਵਿਚ ਪਿਛਲੇ ਸਾਲ ਕੀਤੇ ਗਏ ਹਮਲੇ ਦੀ ਵਰ੍ਹੇਗੰਢ ਮੌਕੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਉਪਰ ਤਿੱਖੇ ਸ਼ਬਦੀ ਹਮਲੇ ਕਰਦਿਆਂ ਉਸ ਨੂੰ ਲੋਕਤੰਤਰ ਲਈ ਖਤਰਾ ਕਰਾਰ ਦਿੱਤਾ। ਰਾਜਧਾਨੀ ਉਪਰ ਹੋਏ ਹਮਲੇ ਦੀ ਵਰ੍ਹੇਗੰਢ ਮੌਕੇ ਬਾਈਡਨ ਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਸਾਬਕਾ ਰਾਸ਼ਟਰਪਤੀ ਦੀ ਹਿੰਸਾ ਨੂੰ ਉਕਸਾਉਣ ਲਈ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਤੇ ਐਲਾਨ ਕੀਤਾ ਕਿ ਕਿਸੇ ਵੀ ਹਾਲਤ ਵਿਚ ਲੋਕਤੰਤਰ ਵਿਰੋਧੀ ਤਾਕਤਾਂ ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ।

6 ਜਨਵਰੀ 2021 ਜਿਸ ਦਿਨ 2020 ਦੀਆਂ ਚੋਣਾਂ ਵਿਚ ਬਾਈਡਨ ਦੀ ਜਿੱਤ ਦੀ ਕਾਂਗਰਸ ਨੇ ਪੁਸ਼ਟੀ ਕੀਤੀ ਸੀ, ਨੂੰ ਯਾਦ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ ਸਾਡੇ ਲੋਕਤੰਤਰ ਵਿੱਚ ਅੜਿਕਾ ਪਾਇਆ ਗਿਆ, ਅਸੀਂ ਲੋਕਾਂ ਨੇ ਝਲਿਆ ਤੇ ਜਿੱਤ ਸਾਡੀ ਹੋਈ।




ਬਾਈਡਨ ਨੇ ਕਿਹਾ ਉਹ ਦੇਸ਼ ਖਾਤਿਰ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੈ ਤੇ ਪਿੱਛੇ ਨਹੀਂ ਹਟੇਗਾ। ਉਨ੍ਹਾਂ ਕਿਹਾ ਮੈ ਰਾਸ਼ਟਰ ਦੀ ਰਖਿਆ ਕਰਾਂਗਾ ਤੇ ਕਿਸੇ ਨੂੰ ਵੀ ਲੋਕਤੰਤਰ ਦਾ ਕਤਲ ਕਰਨ ਦੀ ਇਜਾਜ਼ਤ ਨਹੀਂ ਦੇਵਾਂਗਾ। ਰਾਸ਼ਟਰਪਤੀ ਦੇ ਸੰਬੋਧਨ ਉਪਰੰਤ ਡੈਮੋਕਰੈਟਿਕ ਸੰਸਦ ਮੈਂਬਰਾਂ ਨੇ ਰਾਜਧਾਨੀ 'ਤੇ ਹਮਲੇ ਦੀ ਵਰ੍ਹੇਗੰਢ ਮਨਾਈ ਤੇ ਕੌੜੀਆਂ ਕੁਸੈਲੀਆਂ ਯਾਦਾਂ ਨੂੰ ਤਾਜਾ ਕੀਤਾ। ਇਸ ਮੌਕੇ ਸੰਬੋਧਨ ਕਰਨ ਵਾਲਿਆਂ ਵਿਚ ਸੰਸਦ ਮੈਂਬਰ ਜੈਮੀ ਬਾਸਕਿਨ, ਪਰਾਮਿਲਾ ਜੈਪਾਲ, ਐਲੀਨਰ ਨੋਰਟਨ, ਵੈਰੋਨਿਸਾ ਐਸਕੋਬਰ ਤੇ ਸੈਨਟ ਮੈਂਬਰ ਕ੍ਰਿਸ ਵੈਨ ਹੋਲਨ ਸ਼ਾਮਿਲ ਸਨ। ਇਸ ਸਮਾਗਮ ਦਾ ਆਯੋਜਨ ਸਾਂਝੇ ਤੌਰ 'ਤੇ ਅਮੈਰੀਕਨ ਵੇਅ ਤੇ ਪਬਲਿਕ ਸਿਟੀਜ਼ਨ ਗੈਰ ਮੁਨਾਫਾ ਸਮਾਜਿਕ ਸੰਸਥਾਵਾਂ ਵੱਲੋਂ ਕੀਤਾ ਗਿਆ ਸੀ।

ਇਥੇ ਜਿਕਰਯੋਗ ਹੈ ਕਿ ਨਵੰਬਰ 2020 ਦੀਆਂ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਨੂੰ ਉਲਟਾਉਣ ਲਈ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੇ ਸਮਰਥਕਾਂ ਨੇ ਅਮਰੀਕੀ ਕਾਂਗਰਸ ਉਪਰ ਧਾਵਾ ਬੋਲ ਦਿੱਤਾ ਸੀ ਜਿਸ ਦੌਰਾਨ 5 ਮੌਤਾਂ ਹੋਈਆਂ ਸਨ ਤੇ ਸੈਂਕੜੇ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਇਸ ਤੋਂ ਬਾਅਦ ਹਿੰਸਾ ਨੂੰ ਉਕਸਾਉਣ ਲਈ ਸਾਬਕਾ ਰਾਸ਼ਟਰਪਤੀ ਵਿਰੁੱਧ ਦੂਸਰੀ ਵਾਰ ਮਹਾਂਦੋਸ਼ ਲਾਇਆ ਗਿਆ ਸੀ ਹਾਲਾਂ ਕਿ ਪਿਛਲੇ ਸਾਲ ਫਰਵਰੀ ਵਿਚ ਸੈਨੇਟ ਨੇ ਸਾਬਕਾ ਰਾਸ਼ਟਰਪਤੀ ਨੂੰ ਬਰੀ ਕਰ ਦਿੱਤਾ ਸੀ।

# ਪੰਜਾਬ ਦੀ ਸਿਆਸਤ 'ਚ ਪੈਸੇ ਵਾਲੇ ਅਤੇ ਤਾਕਤਵਰ ਲੋਕਾਂ ਦੀ ਤੂਤੀ

**ਚੰਡੀਗੜ੍ਹ-** ਪੰਜਾਬ ਵਿੱਚ ਵਿਧਾਨ ਸਭਾ ਅਤੇ ਸੰਸਦੀ ਚੋਣਾਂ ਦੌਰਾਨ ਪੈਸੇ ਅਤੇ ਬਾਹੂਬਲ ਦਾ ਪ੍ਰਭਾਵ ਵਧਦਾ ਜਾ ਰਿਹਾ ਹੈ। ਸੂਬੇ ਵਿੱਚ ਸਾਲ 2004 ਤੋਂ ਲੈ ਕੇ 2019 ਤੱਕ ਹੋਈਆਂ ਵਿਧਾਨ ਸਭਾ ਅਤੇ 7 ਸੰਸਦੀ ਚੋਣਾਂ ਦੇ ਨਤੀਜਿਆਂ ਅਤੇ ਇਨ੍ਹਾਂ ਚੋਣਾਂ ਦੌਰਾਨ ਮੈਦਾਨ 'ਚ ਨਿੱਤਰਨ ਵਾਲੇ ਉਮੀਦਵਾਰਾਂ ਸਬੰਧੀ ਕੀਤੇ ਵਿਸ਼ਲੇਸ਼ਣ ਤੋਂ ਇਹ ਤੱਥ ਸਾਹਮਣੇ ਆਇਆ ਹੈ ਕਿ ਅਪਰਾਧਿਕ ਪਿਛੋਕੜ ਵਾਲੇ ਜਿਹੜੇ ਉਮੀਦਵਾਰ ਜੇਤੂ ਰਹਿੰਦੇ ਹਨ, ਉਹ ਧਨ ਕੁਬੇਰ ਬਣਨ ਵੱਲ ਨੂੰ ਵੀ ਵਧ ਰਹੇ ਹਨ। 'ਪੰਜਾਬ ਇਲੈਕਸ਼ਨ ਵਾਚ' ਦੇ ਨੁਮਾਇੰਦਿਆਂ ਨੇ ਇਹ ਤੱਥ ਮੀਡੀਆ ਨਾਲ ਸਾਂਝਾ ਕਰਦਿਆਂ ਦੱਸਿਆ ਕਿ ਚੁਣੇ ਗਏ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਦੇ ਔਸਤਨ ਅਸਾਸਿਆਂ ਦਾ ਹਿਸਾਬ ਦੇਖਿਆ ਜਾਵੇ ਤਾਂ ਉਹ ਔਸਤਨ 11.42 ਕਰੋੜ ਦੀ ਜਾਇਦਾਦ ਦੇ ਮਾਲਕ ਹਨ। ਸੰਸਥਾ ਦੇ ਆਗੂਆਂ ਜਸਕੀਰਤ ਸਿੰਘ, ਪਰਵਿੰਦਰ ਸਿੰਘ ਕਿੱਤਣਾ ਅਤੇ ਕੁਲਦੀਪ ਸਿੰਘ ਖਹਿਰਾ ਨੇ ਦੱਸਿਆ ਕਿ ਸੱਤ ਚੋਣਾਂ ਦੌਰਾਨ ਮੈਦਾਨ 'ਚ ਨਿੱਤਰੇ 3547 ਉਮੀਦਵਾਰਾਂ ਅਤੇ 413 ਵਿਧਾਇਕਾਂ ਤੇ ਸੰਸਦ ਮੈਂਬਰਾਂ ਵੱਲੋਂ ਚੋਣ ਕਮਿਸ਼ਨ ਨੂੰ ਦਿੱਤੇ ਹਲਫਨਾਮਿਆਂ ਦਾ ਅਧਿਐਨ ਕੀਤਾ ਗਿਆ ਹੈ। ਵਿਸ਼ਲੇਸ਼ਣ ਮੁਤਾਬਕ 385 ਉਮੀਦਵਾਰਾਂ ਦੇ ਜੇਕਰ ਔਸਤਨ ਅਸਾਸੇ 6.62 ਕਰੋੜ ਰੁਪਏ ਤੱਕ ਦੇ ਹਨ ਤਾਂ ਜਿਨ੍ਹਾਂ ਦਾ ਅਪਰਾਧਿਕ ਪਿਛੋਕੜ ਹੈ ਉਨ੍ਹਾਂ ਦੇ ਅਸਾਸੇ ਆਮ ਉਮੀਦ-ਵਾਰਾਂ ਦੇ ਮੁਕਾਬਲੇ ਔਸਤਨ 7.27 ਕਰੋੜ ਰੁਪਏ ਤੱਕ ਹਨ। ਰਿਪੋਰਟ ਮੁਤਾਬਕ ਸਾਲ 2004 ਤੋਂ 2019 ਤੱਕ ਕਾਂਗਰਸ ਪਾਰਟੀ ਵੱਲੋਂ ਜਿਨ੍ਹਾਂ ਉਮੀਦਵਾਰਾਂ ਨੂੰ ਚੋਣ ਲੜਾਈ ਗਈ, ਉਨ੍ਹਾਂ ਵਿੱਚ 14 ਫੀਸਦੀ ਅਪਰਾਧਿਕ ਪਿਛੋਕੜ ਵਾਲੇ ਸਨ। ਸ਼੍ਰੋਮਣੀ ਅਕਾਲੀ ਦਲ ਦੇ 22 ਫੀਸਦੀ ਉਮੀਦਵਾਰਾਂ ਖਿਲਾਫ਼ ਮਾਮਲੇ ਦਰਜ ਸਨ। 83 ਫੀਸਦ ਨਾਲ ਭਾਜਪਾ ਉਮੀਦਵਾਰਾਂ ਦੀ ਗਿਣਤੀ ਸਭ ਤੋਂ ਵੱਧ ਸੀ। ਪੰਜਾਬ ਦੀ ਸੱਤਾ 'ਚ ਨਵੀਂ ਦਾਖਲ ਹੋਈ ਆਮ ਆਦਮੀ ਪਾਰਟੀ ਦੇ ਵੀ 11 ਫੀਸਦੀ ਉਮੀਦਵਾਰਾਂ ਖਿਲਾਫ਼ ਫੌਜਦਾਰੀ ਕੇਸ ਦਰਜ ਸਨ। ਇਸੇ ਤਰ੍ਹਾਂ ਲੋਕ ਇਨਸਾਫ਼ ਪਾਰਟੀ ਦੇ 45 ਫੀਸਦੀ ਅਤੇ ਆਜ਼ਾਦ ਉਮੀਦਵਾਰਾਂ ਵਿੱਚੋਂ ਵੀ 9 ਫੀਸਦੀ ਅਜਿਹੇ ਸਨ ਜਿਨ੍ਹਾਂ ਦੇ ਖਿਲਾਫ਼ ਅਦਾਲਤਾਂ ਵਿੱਚ ਮਾਮਲੇ ਵਿਚਾਰ ਅਧੀਨ ਸਨ। ਇਨ੍ਹਾਂ ਵਿੱਚ ਸੰਗੀਨ ਅਪਰਾਧਿਕ ਮਾਮਲੇ ਵੀ ਸ਼ਾਮਲ ਹਨ ਤੇ ਪ੍ਰਮੁੱਖ ਪਾਰਟੀਆਂ 'ਚੋਂ ਅਕਾਲੀ ਦਲ ਮੋਹਰੀ ਹੈ। ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਅਤੇ ਸੰਸਦੀ ਚੋਣਾਂ ਦੌਰਾਨ ਉਤਾਰੇ ਜਾਣ ਵਾਲੇ ਉਮੀਦਵਾਰਾਂ ਵਿੱਚ ਜੇਕਰ ਪਾਰਟੀ ਪੱਧਰ 'ਤੇ ਅਮੀਰੀ ਦੇਖਣੀ ਹੋਵੇ ਤਾਂ ਭਾਜਪਾ ਉਮੀਦਵਾਰ ਮੋਹਰੀ ਹਨ। ਭਾਜਪਾ ਦੇ ਔਸਤਨ ਉਮੀਦਵਾਰ ਦੀ ਜਾਇਦਾਦ 17.82 ਕਰੋੜ ਰੁਪਏ ਤੱਕ ਹੈ। ਕਾਂਗਰਸ ਨੂੰ ਇਸ ਮਾਮਲੇ ਵਿੱਚ ਦੂਜਾ ਸਥਾਨ ਹਾਸਲ ਹੋਇਆ ਹੈ ਜਿਨ੍ਹਾਂ ਦੇ ਅਸਾਸੇ 10.86 ਕਰੋੜ ਰੁਪਏ ਤੱਕ ਦੇ ਹਨ। ਸ਼੍ਰੋਮਣੀ ਅਕਾਲੀ ਦਲ ਤੀਜੀ ਥਾਵੇਂ ਹੈ। ਇਸ ਪਾਰਟੀ ਦਾ ਇੱਕ ਉਮੀਦਵਾਰ ਔਸਤਨ 9.33 ਕਰੋੜ ਰੁਪਏ ਦੇ ਅਸਾਸਿਆਂ ਦਾ ਮਾਲਕ ਹੈ। ਜ਼ਿਕਰਯੋਗ ਹੈ ਕਿ ਪੰਜਾਬ ਦੇ ਕਈ ਸਿਆਸਤਦਾਨ ਅਜਿਹੇ ਵੀ ਹਨ ਜਿਨ੍ਹਾਂ ਖਿਲਾਫ਼ ਔਰਤਾਂ ਦਾ ਜਿਸਮਾਨੀ ਸ਼ੋਸ਼ਣ, ਇਰਾਦਾ ਕਤਲ ਅਤੇ ਹੋਰ ਸੰਗੀਨ ਮਾਮਲੇ ਵੀ ਦਰਜ ਹੁੰਦੇ ਹਨ। ਸੂਬੇ ਵਿੱਚ ਕਈ ਗੈਰ-ਸਰਕਾਰੀ ਸੰਸਥਾਵਾਂ ਵੱਲੋਂ ਸਾਫ਼ ਸੁਥਰੇ ਅਕਸ ਵਾਲੇ ਉਮੀਦਵਾਰਾਂ ਦੀ ਚੋਣ ਕਰਨ 'ਤੇ ਜ਼ੋਰ ਦੇਣ ਲਈ ਪ੍ਰਚਾਰ ਤਾਂ ਕੀਤਾ ਜਾਂਦਾ ਹੈ, ਪਰ ਨਾਕਾਮ ਰਹਿੰਦੇ ਹਨ।






# ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਇੰਦੂ ਮਲਹੋਤਰਾ ਦੀ ਅਗਵਾਈ 'ਚ ਜਾਂਚ ਆਰੰਭ

**(ਸਫਾ 1 ਦੀ ਬਾਕੀ)**

ਕਮੇਟੀ ਇਸ ਗੱਲ ਦਾ ਅਧਿਐਨ ਕਰੇਗੀ ਕਿ ਸੁਰੱਖਿਆ 'ਚ ਕਮੀ ਦਾ ਮੁੱਢਲਾ ਕਾਰਨ ਕੀ ਸੀ। ਸੁਰੱਖਿਆ ਨੂੰ ਹੋਰ ਪੁਖ਼ਤਾ ਬਣਾਉਣ ਲਈ ਹੋਰ ਕਿਹੜੇ ਉਪਾਅ ਕੀਤੇ ਜਾ ਸਕਦੇ ਹਨ? ਸੁਪਰੀਮ ਕੋਰਟ ਨੇ ਇਸ ਮਾਮਲੇ 'ਚ 10 ਜਨਵਰੀ ਨੂੰ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਸੁਪਰੀਮ ਕੋਰਟ ਨੇ ਕਿਹਾ ਸੀ ਕਿ ਪ੍ਰਧਾਨ ਮੰਤਰੀ ਦੀ ਸੁਰੱਖਿਆ 'ਚ ਕੁਤਾਹੀ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇਗੀ। ਸੁਪਰੀਮ ਕੋਰਟ ਨੇ ਕਿਹਾ ਸੀ ਕਿ ਪ੍ਰਧਾਨ ਮੰਤਰੀ ਦੀ ਸੁਰੱਖਿਆ 'ਚ ਘਾਟ ਦੀ ਜਾਂਚ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਤੋਂ ਕਰਵਾਈ ਜਾਵੇਗੀ।

**ਪੁਲਿਸ ਦੀ ਲਾਪਰਵਾਹੀ ਕਾਰਨ ਸੁਰੱਖਿਆ 'ਚ ਹੋਈ ਛੇੜਛਾੜ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰੈਲੀ ਤੋਂ ਪਹਿਲਾਂ ਉਨ੍ਹਾਂ ਦੀ ਸੁਰੱਖਿਆ 'ਚ ਉਲੰਘਣ ਹੋਣ ਦੀ ਨਵੀਂ ਜਾਣਕਾਰੀ ਸਾਹਮਣੇ ਆ ਰਹੀ ਹੈ। ਭਾਵੇਂ ਸੁਪਰੀਮ ਕੋਰਟ ਨੇ ਇਸ ਮਾਮਲੇ ਦੀ ਜਾਂਚ ਲਈ ਚਾਰ ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ ਹੈ ਪਰ ਇਕ ਟੀਵੀ ਚੈਨਲ ਦੇ ਸਟਿੰਗ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਪ੍ਰਧਾਨ ਮੰਤਰੀ ਦੀ ਰੈਲੀ ਤੋਂ ਕੁਝ ਸਮਾਂ ਪਹਿਲਾਂ ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਗਈ ਹੈ। ਨੂੰ ਦੱਸਿਆ ਗਿਆ ਕਿ ਪ੍ਰਦਰਸ਼ਨਕਾਰੀਆਂ ਨੇ ਸੜਕ ਜਾਮ ਕਰ ਦਿੱਤੀ ਹੈ।

ਚੈਨਲ ਦੇ ਸਟਿੰਗ ਵਿਚ ਸੀਆਈਡੀ ਦੇ ਡੀਐਸਪੀ ਸੁਖਦੇਵ ਸਿੰਘ ਨੂੰ ਇਹ ਕਹਿੰਦਿਆਂ ਦਿਖਾਇਆ ਗਿਆ ਹੈ ਕਿ ਉਨ੍ਹਾਂ ਨੇ 2 ਜਨਵਰੀ ਨੂੰ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਸੂਚਿਤ ਕੀਤਾ ਸੀ ਕਿ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਫੂਲ ਫ਼ਿਰੋਜ਼ਪੁਰ ਸਮੇਤ ਮੱਖੂ, ਹਰੀਕੇ, ਫ਼ਾਜ਼ਿਲਕਾ ਤੇ ਮੋਗਾ ਆਦਿ ਸਮੂਹਾਂ ਦੇ ਕਿਸਾਨ ਵੀ ਪ੍ਰਧਾਨ ਮੰਤਰੀ ਦੀ ਰੈਲੀ ਵਿਚ ਪਹੁੰਚ ਕੇ ਉਨ੍ਹਾਂ ਦਾ ਵਿਰੋਧ ਕੀਤਾ। ਡਿਪਟੀ ਕਮਿਸ਼ਨਰ (ਡੀਸੀ) ਐਸਐਸਪੀ, ਫਿਰੋਜ਼ਪੁਰ, ਫਿਰੋਜ਼ਪੁਰ ਰੇਂਜ ਦੇ ਏਆਈਜੀ ਨੂੰ ਕਿਹਾ ਗਿਆ ਕਿ ਕਿਸਾਨ ਪੰਡਾਲ ਵਿਚ ਪਹੁੰਚਣ। ਜੇਕਰ ਉਨ੍ਹਾਂ ਨੂੰ ਪੰਡਾਲ 'ਚ ਨਾ ਜਾਣ ਦਿੱਤਾ ਗਿਆ ਤਾਂ ਉਹ ਸੜਕ 'ਤੇ ਧਰਨਾ ਦੇ ਸਕਦੇ ਹਨ। ਕਿਸਾਨਾਂ ਦੇ ਸੜਕਾਂ 'ਤੇ ਆਉਣ ਦਾ ਪ੍ਰੋਗਰਾਮ ਪਹਿਲਾਂ ਹੀ ਤੈਅ ਸੀ। ਇਸ ਦੇ ਨਾਲ ਹੀ ਰੈਲੀ ਵਾਲੇ ਦਿਨ ਵੀ ਜਦੋਂ ਪ੍ਰਧਾਨ ਮੰਤਰੀ ਦਾ ਕਾਫ਼ਲਾ ਬਠਿੰਡਾ ਤੋਂ ਰਵਾਨਾ ਹੋਇਆ ਤਾਂ ਉਸ ਦਿਨ ਵੀ ਅਸੀਂ ਪੁਲਿਸ ਅਧਿਕਾਰੀਆਂ ਨੂੰ ਸੂਚਿਤ ਕਰਦੇ ਰਹੇ। ਐਸਐਸਪੀ ਫ਼ਿਰੋਜ਼ਪੁਰ ਨੂੰ ਇਹ ਵੀ ਦੱਸਿਆ ਗਿਆ ਕਿ ਕਿਸਾਨ ਫ਼ਿਰੋਜ਼ਸ਼ਾਹ ਦੀ ਨਾਕਾਬੰਦੀ ਤੋੜ ਕੇ ਅੱਗੇ ਵਧੇ ਹਨ। ਉਨ੍ਹਾਂ ਨੂੰ ਇਹ ਵੀ ਸਪੱਸ਼ਟ ਕੀਤਾ ਗਿਆ ਕਿ ਕਿਸਾਨਾਂ ਨੇ ਜਿਸ ਰਾਹ ਤੋਂ ਪ੍ਰਧਾਨ ਮੰਤਰੀ ਆਉਣਾ ਹੈ, ਉਸ ਰਸਤੇ ਨੂੰ ਜਾਮ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਦੇ ਉੱਥੇ ਪਹੁੰਚਣ ਤੋਂ ਕੁਝ ਸਮਾਂ ਪਹਿਲਾਂ ਤਕ ਅਸੀਂ ਜਾਣਕਾਰੀ ਦਿੰਦੇ ਰਹੇ। ਉਨ੍ਹਾਂ ਇਹ ਵੀ ਦੱਸਿਆ ਕਿ ਕਿਸਾਨ ਸੜਕਾਂ 'ਤੇ ਆ ਗਏ ਹਨ। ਸਾਡਾ ਕੰਮ ਸੁਰੱਖਿਆ ਲਈ ਜਾਣਕਾਰੀ ਦੇਣਾ ਸੀ, ਜੋ ਅਸੀਂ ਕੀਤਾ। ਚੈਨਲ ਦੀ ਰਿਪੋਰਟ ਮੁਤਾਬਕ ਥਾਣਾ ਮੁਖੀ ਬੀਰਬਲ ਸਿੰਘ ਕਹਿ ਰਹੇ ਹਨ ਕਿ ਸਭ ਨੂੰ ਪਤਾ ਹੈ ਕਿ ਰੋਸ ਹੈ। ਮੈਂ ਪੜ੍ਹਿਆ-ਲਿਖਿਆ ਹਾਂ ਅਤੇ ਜਾਣਦਾ ਹਾਂ ਕਿ ਇਹ ਕਿਸਾਨ ਨਹੀਂ ਸੀ, ਉਹ ਕੱਟੜ ਸੀ ਅਤੇ ਕਿਸਾਨ ਦਾ ਨਾਮ ਦਿੱਤਾ, ਕਿਉਂਕਿ ਕਿਸਾਨਾਂ ਦੇ ਨਾਮ 'ਤੇ ਕੋਈ ਵੀ ਇਕੱਠਾ ਕਰਦਾ ਹੈ।

**ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਪੀਐਮ ਮੋਦੀ ਨਾਲ ਕੀਤੀ ਮੁਲਾਕਾਤ**

ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਦੌਰਾਨ ਸੁਰੱਖਿਆ 'ਚ ਢਿੱਲ 'ਤੇ ਚਿੰਤਾ ਪ੍ਰਗਟਾਈ ਹੈ। ਰਾਸ਼ਟਰਪਤੀ ਨੇ ਅੱਜ ਰਾਸ਼ਟਰਪਤੀ ਭਵਨ ਵਿੱਚ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਕੀਤੀ ਅਤੇ ਪੰਜਾਬ ਦੌਰੇ ਦੀ ਘਟਨਾ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ। ਉਨ੍ਹਾਂ ਇਸ ਗੰਭੀਰ ਕੁਤਾਹੀ 'ਤੇ ਚਿੰਤਾ ਪ੍ਰਗਟਾਈ। ਦਰਅਸਲ, ਬੁੱਧਵਾਰ ਨੂੰ ਪਾਕਿਸਤਾਨੀ ਸਰਹੱਦ ਤੋਂ ਸਿਰਫ਼ 30 ਕਿਲੋਮੀਟਰ ਦੂਰ ਪੰਜਾਬ ਦੇ ਫ਼ਿਰੋਜ਼ਪੁਰ ਜ਼ਿਲ੍ਹੇ ਵਿੱਚ ਪੀਐਮ ਮੋਦੀ ਦੀ ਸੁਰੱਖਿਆ ਵਿੱਚ ਵੱਡੀ ਲਾਪਰਵਾਹੀ ਦਾ ਮਾਮਲਾ ਸਾਹਮਣੇ ਆਇਆ ਹੈ। ਪ੍ਰਧਾਨ ਮੰਤਰੀ ਸੜਕ ਰਾਹੀਂ ਰੈਲੀ ਵਿੱਚ ਸ਼ਾਮਲ ਹੋਣ ਲਈ ਪੰਜਾਬ ਜਾ ਰਹੇ ਸਨ। ਇੱਥੇ ਉਨ੍ਹਾਂ ਦੇ ਕਾਫਲੇ ਨੂੰ ਪ੍ਰਦਰਸ਼ਨਕਾਰੀਆਂ ਨੇ ਰੋਕ ਲਿਆ, ਜਿਸ ਕਾਰਨ ਪੀਐਮ ਕਰੀਬ 20 ਮਿੰਟ ਤੱਕ ਫਲਾਈਓਵਰ 'ਤੇ ਫਸੇ ਰਹੇ। ਇਸ ਤੋਂ ਬਾਅਦ ਆਖਰਕਾਰ ਅਗਲੇ ਪ੍ਰੋਗਰਾਮ ਨੂੰ ਰੱਦ ਕਰਨਾ ਪਿਆ ਅਤੇ ਪ੍ਰਧਾਨ ਮੰਤਰੀ ਨੂੰ ਦਿੱਲੀ ਪਰਤਣਾ ਪਿਆ।

ਪ੍ਰਧਾਨ ਮੰਤਰੀ ਮੋਦੀ ਇੱਥੇ 42,750 ਕਰੋੜ ਰੁਪਏ ਦੇ ਕਈ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਣ ਵਾਲੇ ਸਨ। ਗ੍ਰਹਿ ਮੰਤਰਾਲੇ ਨੇ ਇਕ ਬਿਆਨ 'ਚ ਕਿਹਾ ਕਿ ਪੀਐਮ ਮੋਦੀ ਬੁੱਧਵਾਰ ਸਵੇਰੇ ਬਠਿੰਡਾ ਪੁੱਜੇ, ਜਿੱਥੋਂ ਉਨ੍ਹਾਂ ਨੇ ਹੈਲੀਕਾਪਟਰ ਰਾਹੀਂ ਹੁਸੈਨੀਵਾਲਾ ਸਥਿਤ ਰਾਸ਼ਟਰੀ ਸ਼ਹੀਦ ਸਮਾਰਕ 'ਤੇ ਜਾਣਾ ਸੀ। ਮੀਂਹ ਅਤੇ ਖ਼ਰਾਬ ਮੌਸਮ ਕਾਰਨ ਪ੍ਰਧਾਨ ਮੰਤਰੀ ਨੇ ਕਰੀਬ 20 ਮਿੰਟ ਤੱਕ ਮੌਸਮ ਸਾਫ਼ ਹੋਣ ਦਾ ਇੰਤਜ਼ਾਰ ਕੀਤਾ। ਬਿਆਨ ਵਿੱਚ ਕਿਹਾ ਗਿਆ ਹੈ ਕਿ ਜਦੋਂ ਮੌਸਮ ਵਿੱਚ ਸੁਧਾਰ ਨਹੀਂ ਹੋਇਆ ਤਾਂ ਇਹ ਫੈਸਲਾ ਕੀਤਾ ਗਿਆ ਕਿ ਉਹ ਸੜਕ ਰਾਹੀਂ ਰਾਸ਼ਟਰੀ ਸ਼ਹੀਦ ਸਮਾਰਕ ਤੱਕ ਜਾਣਗੇ, ਜਿਸ ਵਿੱਚ ਦੋ ਘੰਟੇ ਤੋਂ ਵੱਧ ਸਮਾਂ ਲੱਗੇਗਾ। ਡੀ।ਜੀ।ਪੀ।ਪੰਜਾਬ ਪੁਲਿਸ ਵੱਲੋਂ ਲੋੜੀਂਦੇ ਸੁਰੱਖਿਆ ਪ੍ਰਬੰਧਾਂ ਦੀ ਪੁਸ਼ਟੀ ਕਰਨ ਤੋਂ ਬਾਅਦ ਪ੍ਰਧਾਨ ਮੰਤਰੀ ਸੜਕ ਰਾਹੀਂ ਯਾਤਰਾ ਲਈ ਰਵਾਨਾ ਹੋ ਗਏ।

**ਰਸਤਾ ਰੋਕਣ ਵਾਲੇ ਪ੍ਰਦਰਸ਼ਨਕਾਰੀ ਕੌਣ ਸਨ**

ਫ਼ਿਰੋਜ਼ਪੁਰ ਪਹੁੰਚਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਅੱਧ ਵਿਚਕਾਰ ਹੀ ਪਰਤਣਾ ਪਿਆ। ਕਾਰਨ? ਰਸਤੇ 'ਚ 400-500 ਪ੍ਰਦਰਸ਼ਨਕਾਰੀਆਂ ਨੇ ਫਲਾਈਓਵਰ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਰਸਤਾ ਰੋਕ ਦਿੱਤਾ। ਇਸ ਕਾਰਨ ਉਨ੍ਹਾਂ ਦੇ ਕਾਫਲੇ ਨੂੰ 15-20 ਮਿੰਟ ਉਥੇ ਖੜ੍ਹਾ ਰਹਿਣਾ ਪਿਆ। ਇਸ ਨੂੰ ਪ੍ਰਧਾਨ ਮੰਤਰੀ ਦੀ ਸੁਰੱਖਿਆ 'ਚ ਵੱਡੀ ਖਾਮੀ ਮੰਨਿਆ ਜਾ ਰਿਹਾ ਹੈ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਪ੍ਰਧਾਨ ਮੰਤਰੀ ਦਾ ਰਸਤਾ ਰੋਕਣ ਵਾਲੇ ਪ੍ਰਦਰਸ਼ਨਕਾਰੀ ਕੌਣ ਸਨ?

ਰਿਪੋਰਟਾਂ ਅਨੁਸਾਰ ਭਾਰਤੀ ਕਿਸਾਨ ਯੂਨੀਅਨ-ਕ੍ਰਾਂਤੀਕਾਰੀ (ਬੀਕੇਯੂ-ਕ੍ਰਾਂਤੀਕਾਰੀ) ਧੜੇ ਨੇ ਫ਼ਿਰੋਜ਼ਪੁਰ ਜ਼ਿਲ੍ਹੇ ਦੀ ਘੱਲ ਖੁਰਦ ਤਹਿਸੀਲ ਦੇ ਪਿੰਡ ਪਿਰਿਆਣਾ ਵਿੱਚ ਫਲਾਈਓਵਰ 'ਤੇ ਪ੍ਰਧਾਨ ਮੰਤਰੀ ਦਾ ਰਸਤਾ ਰੋਕਣ ਦੀ ਜ਼ਿੰਮੇਵਾਰੀ ਲਈ ਹੈ। ਇਸ ਦਾ ਮੁਖੀ ਸੁਰਜੀਤ ਸਿੰਘ ਫੂਲ ਹੈ। ਇਹ ਸੰਗਠਨ ਸੰਯੁਕਤ ਕਿਸਾਨ ਮੋਰਚਾ ਦਾ ਵੀ ਮੈਂਬਰ ਹੈ, ਜਿਸ ਨੇ ਕੇਂਦਰੀ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਦਿੱਲੀ ਦੀਆਂ ਸਰਹੱਦਾਂ 'ਤੇ ਲਗਭਗ ਇਕ ਸਾਲ ਤੋਂ ਧਰਨਾ ਦਿੱਤਾ ਸੀ।ਬੀਕੇਯੂ-ਕ੍ਰਾਂਤੀਕਾਰੀ ਪੰਜਾਬ ਦੇ 11 ਜ਼ਿਲ੍ਹਿਆਂ ਵਿਚ ਆਪਣੀ ਮੌਜੂਦਗੀ ਬਰਕਰਾਰ ਰੱਖਦੀ ਹੈ। ਇਨ੍ਹਾਂ ਵਿੱਚੋਂ 9 ਜ਼ਿਲ੍ਹੇ ਮਾਲਵਾ ਖੇਤਰ ਨਾਲ ਸਬੰਧਤ ਹਨ। ਜਦਕਿ ਮਾਝਾ ਖੇਤਰ ਦੇ 2 ਹੋਰ ਜ਼ਿਲ੍ਹਿਆਂ ਦੇ ਐਸ। ਜਥੇਬੰਦੀ ਦਾ ਦਾਅਵਾ ਹੈ ਕਿ ਪੂਰੇ ਪੰਜਾਬ ਵਿੱਚ ਇਸ ਦੇ ਕਰੀਬ 25,000-30,000 ਵਰਕਰ ਹਨ।

ਕੇਯੂ-ਕ੍ਰਾਂਤੀਕਾਰੀ ਦੇ ਜਨਰਲ ਸਕੱਤਰ ਬਲਦੇਵ ਸਿੰਘ ਜੀਰਾ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਦੀ ਫੇਰੀ ਦੇ ਵਿਰੋਧ ਵਿੱਚ ਕਿਸਾਨਾਂ ਵੱਲੋਂ ਤਿੰਨ ਥਾਵਾਂ 'ਤੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇੱਕ- ਪਿਆਰਿਆਣਾ ਦੇ ਫਲਾਈਓਵਰ ਨੇੜੇ, ਜਿੱਥੇ ਪ੍ਰਧਾਨ ਮੰਤਰੀ ਦੇ ਕਾਫਲੇ ਨੂੰ ਰੋਕਣਾ ਪਿਆ। ਦੂਸਰਾ- ਹਰੀਕਾ ਅਤੇ ਤੀਸਰਾ- ਕੁਲਗੜ੍ਹੀ ਵਿੱਚ, ਜਿੱਥੇ ਪੰਜਾਬ ਕਿਸਾਨ ਮਜ਼ਦੂਰ ਸੰਘਰਸ਼ ਸਮਿਤੀ ਦੇ ਵਰਕਰ ਰੋਸ ਪ੍ਰਦਰਸ਼ਨ ਕਰ ਰਹੇ ਸਨ। ਕਿਸਾਨ ਪ੍ਰਦਰਸ਼ਨਕਾਰੀਆਂ ਨੇ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਨੂੰ ਪ੍ਰਧਾਨ ਮੰਤਰੀ ਦੀ ਰੈਲੀ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦੇਣ ਦੀ ਯੋਜਨਾ ਬਣਾਈ ਹੈ।

# ਕਈ ਧਿਰਾਂ ਮੈਦਾਨ ਵਿਚ ਆਉਣ ਕਾਰਨ ਦਿਲਚਸਪ ਬਣੀਆਂ ਪੰਜਾਬ ਚੋਣਾਂ

**(ਸਫਾ 1 ਦੀ ਬਾਕੀ)**

ਬੈਂਕ ਤੋੜਨਗੇ।

ਸ਼੍ਰੋਮਣੀ ਅਕਾਲੀ ਦਲ ਪਹਿਲੀ ਵਾਰ ਬਸਪਾ ਨਾਲ ਮਿਲ ਕੇ ਚੋਣ ਲੜ ਰਹੀ ਹੈ। ਕਾਂਗਰਸ ਦਾ ਅੰਦਰੂਨੀ ਕਲੇਸ਼ ਵੋਟ ਬੈਂਕ 'ਤੇ ਭਾਰੀ ਪੈ ਸਕਦਾ ਹੈ ਜਦੋਂਕਿ ਕੈਪਟਨ ਅਮਰਿੰਦਰ ਸਿੰਘ ਆਪਣੀ ਨਵੀਂ ਪਾਰਟੀ ਨਾਲ ਚੋਣ ਮੈਦਾਨ ਵਿੱਚ ਹਨ। ਕੈਪਟਨ ਦੀ ਪਿੰਡਾਂ ਦੇ ਨਾਲ-ਨਾਲ ਸ਼ਹਿਰੀ ਇਲਾਕਿਆਂ ਵਿੱਚ ਵੀ ਚੰਗੀ ਸਾਖ ਹੈ ਤੇ ਇਸ ਵਾਰ ਉਹ ਅਤੇ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲਾ ਸੰਯੁਕਤ ਅਕਾਲੀ ਦਲ ਵੀ ਭਾਜਪਾ ਨਾਲ ਮਿਲ ਕੇ ਚੋਣ ਲੜ ਰਿਹਾ ਹੈ। ਖੇਤੀ ਕਾਨੂੰਨਾਂ ਅਤੇ ਕਿਸਾਨ ਅੰਦੋਲਨ ਕਰਕੇ ਭਾਜਪਾ ਤੋਂ ਪਿੰਡਾਂ ਦੇ ਲੋਕ ਨਾਰਾਜ਼ ਹਨ।

ਸਾਲ 2017 ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਨੇ 117 ਵਿੱਚੋਂ 77 ਸੀਟਾਂ ਜਿੱਤ ਕੇ 10 ਸਾਲ ਬਾਅਦ ਸੱਤਾ 'ਚ ਵਾਪਸੀ ਕੀਤੀ ਸੀ ਅਤੇ ਆਮ ਆਦਮੀ ਪਾਰਟੀ 20 ਸੀਟਾਂ ਜਿੱਤ ਕੇ ਮੁੱਖ ਵਿਰੋਧੀ ਧਿਰ ਬਣ ਕੇ ਉੱਭਰੀ ਅਤੇ ਇਸ ਦੇ ਗੱਠਜੋੜ 'ਚ ਸ਼ਾਮਲ ਲੋਕ ਇਨਸਾਫ ਪਾਰਟੀ ਨੇ 2 ਸੀਟਾਂ ਜਿੱਤੀਆਂ ਸਨ। ਇਸ ਤੋਂ ਬਾਅਦ ਪਾਰਟੀ ਦੋਫ਼ਾੜ ਹੋ ਗਈ ਤੇ ਸੂਬੇ ਦੇ ਕੇਂਦਰੀ ਆਗੂਆਂ 'ਤੇ ਗੰਭੀਰ ਦੋਸ਼ ਲੱਗਣ ਕਾਰਨ ਪਾਰਟੀ ਉੱਤੇ ਮਾੜਾ ਅਸਰ ਪਿਆ ਅਤੇ ਲੋਕ ਇਨਸਾਫ਼ ਪਾਰਟੀ ਨਾਲ ਗੱਠਜੋੜ ਵੀ ਤੋੜ ਦਿੱਤਾ। ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਨੇ 10 ਸਾਲ ਲਗਾਤਾਰ ਸੂਬੇ ਉੱਤੇ ਰਾਜ ਕੀਤਾ ਪਰ ਉਹ 18 ਸੀਟਾਂ ਨਾਲ ਤੀਜੇ ਨੰਬਰ 'ਤੇ ਰਿਹਾ ਅਤੇ ਖੇਤੀ ਕਾਨੂੰਨਾਂ ਕਾਰਨ ਅਕਾਲੀ ਦਲ ਦਾ ਭਾਜਪਾ ਨਾਲ ਗੱਠਜੋੜ ਵੀ ਟੁੱਟ ਗਿਆ।

ਬਹੁਜਨ ਸਮਾਜ ਪਾਰਟੀ ਦੀ ਪੁਨਰ-ਸੁਰਜੀਤੀ ਹੋਈ ਹੈ। ਬਸਪਾ 2019 ਲੋਕ ਸਭਾ ਚੋਣਾਂ ਵਿੱਚ ਪੰਜਾਬ ਜਮਹੂਰੀ ਗੱਠਜੋੜ ਦਾ ਹਿੱਸਾ ਬਣੀ ਅਤੇ ਤਿੰਨ ਸੀਟਾਂ ਜਲੰਧਰ, ਹੁਸ਼ਿਆਰਪੁਰ ਤੇ ਆਨੰਦਪੁਰ ਸਾਹਿਬ ਤੋਂ ਖੜ੍ਹੇ ਕੀਤੇ ਉਮੀਦਵਾਰ ਨੇ 4।79 ਲੱਖ ਵੋਟਾਂ ਹਾਸਲ ਕਰ ਕੇ ਬਿਹਤਰ ਪ੍ਰਦਰਸ਼ਨ ਕੀਤਾ।

ਸਾਲ 2019 ਲੋਕ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦਾ ਦਬਦਬਾ ਦਿਸਿਆ ਅਤੇ ਕਾਂਗਰਸ ਨੇ ਸੂਬੇ ਦੀਆਂ ਕੁੱਲ 13 ਵਿੱਚੋਂ 8 ਸੀਟਾਂ ਜਿੱਤੀਆਂ ਅਤੇ ਅਕਾਲੀ ਤੇ ਭਾਜਪਾ ਨੂੰ 2-2 ਸੀਟਾਂ ਹੀ ਹਾਸਲ ਹੋਈਆਂ। ਚੋਣ ਨਤੀਜਿਆਂ ਵਿੱਚ ਤਿੰਨ ਸੀਟਾਂ ਨਾਲ ਬਸਪਾ ਤੀਜੇ ਨੰਬਰ 'ਤੇ ਰਹੀ, ਜਦਕਿ ਪੰਜਾਬ ਵਿੱਚ ਵਿਰੋਧੀ ਧਿਰ ਦਾ ਰੁਤਬਾ ਹਾਸਲ 'ਆਪ' ਚੌਥੇ ਨੰਬਰ 'ਤੇ ਆ ਗਈ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

ਦੇਸ਼ ਦੁਆਬਾ

# ਸਮਾਜ ਦੀਆਂ ਲੋੜਾਂ

ਕੌਮਾਂ ਹਮੇਸ਼ਾ ਸੁਸਾਇਟੀ ਦੀ ਆਵਾਜ਼ ਨਾਲ ਤਰੱਕੀ ਕਰਦੀਆਂ ਹਨ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਕੌਮਾਂ ਆਪਣੇ ਸਮਾਜ ਨੂੰ ਪੁਖਤਾ ਬਣਾ ਕੇ ਆਪਣੀ ਕੌਮੀ ਆਵਾਜ਼ ਦੇ ਨਾਲ ਹੀ ਅੱਗੇ ਵਧੀਆਂ ਹਨ। ਅੱਜ ਇਹ ਕੌਮਾਂ ਦੇਸ਼ ਵਿਚ ਹਰ ਤਰ੍ਹਾਂ ਨਾਲ ਪ੍ਰਫੁੱਲਿਤ ਹਨ ਪਰ ਜਦ ਅਸੀਂ ਕੌਮ ਵੱਲ ਧਿਆਨ ਮਾਰ ਕੇ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅਸੀਂ ਇਹਨਾਂ ਨਾਲੋਂ ਬਹੁਤ ਪਿੱਛੇ ਹਾਂ।

ਅੱਜ ਦੇਸ਼ ਦੀ ਆਜ਼ਾਦੀ ਦੇ ਸਮੇਂ ਵਿਚ ਵੀ ਅਸੀਂ ਗੁਲਾਮੀ ਦੀ ਜ਼ਿੰਦਗੀ ਭੋਗਦੇ ਰਹੇ ਹਾਂ। ਅਸੀਂ ਦੇਸ਼ ਦੀ ਆਜ਼ਾਦੀ ਤੋਂ ਕੀ ਲਾਭ ਉਠਾ ਸਕਦੇ ਹਾਂ। ਸਾਥੀਓ ਤੇ ਨੌਜਵਾਨੋ, ਸਾਨੂੰ ਆਪਣੀ ਕੌਮੀ ਸਮਾਜ ਦੀ ਛੇਤੀ ਤੋਂ ਛੇਤੀ ਲੋੜ ਹੈ। ਸਾਰੇ ਨੌਜਵਾਨਾਂ ਨੂੰ ਮਿਲ ਕੇ ਆਪਣੀ ਸੁਸਾਇਟੀ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਪੰਜਾਬ, ਜਲੰਧਰ ਨਾਲ ਮਿਲ ਕੇ ਆਪਣੇ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੇ ਕੇ ਅਗਾਂਹ ਵਧੀਏ। ਸਾਥੀਓ! ਮੈਂ ਤੁਹਾਡਾ ਪਿਛਲੇ ਸਮੇਂ ਵੱਲ ਧਿਆਨ ਦਿਵਾਉਂਦਾ ਹਾਂ ਜਦ ਹਿੰਦੁਸਤਾਨ ਗੁਲਾਮ ਸੀ। ਅਸੀਂ ਦੋ ਪਾਸਿਆਂ ਤੋਂ ਗੁਲਾਮ ਬਣੇ ਹੋਏ ਸੀ। ਇਕ ਹਿੰਦੁਸਤਾਨ ਦੀਆਂ ਉਚੀਆਂ ਸ਼੍ਰੇਣੀਆਂ ਦੇ ਅਤੇ ਦੂਸਰੇ ਪਾਸੇ ਅੰਗਰੇਜ਼ੀ ਹਕੂਮਤ ਦੇ ਗੁਲਾਮ ਸੀ। 14 ਜਨਵਰੀ 1886 ਨੂੰ ਜਦ ਮੇਰਾ ਜਨਮ ਹੋਇਆ ਉਸ ਸਮੇਂ ਊਚ ਨੀਚ ਦੀ ਬਿਮਾਰੀ ਜ਼ੋਰਾਂ 'ਤੇ ਸੀ। ਇੱਥੋਂ ਤੱਕ ਕਿ ਜਦੋਂ ਸਾਡਾ ਆਦਮੀ ਕਿਸੇ ਦੇ ਕੱਪੜੇ ਨਾਲ ਛੋਹ ਜਾਵੇ ਤਾਂ ਆਪਣੇ ਉਪਰੋਂ ਪਾਣੀ ਦਾ ਛਿੱਟਾ ਮਾਰ ਕੇ ਭਿੱਟ ਉਤਾਰਦਾ ਹੁੰਦਾ ਸੀ ਤੇ ਜੇਕਰ ਪਾਣੀ ਨਾ ਮਿਲੇ ਤਾਂ ਆਪਣੇ ਹੁੱਕੇ ਦੇ ਪਾਣੀ ਨੂੰ ਆਪਣੇ ਉਪਰ ਸੁੱਟ ਕੇ ਪਵਿੱਤਰ ਬਣ ਜਾਂਦਾ ਸੀ। ਕੁੱਤਾ, ਬਿੱਲੀ, ਕਾਂ ਆਦਿ ਜਾਨਵਰਾਂ ਦੇ ਜੂਠੇ ਪਾਣੀ ਪੀਣ ਤੋਂ ਕਿਸੇ ਤਰ੍ਹਾਂ ਦੀ ਭਿੱਟ ਨਹੀਂ ਮੰਨਦੇ ਸੀ ਤੇ ਜਿਸ ਤਰ੍ਹਾਂ ਸਾਡੀ ਕੌਮ ਦਾ ਵਸੇਬਾ ਹੁੰਦਾ ਸੀ ਉਹਦਾ ਨਕਸ਼ਾ ਨੌਜਵਾਨਾਂ ਅੱਗੇ ਪੇਸ਼ ਕਰਦਾ ਹਾਂ।

ਜਿਹਨਾਂ ਘਰਾਂ ਵਿਚ ਅਸੀਂ ਰਹਿੰਦੇ ਸੀ, ਉਹ ਤਹਿ ਜ਼ਮੀਨ ਜਿੰਨੀ ਮਕਾਨ ਦੇ ਹੇਠ ਆ ਜਾਵੇ ਜ਼ਿਮੀਂਦਾਰਾਂ ਦੀ ਹੋਇਆ ਕਰਦੀ ਸੀ। ਜਦ ਕਿਸੇ ਜ਼ਿਮੀਂਦਾਰ ਦਾ ਹੁਕਮ ਨਹੀਂ ਸੀ ਮੰਨਿਆ ਜਾਂਦਾ ਤਾਂ ਉਸ ਸਮੇਂ ਹੁਕਮ ਮਿਲ ਜਾਂਦਾ ਸੀ ਕਿ ਭਾਈ ਮੇਰੇ ਕਹੇ ਅਨੁਸਾਰ ਮੇਰਾ ਮੁਫਤ ਕੰਮ ਨਹੀਂ ਕਰਨਾ ਤਾਂ ਇੱਥੋਂ ਆਪਣਾ ਬਿਸਤਰਾ ਚੁੱਕ ਕੇ ਲੈ ਜਾਵੋ। ਅਸੀਂ ਆਪਣੇ ਪੈਸੇ ਲਾ ਕੇ ਉਸ ਮਕਾਨ ਨੂੰ ਆਪਣੀ ਗਰਜ਼ ਵਾਸਤੇ ਵੇਚ ਨਹੀਂ ਸੀ ਸਕਦੇ। ਸਾਡੀ ਕੌਮ ਨੂੰ ਦੇਸ਼ ਵਿਚ ਜ਼ਮੀਨ ਦਾ ਕੋਈ ਅਧਿਕਾਰ ਨਹੀਂ ਸੀ। ਜੇ ਅਸੀਂ ਘਰ ਬਣਾਉਣ ਵਾਸਤੇ ਥਾਂ ਮੱਲ ਲੈਂਦੇ ਸੀ ਤਾਂ ਪੰਜ ਮਰਲੇ ਤੋਂ ਵੱਧ ਨਹੀਂ ਸੀ ਲੈ ਸਕਦੇ। ਉਹ ਵੀ 'ਰਜਤਨਾਮਾ' ਬਣਾ ਕੇ ਦਿੰਦੇ ਸੀ। ਇਸ ਵਿਚ ਸ਼ਰਤ ਇਹ ਹੁੰਦੀ ਸੀ ਕਿ ਜਿਹੜਾ ਦਰੱਖਤ ਅਸੀਂ ਆਪਣੇ ਘਰ ਵਿਚ ਪਾਲਦੇ ਸੀ, ਉਹ ਜ਼ਿਮੀਂਦਾਰਾ ਕੱਟਦਾ ਸੀ। ਦੂਸਰੇ ਪਾਸੇ ਬਗਾਰ ਇਨ੍ਹਾਂ ਦੀ ਤੇ ਹਕੂਮਤ ਦੀ ਦੇਣੀ ਪੈਂਦੀ ਸੀ ਕਿ ਮਰੇ ਹੋਏ ਪਸ਼ੂ ਸਾਡੇ ਕੋਲੋਂ ਜ਼ੋਰ ਨਾਲ ਚੁਕਾਏ ਜਾਂਦੇ ਸਨ। ਉਚੀਆਂ ਸ਼੍ਰੇਣੀਆਂ ਦੀ ਆਪਸ ਵਿਚ ਲੜ ਕੇ ਮੌਤ ਹੋ ਜਾਂਦੀ ਸੀ ਤਾਂ ਉਹ ਮੁਰਦਾ ਲਾਸ਼ ਸਾਡੇ ਆਦਿ ਧਰਮੀਆਂ ਤੋਂ ਚੁਕਵਾ ਕੇ ਵੀਹ ਵੀਹ ਮੀਲ ਤੱਕ ਲਿਜਾਈ ਜਾਂਦੀ ਸੀ। ਪੁਲਿਸ ਦੇ ਆਦਮੀ ਤੇ ਪਿੰਡ ਦੇ ਨੰਬਰਦਾਰ ਦੀਆਂ ਬੋਹਜ਼ੇ ਤੇ ਬੁੱਤੀਆਂ ਚੈਨ ਨਾਲ ਨਹੀਂ ਸੀ ਬੈਠਣ ਦਿੰਦੀਆਂ। ਅਗਰ ਘਰ ਵਿਚ ਆਦਮੀ ਨਾ ਹੋਵੇ ਤਾਂ ਔਰਤਾਂ ਤੋਂ ਵੰਗਾਰਾਂ ਲਈਆਂ ਜਾਂਦੀਆਂ ਸਨ। ਲੱਕੜੀ ਦੇ ਪਰਨਾਲੇ ਗੱਡ ਕੇ ਉਹਨਾਂ ਰਾਹੀਂ ਪਾਣੀ ਪਿਆਇਆ ਜਾਂਦਾ ਸੀ। ਚੰਗਾ ਕੱਪੜਾ ਤੇ ਚੰਗਾ ਮਕਾਨ ਬਣਾਉਣ ਦੀ ਇਜਾਜ਼ਤ ਨਹੀਂ ਸੀ। ਪੜ੍ਹਨ ਤੇ ਪਾਬੰਦੀ ਲਾਈ ਹੋਈ ਸੀ। ਵਿੱਦਿਆ ਤੋਂ ਵਾਝੇ ਰੱਖ ਕੇ ਸਾਡੇ ਤੋਂ ਹਰ ਤਰ੍ਹਾਂ ਦੀ ਗੁਲਾਮੀ ਕਰਾਉਂਦੇ ਸਨ। ਸਾਥੀਓ ਤੇ ਨੌਜਵਾਨੋ, ਇਹ ਥੋੜ੍ਹੀਆਂ ਜਿਹੀਆਂ ਝਲਕੀਆਂ ਗੁਲਾਮੀ ਦੀਆਂ ਤੁਹਾਡੇ ਅੱਗੇ ਪੇਸ਼ ਕੀਤੀਆਂ ਹਨ। ਪਿਛਲੇ ਸਾਰੇ ਹਾਲਾਤ ਮੈਂ ਆਪਣੇ ਜੀਵਨ ਬਿਰਤਾਂਤ ਵਿਚ ਲਿਖੇ ਹਨ ਉਸ ਤੋਂ ਪਤਾ ਲੱਗ ਜਾਵੇਗਾ ਕਿ ਸਾਡੇ ਬਜ਼ੁਰਗ ਤੇ ਕੌਮ ਕਿੰਨੀਆਂ ਮੁਸੀਬਤਾਂ ਤੋਂ ਗੁਜ਼ਰ ਕੇ ਅੱਜ ਆਜ਼ਾਦੀ ਵਿਚ ਆਈ ਹੈ। ਉਹ ਕੌਮੀ ਤਕਲੀਫਾਂ ਅੱਖੀਂ ਦੇਖ ਕੇ ਆਪ ਅੱਗੋਂ ਅਪੀਲ ਕਰਦਾ ਹਾਂ ਕਿ ਜਿਸ ਤਰ੍ਹਾਂ ਅੱਜ ਮੈਂ ਨੌਜਵਾਨਾਂ ਨੂੰ ਖੇਰੂੰ ਖੇਰੂੰ ਦੇਖਦਾ ਹਾਂ, ਕਿਤੇ ਉਹ ਪਿਛਲਾ ਸਮਾਂ ਮੁੜ ਕੇ ਕੌਮ ਤੇ ਨਾ ਆ ਜਾਵੇ। ਅਸੀਂ ਦੇਸ਼ ਵਿਚ ਤਾਂ ਹੀ ਤਰੱਕੀ ਕਰ ਸਕਦੇ ਹਾਂ ਜੇ ਸਾਡਾ ਆਪਣਾ ਪੱਕਾ ਹੋਵੇ ਤੇ ਸਮਾਜ ਦੇ ਨਾਲ ਹੀ ਸਾਡੀ ਇਕ ਆਵਾਜ਼ ਹੋਵੇ।

ਦੇਸ਼ ਦੀਆਂ ਉਚ ਸ਼੍ਰੇਣੀਆਂ ਨੂੰ ਦੇਖਕੇ ਤੇ ਸਾਨੂੰ ਵੀ ਸਮਾਜ ਬਣਾਉਣ ਦੀ ਲੋੜ ਪਈ ਤਾਂ ਅਸੀਂ ਕੌਮ ਦੇ ਪਤਵੰਤੇ ਅਤੇ ਸਮਝਦਾਰ ਸਾਥੀਆਂ ਦਾ ਇਕੱਠ ਕਰਕੇ ਸੰਨ 1925 ਵਿਚ ਮਤਾ ਪਾਸ ਕਰਕੇ ਆਪਣੇ ਸਮਾਜ ਦਾ ਨਾਂ ਪੰਜਾਬ ਆਦਿ-ਧਰਮ ਮੰਡਲ ਪਾਸ ਕੀਤਾ। ਆਦਿ ਧਰਮ ਮੰਡਲ ਦੇ ਨਾਂ ਉਤੇ ਕੌਮ ਵਿਚ ਪ੍ਰਚਾਰ ਸ਼ੁਰੂ ਕੀਤਾ ਗਿਆ। ਉਸ ਸਮੇਂ ਸਾਨੂੰ ਚੂਹੜੇ, ਚਮਾਰ ਆਦਿ ਨਾਵਾਂ ਨਾਲ ਕਹਿ ਕੇ ਦੁਰਕਾਰਿਆ ਜਾਂਦਾ ਸੀ। ਅਸੀਂ ਆਪਣੀਆਂ ਪੱਛੜੀਆਂ ਕੌਮਾਂ ਨੂੰ ਇਹਨਾਂ ਭੈੜਿਆਂ ਨਾਵਾਂ ਤੋਂ ਛੁਟਕਾਰਾ ਪਾਉਣ ਲਈ ਆਪਣਾ ਨਾਮ ਆਦਿ ਧਰਮ ਰੱਖਿਆ।

ਹਕੂਮਤ ਨੂੰ ਲਿਖ ਕੇ ਭੇਜਿਆ ਗਿਆ ਕਿ ਅੱਗੇ ਨੂੰ ਸਰਕਾਰੀ ਦਫਤਰਾਂ ਵਿਚ ਸਾਨੂੰ ਆਦਿ ਧਰਮੀ ਲਿਖਿਆ ਜਾਵੇ ਅਤੇ ਦੇਸ਼ ਵਿਚ ਆਦਿ ਧਰਮ ਦਾ ਪ੍ਰਚਾਰ ਕਰਕੇ ਦੇਸ਼ ਦੀਆਂ ਦੂਸਰੀਆਂ ਕੌਮਾਂ ਨੂੰ ਆਦਿ ਧਰਮ ਤੋਂ ਜਾਣੂ ਕਰਵਾਇਆ ਜਾਵੇ। ਇਸ ਸਮਾਜ ਦੇ ਹੋਣ ਕਰਕੇ ਅਸੀਂ ਆਪਣੇ ਦੇਸ਼ ਦੀਆਂ ਪੱਛੜੀਆਂ ਕੌਮਾਂ ਨੂੰ ਦੇਸ਼ ਦੇ ਅਧਿਕਾਰਾਂ ਦਾ ਮਿਲਣ ਕਰਕੇ ਪੱਛੜੀਆਂ ਬਰਾਦਰੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਦੀਆਂ ਸਾਰੀਆਂ ਸਹੂਲਤਾਂ ਮਿਲੀਆਂ ਅਤੇ ਅੱਜ ਹਕੂਮਤ ਦੇ ਸਾਰੇ ਭਾਗਾਂ ਵਿਚ ਸ਼ਾਮਲ ਹਨ।

ਸਾਡੀ ਜੱਦੋ-ਜਹਿਦ ਸਦਕੇ ਅੱਜ ਦੀ ਹਕੂਮਤ ਨੇ ਜਾਤ-ਪਾਤ, ਛੂਤ-ਛਾਤ ਅਤੇ ਊਚ-ਨੀਚ ਦੇ ਭੈੜੇ ਰਿਵਾਜ਼ਾ ਨੂੰ ਦੇਸ਼ ਵਿਚੋਂ ਦੂਰ ਕਰਕੇ ਲੋਕ ਰਾਜ ਦੀ ਸਾਂਝੀ ਹਕੂਮਤ ਦੇਸ਼ ਵਿਚ ਕਾਇਮ ਹੈ। ਅੱਜ ਦੇਸ਼ ਦੀਆਂ ਸਾਰੀਆਂ ਕੌਮਾਂ ਆਪੋ-ਆਪਣੇ ਕੌਮੀ ਸਮਾਜੀ ਹੱਕਾਂ ਦੀ ਰਾਖੀ ਕਰ ਰਹੀਆਂ ਹਨ। ਇਸ ਵਾਸਤੇ ਮੈਂ ਆਪਣੇ ਸਾਥੀਆਂ ਅਤੇ ਕੌਮੀ ਪੜ੍ਹੇ-ਲਿਖੇ ਨੌਜਵਾਨਾਂ ਅੱਗੇ ਅਪੀਲ ਕਰਦਾ ਹਾਂ ਕਿ ਆਪਣੇ ਕੌਮੀ ਸਮਾਜ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ, ਪੰਜਾਬ, ਜਲੰਧਰ ਚੱਲ ਰਹੀ ਹੈ। ਉਸ ਦੇ ਜ਼ਿੰਮੇਵਾਰ ਮੈਂਬਰ ਬਣ ਕੇ ਹਰ ਤਰ੍ਹਾਂ ਦੀ ਸਹਾਇਤਾ ਕਰੋ। ਜੇਕਰ ਤੁਸੀਂ ਆਪਣੇ ਸਮਾਜ ਭਾਵ ਸੁਸਾਇਟੀ ਵੱਲ ਧਿਆਨ ਨਾ ਦਿੱਤਾ ਤਾਂ ਮੇਰੇ ਉਪਰਲੇ ਲੇਖ ਨੂੰ ਪੜ੍ਹ ਕੇ ਪਤਾ ਲੱਗ ਜਾਵੇਗਾ ਕਿ ਸਾਡੀ ਉਹ ਹਾਲਤ ਹੋ ਜਾਵੇਗੀ ਜੋ ਸਾਡੀ 1925 ਤੋਂ ਪਹਿਲਾ ਸੀ। ਇਸ ਵਾਸਤੇ ਸਮਾਜ ਦੀ ਅੱਜ ਲੋੜ ਹੈ। ਅਸੀਂ ਸਾਰੇ ਮਿਲ ਕੇ ਆਪਣੀ ਆਵਾਜ਼ ਨੂੰ ਸੁਸਾਇਟੀ ਰਾਹੀਂ ਹਕੂਮਤ ਅਤੇ ਦੇਸ਼ ਵਾਸੀਆਂ ਤੱਕ ਪਹੁੰਚਾਈਏ।

**ਵੱਲੋਂ: ਬਾਬੂ ਮੰਗੂ ਰਾਮ ਮੁੱਗੋਵਾਲੀਆ,**
**ਪ੍ਰਧਾਨ ਆਦਿ ਧਰਮ ਮੰਡਲ ਪੰਜਾਬ**
**ਧੰਨਵਾਦ ਸਹਿਤ– "ਕੌਮੀ ਉਡਾਰੀਆਂ"**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। –ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ–183

## ਜਰਵਾਣਾ ਲਫਜ਼ ਦੀ ਵਿਆਖਿਆ



**ਅਵਤਾਰ ਸਿੰਘ ਮਿਸ਼ਨਰੀ**
**510-432-5827**

ਮਹਾਨ ਕੋਸ਼ ਅਨੁਸਾਰ ਜਰਵਾਣਾ-ਬਲਵਾਨ, ਜ਼ਾਲਮ, ਜਰਾ ਦਾ ਵਰਣ (ਰੰਗ) ਬੁਢੇਪੇ ਦਾ ਰੰਗ, ਚਿਟੇ ਵਾਲ। ਹੇਠਾਂ ਆਸਾ ਕੀ ਵਾਰ ਦੀ ਪੰਜਵੀਂ ਪਾਉੜੀ ਵਿੱਚ ਇਸ ਦੀ ਸਿੱਧੇ ਸ਼ਬਦਾਂ 'ਚ ਵਿਆਖਿਆ ਇਸ ਪ੍ਰਕਾਰ ਹੈ-ਪਉੜੀ॥ ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ॥ ਹੇ ਪ੍ਰਭੂ! ਤੇਰਾ ਨਾਮ ਨਿਰੰਕਾਰ ਹੈ, ਜੇ ਤੇਰਾ ਨਾਮ ਸਿਮਰੀਏ ਤਾਂ ਨਰਕ 'ਚ ਨਹੀਂ ਪਈਦਾ। ਜੀਉ ਪਿੰਡੁ ਸਭੁ ਤਿਸ ਦਾ ਦੇ ਖਾਜੈ ਆਖਿ ਗਵਾਈਐ॥ ਇਹ ਜਿੰਦ ਅਤੇ ਸਰੀਰ ਸਭ ਕੁਝ ਪ੍ਰਭੂ ਦਾ ਹੀ ਹੈ, ਉਹੀ ਜੀਵਾਂ ਨੂੰ ਖਾਣ ਵਾਸਤੇ ਭੋਜਨ ਦੇਂਦਾ ਹੈ, ਕਿਤਨਾ ਕੁ ਦੇਂਦੈ ਇਹ ਅੰਦਾਜ਼ਾ ਲਾਉਣਾ ਵਿਅਰਥ ਜਤਨ ਹੈ। ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ॥ ਹੇ ਜੀਵ! ਜੇ ਤੂੰ ਆਪਣੀ ਭਲਿਆਈ ਲੋੜਦੈਂ ਤਾਂ ਚੰਗਾ ਕੰਮ ਕਰ ਕੇ ਭੀ ਆਪਣੇ ਆਪ ਨੂੰ ਨੀਵਾਂ ਅਖਵਾ। ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ॥ ਜੇ ਕੋਈ ਜੀ ਬੁਢੇਪੇ ਨੂੰ ਪਰੇ ਹਟਾਉਣਾ ਚਾਹੇ ਭਾਵ, ਬੁਢੇਪੇ ਤੋਂ ਬਚਣਾ ਚਾਹੇ, ਤਾਂ ਇਹ ਜਤਨ ਫ਼ਜ਼ੂਲ ਹੈ ਬੁਢੇਪਾ ਵੇਸ ਧਾਰ ਕੇ ਆ ਹੀ ਜਾਂਦਾ ਹੈ। ਕੋ ਰਹੈ ਨ ਭਰੀਐ ਪਾਈਐ॥੫॥ ਜਦੋਂ ਸੁਆਸ ਪੂਰੇ ਹੋ ਜਾਂਦੇ ਹਨ, ਤਾਂ ਕੋਈ ਜੀਵ ਇੱਥੇ ਰਹਿ ਨਹੀਂ ਸਕਦਾ॥੫॥

ਭਾਵਾਰਥ-ਹੇ ਜਗਿਆਸੂ! ਨਿਰੰਕਾਰ-ਪ੍ਰਭੂ ਅਤੇ ਉਸ ਦਾ ਸਦਾ-ਥਿਰ ਨਾਮ ਹੀ ਤੇਰਾ ਅਸਲ ਸਹਾਰਾ ਹੈ। ਨਿਰੰਕਾਰ ਦੇ ਨਾਮ (ਨਿਯਮ) ਨੂੰ ਜੀਵਨ 'ਚ ਧਾਰਨ ਨਾਲ ਜੀਵਨ ਦੇ ਦੁਖਦਾਈ ਪਲਾਂ (ਨਰਕ) ਤੋਂ ਬਚ ਜਾਈਦਾ ਹੈ। ਤੇਰਾ ਮਨ, ਸਰੀਰ, ਸਭ ਕੁਝ, ਉਸ ਦਾ ਦਿਤਾ ਹੈ। ਉਹ ਆਪਣੀ ਰਜ਼ਾ ਅਨੁਸਾਰ ਸਭ ਨੂੰ ਖਾਣ ਲਈ ਦੇਂਦਾ ਹੈ। ਉਸ ਕੋਲੋਂ ਆਖ ਕੇ ਕੁਝ ਮੰਗਣਾ ਵਿਅਰਥ ਹੁੰਦਾ ਹੈ। ਜੇ ਤੂੰ ਆਪਣਾ ਭਲਾ ਚਾਹੁੰਦੈਂ ਤਾਂ ਯਾਦ ਰੱਖ ਕਿ ਚੰਗੇ ਕਰਮ ਕਰਕੇ ਵੀ ਸਦਾ ਨਿਮਰਤਾ ਵਿੱਚ ਵਿਚਰਨਾ ਹੋਵੇਗਾ। ਜੇ ਕੋਈ ਤਾਕਤਵਰ ਮਨੁਖ ਕਿਸੇ ਹੀਲੇ-ਵਸੀਲੇ ਨਾਲ ਬੁਢੇਪੇ ਤੋਂ ਬਚਣਾ ਚਾਹੇ, ਤਾਂ ਵੀ ਇਸ ਨੇ ਕੋਈ ਨ ਕੋਈ ਵੇਸ ਧਾਰ ਕੇ ਆ ਹੀ ਜਾਣੈ ਇਸ ਤੋਂ ਬਚਿਆ ਨਹੀਂ ਜਾ ਸਕਦਾ। ਜਦੋਂ ਮਿਲੀ ਹੋਈ ਜੀਵਨ-ਮੁਨਿਆਦ ਪੂਰੀ ਹੋ ਜਾਵੇ ਤਾਂ ਕੋਈ ਇਸ ਸੰਸਾਰ 'ਚ ਜਿੰਦਾ ਰਹਿ ਨਹੀਂ ਸਕਦਾ।

ਕਾਵਿਕ ਅਨੁਵਾਦ-ਇਸ ਪਉੜੀ ਦੀ ਪਹਿਲੀ ਤੁਕ ਵਿੱਚ 'ਨ' ਅੱਖਰ ਦੀ ਵਾਰ-ਵਾਰ ਦੁਹਰਾਈ ਹੋਣ ਕਾਰਨ ਇਥੇ ਅਨੁਪ੍ਰਾਸ ਅਲੰਕਾਰ ਆਇਆ ਹੈ। ਇਸੇ ਤਰ੍ਹਾਂ ਜਾਈਐ, ਗਵਾਈਐ, ਆਈਐ, ਭਰੀਐ, ਪਾਈਐ ਆਦਿ ਦੀ ਵਰਤੋਂ ਵੀ ਅਨੁਪ੍ਰਾਸ ਅਲੰਕਾਰ ਹੈ। ਪਉੜੀ ਦੀਆਂ ਪਹਿਲੀਆਂ ਚਾਰੇ ਤੁਕਾਂ ਇਕਹਿਰਾ ਅਰਥ ਪ੍ਰਗਟ ਕਰ ਰਹੀਆਂ ਹਨ। ਇਥੇ ਸਹਿਜ ਭਾਸ਼ਾਈ ਪ੍ਰਗਟਾਵੇ ਰਾਹੀਂ ਸਪਸ਼ਟ ਕੀਤਾ ਗਿਐ ਕਿ ਪ੍ਰਭੂ ਦਾ ਨਾਮ ਲੈਣ ਨਾਲ ਨਰਕ ਭਾਵ ਦੁਖਦਾਈ ਪਲਾਂ 'ਚ ਨਹੀਂ ਜਾਈਦਾ। ਜੀਵ, ਪਿੰਡ, ਭੋਜਨ ਆਦਿ ਸਭ ਪ੍ਰਭੂ ਵੱਲੋਂ ਦਿਤੇ ਗਏ ਹਨ। ਜੇ ਆਪਣਾ ਭਲਾ ਚਾਹੁੰਦੇ ਹੋ ਤਾਂ ਪੁੰਨ (ਭਲੇ ਕਰਮ) ਕਰੋ ਅਤੇ ਨਿਮਰਤਾ 'ਚ ਰਹੋ। ਜੇ ਬੁਢੇਪੇ ਤੋਂ ਬਚਣ ਲਈ ਜੋਰ ਵੀ ਲਗਾਈਏ ਤਾਂ ਵੀ ਉਹ ਰੂਪ ਬਦਲ ਕੇ ਆ ਹੀ ਜਾਂਦਾ ਹੈ। ਤੀਜੀ ਤੁਕ 'ਚ ਨੀਚੁ ਸਦਾਈਐ ਸੰਕੇਤਾਤਮਕ ਕਥਨ ਹੈ। ਇਥੇ ਨੀਵਾਂ ਅਖਵਾਉਣ ਦਾ ਅਰਥ ਨਿਮਰਤਾ ਧਾਰਣ ਕਰਕੇ ਰਹਿਣਾ ਹੈ। ਇਸੇ ਤਰ੍ਹਾਂ, ਅੰਤਲੀ ਪੰਗਤੀ ਵਿਚ ਭਰੀਐ ਪਾਈਐ ਅਤੇ 'ਕੋ ਰਹੈ ਨ' ਵੀ ਸੰਕੇਤਾਤਮਕ ਕਥਨ ਹਨ। 'ਭਰੀਐ ਪਾਈਐ' ਵਿੱਚ 'ਪਾਈ' ਅਰਥਾਤ ਪਾਣੀ ਵਾਲੀ ਘੜੀ ਦੀ ਪਿਆਲੀ 'ਚ ਪਾਣੀ ਭਰ ਜਾਣ ਦਾ ਅਰਥ ਹੈ-ਸੁਆਸ ਪੂਰੇ ਹੋ ਜਾਣਾ। 'ਕੋ ਰਹੈ ਨ' ਵਿੱਚ 'ਰਹੈ ਨ' ਦਾ ਭਾਵ ਮਰ ਜਾਣਾ ਜਾਂ ਜੀਵਿਤ ਨਾ ਰਹਿਣਾ ਹੈ। ਸਿੱਧੇ ਅਰਥਾਂ ਦੀ ਥਾਂ ਨਿਵੇਕਲੇ ਸੰਕੇਤਾਤਮਕ ਅਰਥਾਂ ਦੀ ਵਰਤੋਂ ਹੋਣ ਕਰਕੇ ਇਥੇ ਅਰਥ ਪੱਧਰੀ ਵਿਚਲਨ ਆਇਆ ਹੈ।

ਜਿੱਥੇ ਇਹ ਜਰਵਾਣਾ ਲਫਜ਼ ਬਲਸ਼ਾਲੀ ਜਾਂ ਜ਼ਾਲਮ ਵਿਅਕਤੀ ਲਈ ਆਇਐ ਜਿਵੇਂ ਕਿ-ਓੜਕੁ ਆਇਆ ਤਿਨ ਸਾਹਿਆ ਵਣਜਾਰਿਆ ਮਿਤ੍ਰਾ ਜਰੁ ਜਰਵਾਣਾ ਕੰਨਿ॥(ਮ:੪-੭੬) ਜਰਵਾਣੇ ਮਾੜਿਆਂ 'ਤੇ ਹਮੇਸ਼ਾਂ ਜ਼ੁਲਮ ਕਰਦੇ ਆਏ ਨੇ ਭਾਰਤ ਨੂੰ ਵੀ ਮੁਗਲ ਜਰਵਾਣਿਆਂ ਤੋਂ ਸਿੰਘਾਂ ਨੇ ਬਚਾਇਆ ਅਤੇ ਭਾਰਤ ਦੀ ਅਜ਼ਾਦੀ ਵੇਲੇ ਵੀ ਬਾਕੀ ਕੌਮੀ ਪ੍ਰਵਾਨਿਆਂ ਤੋਂ ਵੱਧ ਕੁਰਬਾਨੀਆਂ ਸਿੱਖਾਂ ਦੀਆਂ ਸਨ।

ਨੋਟ-ਇਤਿਹਾਸ ਦਸਦੈ ਕਿ ਮਹਾਰਾਜਾ ਰਣਜੀਤ ਸਿੰਘ ਬੁਢੇਪੇ 'ਚ ਜਦ ਵਾਲ ਰੰਗਦਾ ਸੀ ਤਾਂ ਇਕ ਦਿਨ ਅਕਾਲੀ ਫੂਲਾ ਸਿੰਘ ਜੀ ਨੇ ਉਸ ਨੂੰ ਕਿਹਾ ਸੀ ਕਿ-ਤੈਨੂੰ ਅਕਲ ਨਹੀਂ ਆਉਂਦੀ ਢੱਗੇ ਨੂੰ॥ ਕਿਉਂ ਕਾਲਾ ਕਰਦੈਂ ਬੱਗੇ ਨੂੰ॥ ਆਖਰ ਨੂੰ ਜੇ ਮਰਨੈ॥ ਤਾਂ ਮੂੰਹ ਕਾਲਾ ਕਿਉਂ ਕਰਨੈ॥ ਇਸ ਸਾਰੇ ਦਾ ਭਾਵ ਹੈ ਕਿ ਆਰਟੀਫੀਸ਼ਲ ਰੰਗਾਂ, ਸਰਜਰੀਆਂ ਜਾਂ ਕੋਈ ਹੋਰ ਔਖਦੀਆਂ ਨਾਲ ਬੁਢਾਪਾ ਜਾਂ ਮੌਤ ਟਾਲੀ ਨਹੀਂ ਜਾ ਸਕਦੀ ਅਤੇ ਜਰਵਾਣਿਆਂ ਦੇ ਮੂੰਹ ਵੀ ਸਿਰੜ, ਸਿਦਕ, ਬਹਾਦਰੀ, ਤਾਕਤ ਤੇ ਕੁਰਬਾਨੀ ਨਾਲ ਹੀ ਭੰਨ੍ਹੇ ਜਾ ਸਕਦੇ ਹਨ।

# ਪੰਜਾਬ ਵਿੱਚ ਚੋਣਾਂ 14 ਫਰਵਰੀ ਨੂੰ ਤੇ ਨਤੀਜੇ 10 ਮਾਰਚ ਨੂੰ

ਨਵੀਂ ਦਿੱਲੀ -ਕੋਰੋਨਾ ਦੇ ਖ਼ਤਰੇ ਦਰਮਿਆਨ 5 ਰਾਜਾਂ 'ਚ ਵਿਧਾਨ ਸਭਾ ਚੋਣਾਂ ਕਰਵਾਉਣ ਲਈ ਚੋਣ ਕਮਿਸ਼ਨ ਨੇ ਪਹਿਲੀ ਵਾਰ ਵੱਡਾ ਅਤੇ ਸਖ਼ਤ ਫ਼ੈਸਲਾ ਲੈਂਦਿਆਂ ਰੋਡ ਸ਼ੋਅ, ਨੁੱਕੜ ਨਾਟਕਾਂ 'ਤੇ ਪਾਬੰਦੀ ਲਾ ਦਿੱਤੀ ਹੈ। ਹਾਲਾਂਕਿ ਫਿਲਹਾਲ ਇਹ ਪਾਬੰਦੀ 15 ਜਨਵਰੀ ਤੱਕ ਲਾਈ ਗਈ ਹੈ, ਜਿਸ ਤੋਂ ਬਾਅਦ ਹਾਲਾਤ ਨੂੰ ਵੇਖਦਿਆਂ ਫ਼ੈਸਲਾ ਲਿਆ ਜਾਵੇਗਾ। ਮੁੱਖ ਚੋਣ ਕਮਿਸ਼ਨਰ ਸੁਸ਼ੀਲ ਚੰਦਰਾ ਨੇ ਇਹ ਐਲਾਨ ਦਿੱਲੀ ਦੇ ਵਿਗਿਆਨਕ ਭਵਨ 'ਚ ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ, ਗੋਆ ਅਤੇ ਮਣੀਪੁਰ ਲਈ ਵਿਧਾਨ ਸਭਾ ਚੋਣਾਂ ਦਾ ਐਲਾਨ ਕਰਦਿਆਂ ਕੀਤਾ। ਮੁੱਖ ਚੋਣ ਕਮਿਸ਼ਨਰ ਮੁਤਾਬਿਕ ਪੰਜਾਬ, ਗੋਆ ਅਤੇ ਉੱਤਰਾਖੰਡ ਵਿਧਾਨ ਸਭਾ ਚੋਣਾਂ ਲਈ ਇਕੋ ਹੀ ਪੜਾਅ 'ਚ 14 ਫਰਵਰੀ ਨੂੰ ਵੋਟਾਂ ਪੈਣਗੀਆਂ। ਜਦਕਿ ਮਣੀਪੁਰ 'ਚ ਦੋ ਪੜਾਵਾਂ 27 ਫਰਵਰੀ ਅਤੇ 3 ਮਾਰਚ ਨੂੰ ਮਤਦਾਨ ਹੋਵੇਗਾ।

ਸਿਆਸੀ ਪੱਖੋਂ ਸਭ ਤੋਂ ਅਹਿਮ ਸੂਬੇ ਉੱਤਰ ਪ੍ਰਦੇਸ਼ 'ਚ 7 ਪੜਾਵਾਂ 'ਚ ਵੋਟਿੰਗ ਕਰਵਾਈ ਜਾਵੇਗੀ। ਉੱਤਰ ਪ੍ਰਦੇਸ਼ 'ਚ ਪਹਿਲਾ ਪੜਾਅ 10 ਫਰਵਰੀ ਨੂੰ ਸ਼ੁਰੂ ਹੋਵੇਗਾ ਜਦਕਿ ਉਸ ਤੋਂ ਬਾਅਦ 14 ਫਰਵਰੀ, 20 ਫਰਵਰੀ, 23 ਫਰਵਰੀ, 27 ਫਰਵਰੀ, 3 ਮਾਰਚ ਅਤੇ 7 ਮਾਰਚ ਨੂੰ ਵੋਟਿੰਗ ਹੋਵੇਗੀ। ਪੰਜਾਂ ਰਾਜਾਂ 'ਚ ਵੋਟਾਂ ਦੀ ਗਿਣਤੀ 10 ਮਾਰਚ ਨੂੰ ਕੀਤੀ ਜਾਵੇਗੀ। ਵੋਟਿੰਗ ਦੇ ਐਲਾਨ ਦੇ ਨਾਲ ਹੀ ਪੰਜ ਸੂਬਿਆਂ 'ਚ ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ।

### ਵਰਚੂਅਲ ਰੈਲੀਆਂ ਹੋਣਗੀਆਂ

ਦੇਸ਼ ਦੇ ਪੰਜ ਰਾਜਾਂ ਦੀਆਂ 690 ਵਿਧਾਨ ਸਭਾ ਸੀਟਾਂ 'ਤੇ ਕਰਵਾਈਆਂ ਜਾ ਰਹੀਆਂ ਚੋਣਾਂ ਨੂੰ ਕੋਰੋਨਾ ਪੱਖੋਂ ਸੁਰੱਖਿਅਤ ਕਰਨ ਲਈ ਚੋਣ ਕਮਿਸ਼ਨ ਨੇ ਚੋਣ ਇਤਿਹਾਸ 'ਚ ਪਹਿਲੀ ਵਾਰ ਫਿਜ਼ੀਕਲ ਭਾਵ ਆਹਮੋ-ਸਾਹਮਣੇ ਕੀਤੀ ਜਾਣ ਵਾਲੀ ਸਿਆਸੀ ਰੈਲੀ 'ਤੇ ਵਕਤੀ ਰੋਕ ਲਾਉਂਦਿਆਂ ਸਿਰਫ ਵਰਚੂਅਲ ਰੈਲੀਆਂ ਕਰਨ ਦਾ ਆਦੇਸ਼ ਦਿੱਤਾ ਹੈ। ਮੁੱਖ ਚੋਣ ਕਮਿਸ਼ਨਰ ਨੇ ਕੋਰੋਨਾ ਦੌਰਾਨ ਵੀ ਚੋਣਾਂ ਕਰਵਾਉਣ ਨੂੰ ਲੋਕਤੰਤਰਿਕ ਪ੍ਰਸ਼ਾਸਨ ਬਣਾਏ ਰੱਖਣ ਦੀ ਮਰਿਆਦਾ ਕਰਾਰ ਦਿੰਦਿਆਂ ਕਿਹਾ ਕਿ ਪਾਰਟੀਆਂ ਚੋਣ ਪ੍ਰਚਾਰ ਲਈ ਡਿਜੀਟਲ ਰੈਲੀਆਂ ਕਰ ਸਕਦੀਆਂ ਹਨ। ਇਸ ਦੇ ਨਾਲ ਹੀ ਪਾਬੰਦੀਆਂ ਅਤੇ ਛੋਟਾਂ ਦਾ ਖੁਲਾਸਾ ਕਰਦਿਆਂ ਕਿਹਾ ਕਿ ਪਾਰਟੀਆਂ ਕੋਈ ਵੀ ਰੋਡ ਸ਼ੋਅ, ਸਾਈਕਲ ਰੈਲੀ, ਮੋਟਰਸਾਈਕਲ ਰੈਲੀ ਜਾਂ ਪਦ ਯਾਦਰਾ ਨਹੀਂ ਕਰ ਸਕਣਗੀਆਂ। ਇਸ ਤੋਂ ਇਲਾਵਾ ਨਾ ਤਾਂ ਸੜਕਾਂ 'ਤੇ ਕੋਈ ਨੁੱਕੜ ਸਭਾ ਕੀਤੀ ਜਾਵੇਗੀ ਅਤੇ ਨਾ ਹੀ ਨਤੀਜਿਆਂ ਤੋਂ ਬਾਅਦ ਕੋਈ ਵੀ ਜੇਤੂ ਜਲੂਸ ਕੱਢਿਆ ਜਾ ਸਕਦਾ ਹੈ।

ਚੋਣ ਕਮਿਸ਼ਨ ਵਲੋਂ ਇਹ ਕਦਮ ਉਸ ਵੇਲੇ ਚੁੱਕਿਆ ਗਿਆ ਹੈ ਜਦੋਂ ਕਾਂਗਰਸ ਤੇ ਸਮਾਜਵਾਦੀ ਪਾਰਟੀ ਨੇ ਉੱਤਰ ਪ੍ਰਦੇਸ਼ 'ਚ ਚੋਣ ਰੈਲੀਆਂ ਰੱਦ ਕਰਨ ਦਾ ਐਲਾਨ ਕਰਦਿਆਂ ਚੋਣ ਕਮਿਸ਼ਨ ਨੂੰ ਵੀ ਚਿੱਠੀ ਲਿਖ ਕੇ ਇਹ ਮੰਗ ਕੀਤੀ ਸੀ ਕਿ ਵੱਡੀਆਂ ਰੈਲੀਆਂ 'ਤੇ ਪਾਬੰਦੀ ਲਾਈ ਜਾਵੇ।

### ਪ੍ਰਚਾਰ ਕਰਫ਼ਿਊ

ਸੁਸ਼ੀਲ ਚੰਦਰਾ ਨੇ ਘਰ-ਘਰ ਜਾ ਕੇ ਪ੍ਰਚਾਰ ਕਰਨ ਦੇ ਵੀ ਦਿਸ਼ਾ-ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਉਮੀਦਵਾਰ ਦੇ ਨਾਲ ਸਿਰਫ਼ 5 ਲੋਕ ਹੀ ਜਾ ਸਕਦੇ ਹਨ। ਚੋਣ ਕਮਿਸ਼ਨ ਨੇ ਚੋਣ ਪ੍ਰਚਾਰ ਦੀ ਸਮਾਂ ਹੱਦ ਵੀ ਸੀਮਤ ਕਰਦਿਆਂ ਅਤੇ ਉਸ ਨੂੰ ਪ੍ਰਚਾਰ ਕਰਫ਼ਿਊ ਕਰਾਰ ਦਿੰਦਿਆਂ ਕਿਹਾ ਕਿ ਰਾਤ 8 ਵਜੇ ਤੋਂ ਲੈ ਕੇ ਸਵੇਰੇ 8 ਵਜੇ ਤੱਕ ਕੋਈ ਪ੍ਰਚਾਰ ਨਹੀਂ ਕੀਤਾ ਜਾਵੇਗਾ।

### ਕੋਵਿਡ ਪ੍ਰੋਟੋਕਾਲ

ਕਮਿਸ਼ਨ ਵਲੋਂ ਹਰ ਪੋਲਿੰਗ ਸਟੇਸ਼ਨ 'ਤੇ ਸੈਨੇਟਾਈਜ਼ਰ, ਮਾਸਕ ਅਤੇ ਹੋਰ ਸਕੈਨਿੰਗ ਸੁਵਿਧਾਵਾਂ ਯਕੀਨੀ ਬਣਾਉਣ ਨੂੰ ਕਿਹਾ ਗਿਆ ਹੈ। ਹਰ ਪੋਲਿੰਗ ਬੂਥ 'ਤੇ ਵੋਟਰਾਂ ਦੀ ਗਿਣਤੀ 1500 ਤੋਂ ਘਟਾ ਕੇ 1250 ਕੀਤੀ ਗਈ ਹੈ, ਜਿਸ ਨੂੰ ਦੇਖਦਿਆਂ ਪੋਲਿੰਗ ਸਟੇਸ਼ਨਾਂ ਦੀ ਗਿਣਤੀ 'ਚ ਵੀ 16 ਫ਼ੀਸਦੀ ਵਾਧਾ ਕੀਤਾ ਗਿਆ ਹੈ। ਪੰਜਾਂ ਰਾਜਾਂ 'ਚ 2 ਲੱਖ, 15 ਹਜ਼ਾਰ ਤੋਂ ਵੱਧ ਪੋਲਿੰਗ ਬੂਥ ਬਣਾਏ ਜਾਣਗੇ। ਇਸ ਤੋਂ ਇਲਾਵਾ ਹਰ ਵਿਧਾਨ ਸਭਾ ਹਲਕੇ 'ਚ ਘੱਟੋ-ਘੱਟ ਇਕ ਬੂਥ ਸਿਰਫ ਔਰਤਾਂ ਵਲੋਂ ਲਗਾਇਆ ਜਾਵੇਗਾ ਅਤੇ ਕੁਝ ਪੋਲਿੰਗ ਸਟੇਸ਼ਨ ਸਿਰਫ ਦਿਵਿਯਾਗਾਂ ਵਲੋਂ ਚਲਾਏ ਜਾਣਗੇ। ਕਮਿਸ਼ਨ ਇਹ ਵੀ ਯਕੀਨੀ ਬਣਾਏਗਾ ਕਿ ਸਾਰੇ ਚੋਣ ਮੁਲਾਜ਼ਮਾਂ ਨੂੰ ਕੋਰੋਨਾ ਟੀਕਾ ਦੀਆਂ ਦੋਵੇਂ ਖੁਰਾਕਾਂ ਲੱਗੀਆਂ ਹੋਣ। ਸੁਸ਼ੀਲ ਚੰਦਰਾ ਨੇ ਪ੍ਰੈੱਸ ਕਾਨਫ਼ਰੰਸ 'ਚ ਮੁੜ ਦੁਹਰਾਉਂਦਿਆਂ ਕਿਹਾ ਕਿ ਕਮਿਸ਼ਨ ਨੇ ਜ਼ਮੀਨੀ ਹਾਲਾਤ ਦਾ ਜਾਇਜ਼ਾ ਲੈ ਕੇ ਅਤੇ ਰਾਜਾਂ ਦੇ ਸੰਬੰਧਿਤ ਅਧਿਕਾਰੀਆਂ ਨਾਲ ਗੱਲਬਾਤ ਕਰਨ ਤੋਂ ਬਾਅਦ ਹੀ ਇਹ ਫ਼ੈਸਲਾ ਲਿਆ ਹੈ।

### ਪੰਜਾਬ 'ਚ 14 ਫਰਵਰੀ ਨੂੰ ਹੋਣਗੀਆਂ ਚੋਣਾਂ

ਪੰਜਾਬ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ ਲਈ 14 ਫਰਵਰੀ ਨੂੰ ਵੋਟਿੰਗ ਹੋਵੇਗੀ ਅਤੇ ਵੋਟਾਂ ਦੀ ਗਿਣਤੀ 10 ਮਾਰਚ ਨੂੰ ਕੀਤੀ ਜਾਵੇਗੀ। ਪੰਜਾਬ ਤੋਂ ਇਲਾਵਾ ਗੋਆ ਦੀਆਂ 40 ਵਿਧਾਨ ਸਭਾ ਸੀਟਾਂ ਅਤੇ ਉੱਤਰਾਖੰਡ ਦੀਆਂ 60 ਵਿਧਾਨ ਸਭਾ ਸੀਟਾਂ ਲਈ ਵੋਟਿੰਗ ਵੀ 14 ਫਰਵਰੀ ਨੂੰ ਹੀ ਹੋਵੇਗੀ। ਜਦਕਿ ਮਣੀਪੁਰ ਲਈ 27 ਫਰਵਰੀ ਅਤੇ 3 ਮਾਰਚ ਨੂੰ ਪੋਲਿੰਗ ਕੀਤੀ ਜਾਵੇਗੀ ਜਦਕਿ ਉੱਤਰ ਪ੍ਰਦੇਸ਼ ਦੀਆਂ 58 ਸੀਟਾਂ ਲਈ 10 ਫਰਵਰੀ, 55 ਸੀਟਾਂ ਲਈ 14 ਫਰਵਰੀ, 59 ਸੀਟਾਂ ਲਈ 20 ਫਰਵਰੀ, 60 ਸੀਟਾਂ ਲਈ 23 ਫਰਵਰੀ, 60 ਸੀਟਾਂ ਲਈ 27 ਫਰਵਰੀ, 57 ਸੀਟਾਂ ਲਈ 3 ਮਾਰਚ ਅਚੇ 54 ਸੀਟਾਂ ਲਈ 7 ਮਾਰਚ ਨੂੰ ਪੋਲਿੰਗ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਸਿਹਤ ਮਾਹਰਾਂ ਵਲੋਂ ਦਿੱਤੀ ਗਈ ਚਿਤਾਵਨੀ ਮੁਤਾਬਿਕ ਕੋਰੋਨਾ ਦੀ ਤੀਜੀ ਲਹਿਰ ਦਾ ਸਿਖ਼ਰ 1 ਫਰਵਰੀ ਤੋਂ 15 ਫਰਵਰੀ ਦਰਮਿਆਨ ਹੋਣ ਦਾ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ। ਮੁੱਖ ਚੋਣ ਕਮਿਸ਼ਨਰ ਨੇ ਇਸ ਸੰਬੰਧ 'ਚ ਪੁੱਛੇ ਸਵਾਲ 'ਤੇ ਇਹ ਹੀ ਕਿਹਾ ਕਿ ਬਾਜ਼ਾਰ, ਮਾਲ ਸਭ ਖੁੱਲ੍ਹੇ ਹੋਏ ਹਨ। ਸਿਰਫ ਸਾਨੂੰ (ਨਾਗਰਿਕਾਂ ਨੂੰ ) ਕੋਵਿਡ ਪ੍ਰੋਟੋਕਾਲ ਦੀ ਪਾਲਣਾ ਕਰਨ ਦੀ ਲੋੜ ਹੈ।

### ਪੰਜਾਬ ਲਈ ਢੁਕਵੀਂ ਸੁਰੱਖਿਆ ਵਿਵਸਥਾ

ਪੰਜਾਬ 'ਚ 5 ਜਨਵਰੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦੌਰੇ ਦੌਰਾਨ ਹੋਈ ਸੁਰੱਖਿਆ ਕੁਤਾਹੀ ਦੇ ਹਵਾਲੇ ਨਾਲ ਪੁੱਛੇ ਸਵਾਲ ਦੇ ਜਵਾਬ 'ਚ ਸੁਸ਼ੀਲ ਚੰਦਰਾ ਨੇ ਕਿਹਾ ਕਿ ਕਮਿਸ਼ਨ ਨੇ ਜ਼ਮੀਨੀ ਹਾਲਾਤ ਦਾ ਜਾਇਜ਼ਾ ਲਿਆ ਹੈ ਅਤੇ ਸੂਬੇ 'ਚ ਲੋੜ ਮੁਤਾਬਿਕ ਸੁਰੱਖਿਆ ਦੀ ਤਾਇਨਾਤੀ ਕੀਤੀ ਜਾਵੇਗੀ।

### ਕੋਰੋਨਾ ਪ੍ਰੋਟੋਕਾਲਾਂ ਦੀ ਨਿਗਰਾਨੀ ਡੀ।ਐੱਮ। ਪੱਧਰ 'ਤੇ ਕੀਤੀ ਜਾਵੇਗੀ

ਚੋਣ ਕਮਿਸ਼ਨ ਵਲੋਂ 15 ਜਨਵਰੀ ਤੱਕ ਰੈਲੀਆਂ 'ਤੇ ਰੋਕ ਲਾਉਣ ਦੇ ਆਦੇਸ਼ ਦੀ ਪਾਲਣਾ ਪ੍ਰਤੀ ਉਮੀਦਵਾਰਾਂ ਦੀ ਨਿਗਰਾਨੀ ਦਾ ਕੰਮ ਡੀ।ਐੱਮ। ਅਤੇ ਮੁੱਖ ਸਕੱਤਰ ਪੱਧਰ 'ਤੇ ਕੀਤਾ ਜਾਵੇਗਾ। ਸੁਸ਼ੀਲ ਚੰਦਰਾ ਨੇ ਕਿਹਾ ਕਿ ਜੇਕਰ ਉਨ੍ਹਾਂ ਨੂੰ ਕੋਈ ਉਮੀਦਵਾਰ ਚੋਣ ਰੈਲੀ ਕਰਦਾ ਨਜ਼ਰ ਆਇਆ ਤਾਂ ਕਮਿਸ਼ਨ ਉਸ ਰੈਲੀ ਨੂੰ ਰੱਦ ਕਰੇਗਾ। ਹਾਲਾਂਕਿ ਉਸ ਉਮੀਦਵਾਰ 'ਤੇ ਕੀ ਜੁਰਮਾਨਾ ਲਾਇਆ ਜਾਂ ਕਾਰਵਾਈ ਕੀਤੀ ਜਾਵੇਗੀ, ਇਸ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਖ਼ਿਲਾਫ਼ ਮਹਾਂਮਾਰੀ ਕਾਨੂੰਨ, ਐੱਨ।ਡੀ।ਐੱਮ।ਸੀ ਅਤੇ ਆਈ ਪੀ ਸੀ ਦੀਆਂ ਧਾਰਾਵਾਂ ਤਹਿਤ ਕਾਰਵਾਈ ਕੀਤੀ ਜਾਵੇਗੀ।

### ਡੋਰ ਸਟੈਪ ਵੋਟਿੰਗ

ਚੋਣ ਕਮਿਸ਼ਨ ਨੇ ਬਜ਼ੁਰਗਾਂ, ਦਿਵਿਯਾਂਗ ਅਤੇ ਕੋਰੋਨਾ ਪ੍ਰਭਾਵਿਤ ਲੋਕਾਂ ਲਈ ਵਿਸ਼ੇਸ਼ ਸੁਵਿਧਾ ਦਾ ਐਲਾਨ ਕਰਦਿਆਂ ਕਿਹਾ ਕਿ ਜੋ ਵਿਅਕਤੀ ਪੋਲਿੰਗ ਸਟੇਸ਼ਨ ਤੱਕ ਨਹੀਂ ਆ ਸਕਦਾ, ਕਮਿਸ਼ਨ ਉਨ੍ਹਾਂ ਤੱਕ ਆਪ ਘਰ ਪਹੁੰਚ ਕਰੇਗਾ।

### ਦਾਗੀ ਉਮੀਦਵਾਰਾਂ ਪ੍ਰਤੀ ਸਖ਼ਤ ਕਮਿਸ਼ਨ

ਦਾਗੀ ਉਮੀਦਵਾਰਾਂ ਪ੍ਰਤੀ ਸਖ਼ਤ ਹੁੰਦਿਆਂ ਚੋਣ ਕਮਿਸ਼ਨ ਨੇ ਕਿਹਾ ਕਿ ਦਾਗੀ ਉਮੀਦਵਾਰਾਂ ਜਿਨ੍ਹਾਂ 'ਤੇ ਕੋਈ ਵੀ ਅਪਰਾਧਕ ਕੇਸ ਦਰਜ ਹੈ, ਨੂੰ ਅਖ਼ਬਾਰਾਂ ਅਤੇ ਹੋਰ ਮਾਧਿਅਮਾਂ ਰਾਹੀਂ ਆਪਣੇ ਅਪਰਾਧਕ ਰਿਕਾਰਡਾਂ ਦੀ ਜਾਣਕਾਰੀ ਦੇਣੀ ਹੋਵੇਗੀ। ਇਸ ਤੋਂ ਇਲਾਵਾ ਵੋਟਰ ਕਮਿਸ਼ਨ ਵਲੋਂ ਸ਼ੁਰੂ ਕੀਤੇ 'ਕੇ ਵਾਈ ਸੀ-ਨੋ ਯੂਅਰ ਕੈਂਡੀਡੇਟ' ਭਾਵ ਆਪਣੇ ਉਮੀਦਵਾਰ ਨੂੰ ਜਾਣੋ ਐਪ ਰਾਹੀਂ ਵੀ ਇਸ ਦੀ ਜਾਣਕਾਰੀ ਲੈ ਸਕਦੇ ਹਨ। ਵੱਖ-ਵੱਖ ਸਿਆਸੀ ਪਾਰਟੀਆਂ ਨੂੰ ਵੀ ਆਪਣੀਆਂ ਵੈੱਬਸਾਈਟਾਂ 'ਤੇ ਇਹ ਰਿਕਾਰਡ ਅਪਲੋਡ ਕਰਨੇ ਹੋਣਗੇ। ਉਮੀਦਵਾਰਾਂ ਨੂੰ ਆਨਲਾਈਨ ਨਾਮਜ਼ਦਗੀ ਦੀ ਸੁਵਿਧਾ ਵੀ ਪ੍ਰਦਾਨ ਕੀਤੀ ਗਈ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਮੌਕੇ ਦਰਬਾਰ ਸਾਹਿਬ ’ਚ ਜਲੌਅ ਸਜਾਏ

**ਅੰਮ੍ਰਿਤਸਰ–** ਦਸਵੀਂ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਅੱਜ ਇਥੇ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸ਼੍ਰੋਮਣੀ ਕਮੇਟੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸੁੰਦਰ ਜਲੌਅ ਸਜਾਏ ਗਏ ਅਤੇ ਦੀਪਮਾਲਾ ਵੀ ਕੀਤੀ ਗਈ। ਕੈਲੰਡਰ ਵਿਵਾਦ ਕਾਰਨ ਇਸ ਵਰ੍ਹੇ ਇਹ ਪ੍ਰਕਾਸ਼ ਪੁਰਬ ਦੋ ਵਾਰ ਮਨਾਇਆ ਜਾਵੇਗਾ।



ਗੁਰਪੁਰਬ ਮੌਕੇ ਵੱਡੀ ਗਿਣਤੀ ਵਿੱਚ ਸੰਗਤ ਨੇ ਦਰਬਾਰ ਸਾਹਿਬ ਮੱਥਾ ਟੇਕਿਆ ਅਤੇ ਕੀਰਤਨ ਸਰਵਣ ਕੀਤਾ। ਪ੍ਰਕਾਸ਼ ਦਿਹਾੜੇ ਮੌਕੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਤੇ ਗੁਰਦੁਆਰਾ ਬਾਬਾ ਅਟੱਲ ਰਾਏ ਵਿਖੇ ਸੁੰਦਰ ਜਲੌਅ ਸਜਾਏ ਗਏ। ਗੁਰਪੁਰਬ ਦੇ ਮੱਦੇਨਜ਼ਰ ਸੰਗਤ ਸੁਵਖ਼ਤੇ ਹੀ ਦਰਬਾਰ ਸਾਹਿਬ ਪੁੱਜਣੀ ਸ਼ੁਰੂ ਹੋ ਗਈ ਸੀ ਅਤੇ ਸਾਰਾ ਦਿਨ ਸੰਗਤ ਦੀ ਆਮਦ ਨਿਰੰਤਰ ਬਣੀ ਰਹੀ। ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ। ਹਜ਼ੂਰੀ ਰਾਗੀ ਭਾਈ ਗੁਰਪ੍ਰੀਤ ਸਿੰਘ ਦੇ ਜਥੇ ਨੇ ਕੀਰਤਨ ਕੀਤਾ। ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ ਅਤੇ ਹੁਕਮਨਾਮਾ ਕਥਾਵਾਚਕ ਭਾਈ ਹਰਮਿੱਤਰ ਸਿੰਘ ਨੇ ਲਿਆ। ਇਥੇ ਸਾਰਾ ਦਿਨ ਹੀ ਸਜੇ ਧਾਰਮਿਕ ਦੀਵਾਨ ਵਿੱਚ ਰਾਗੀ, ਢਾਡੀ, ਕਵੀਸ਼ਰ, ਪ੍ਰਚਾਰਕਾਂ ਤੇ ਪੰਥਕ ਕਵੀਆਂ ਨੇ ਗੁਰਬਾਣੀ ਅਤੇ ਗੁਰ ਇਤਿਹਾਸ ਸਰਵਣ ਕਰਾਇਆ। ਸ਼ਾਮ ਵੇਲੇ ਦੀਪਮਾਲਾ ਕੀਤੀ ਗਈ ਅਤੇ ਆਤਿਸ਼ਬਾਜੀ ਵੀ ਚਲਾਈ ਗਈ। ਦੱਸਣਯੋਗ ਹੈ ਕਿ ਕੈਲੰਡਰ ਵਿਵਾਦ ਕਾਰਨ ਇਸ ਵਾਰ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਸਾਲ ਵਿੱਚ ਦੋ ਵਾਰ ਮਨਾਇਆ ਜਾਵੇਗਾ। ਇਕ ਵਾਰ ਅੱਜ 9 ਜਨਵਰੀ ਨੂੰ ਮਨਾਇਆ ਗਿਆ ਹੈ ਅਤੇ ਦੂਜੀ ਵਾਰ 29 ਦਸੰਬਰ ਨੂੰ ਮਨਾਇਆ ਜਾਵੇਗਾ। ਅਜਿਹਾ ਨਾਨਕਸ਼ਾਹੀ ਕੈਲੰਡਰ ਵਿੱਚ ਕੀਤੀ ਸੋਧ ਮਗਰੋਂ ਹੋ ਰਿਹਾ ਹੈ। ਗੁਰੂ ਗੋਬਿੰਦ ਸਿੰਘ ਦਾ ਅਵਤਾਰ ਪੁਰਬ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਪੂਰਨ ਸ਼ਰਧਾ ਨਾਲ ਮਨਾਇਆ ਗਿਆ। ਅਵਤਾਰ ਦਿਹਾੜੇ ਦੇ ਸਬੰਧ ਵਿੱਚ ਇਤਿਹਾਸਕ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਵਿੱਚ ਪ੍ਰਕਾਸ਼ ਕੀਤੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮਗਰੋਂ ਮੁੱਖ ਗ੍ਰੰਥੀ ਭਾਈ ਗੁਰਜੰਟ ਸਿੰਘ ਨੇ ਅਰਦਾਸ ਕੀਤੀ ਅਤੇ ਹਜ਼ੂਰੀ ਰਾਗੀ ਜਥਿਆਂ ਨੇ ਕੀਰਤਨ ਵਿਖਿਆਨ ਕੀਤਾ।

ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਦਮਦਮਾ ਸਾਹਿਬ ਦੇ ਗਿਆਨੀ ਹਰਪ੍ਰੀਤ ਸਿੰਘ ਦੀ ਗੈਰਹਾਜ਼ਰੀ ਵਿੱਚ ਮੁੱਖ ਗ੍ਰੰਥੀ ਭਾਈ ਗੁਰਜੰਟ ਸਿੰਘ ਨੇ ਗੁਰੂ ਗੋਬਿੰਦ ਸਿੰਘ ਦੇ ਜੀਵਨ ਬਾਰੇ ਚਾਨਣਾ ਪਾਇਆ ਅਤੇ ਸੰਗਤ ਨੂੰ ਨਸ਼ਿਆਂ ਤੇ ਪਤਿਤਪੁਣੇ ਦਾ ਤਿਆਗ ਕਰਕੇ ਸ਼ਬਦ ਗੁਰੂ ਦੇ ਲੜ ਲੱਗਣ ਦੀ ਅਪੀਲ ਕੀਤੀ। ਉਨ੍ਹਾਂ ਇਸ ਮੌਕੇ ਦੇਸ਼ ਵਿਦੇਸ਼ ਦੀ ਸਮੂਹ ਸੰਗਤ ਨੂੰ ਅਵਤਾਰ ਪੁਰਬ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਬਾਬਾ ਕਾਕਾ ਸਿੰਘ ਨੇ ਵੀ ਸੰਗਤ ਨੂੰ ਗੁਰਪੁਰਬ ਦੀ ਵਧਾਈ ਦਿੱਤੀ।

# ਵਰਲਡ ਸਿੱਖ ਪਾਰਲੀਮੈਂਟ ਵਲੋਂ ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਨੂੰ ਆਪਣੇ ਸਿਆਸੀ ਲਾਭ ਲੈਣ ਵਰਤਿਆ ਜਾਣਾ ਮੰਦਭਾਗਾ

**ਸੈਕਰਾਮੈਂਟੋ ( ਹੁਸਨ ਲੜੋਆ ਬੰਗਾ)–** ਪੰਜਾਬ ਅਤੇ ਬਾਹਰਲੇ ਸੂਬਿਆਂ ਵਿੱਚ ਆਪਣੀਆਂ ਸਜ਼ਾ ਪੂਰੀਆਂ ਕਰ ਚੁੱਕੇ ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਲਈ ਗੁਰਦੁਆਰਾ ਜੋਤੀ ਸਰੂਪ ਫਤਹਿਗੜ੍ਹ ਸਾਹਿਬ ਤੋਂ ਲੈ ਕੇ ਗਵਰਨਰ ਹਾਊਸ ਚੰਡੀਗੜ੍ਹ ਤੱਕ ਰੱਖੇ ਗਏ ਬੰਦੀ ਸਿੰਘ ਰਿਹਾਈ ਮਾਰਚ ਵਿੱਚ ਹੁੰਮ ਹੁੰਮਾ ਕੇ ਸ਼ਾਮਲ ਹੋਣ ਵਾਲੀਆਂ ਸਮੂਹ ਪੰਥਕ ਜਥੇਬੰਦੀਆਂ, ਧਾਰਮਿਕ ਸੰਸਥਾਵਾਂ, ਸਿੱਖ ਸਿਆਸੀ ਪਾਰਟੀਆਂ, ਨਿਹੰਗ ਸਿੰਘ ਜਥੇਬੰਦੀਆਂ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚੀਆਂ ਸੰਗਤਾਂ ਦਾ ਵਰਲਡ ਸਿੱਖ ਪਾਰਲੀਮੈਂਟ ਨੇ ਧੰਨਵਾਦ ਕਰਦਿਆਂ ਕਿਹਾ ਕਿ ਬੰਦੀ ਸਿੰਘ ਰਿਹਾਈ ਮਾਰਚ ਵਿੱਚ ਸਿੱਖਾਂ ਵੱਲੋਂ ਵੱਡੀ ਗਿਣਤੀ ਵਿਚ ਸ਼ਾਮਲ ਹੋ ਕੇ ਸਰਕਾਰ ਅਤੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਇਹ ਠੋਸ ਸੁਨੇਹਾ ਦਿੱਤਾ ਹੈ ਕਿ ਸਮੂਹ ਸਿੱਖਾਂ ਲਈ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖਾਂ ਦੀ ਰਿਹਾਈ ਦਾ ਮੁੱਦਾ ਬਹੁਤ ਹੀ ਅਹਿਮ ਹੈ ਅਤੇ ਸਮੂਹ ਸਿੱਖਾਂ ਦੀ ਭਾਵਨਾਵਾਂ ਇਸ ਮਸਲੇ ਨਾਲ ਜੁੜੀਆਂ ਹੋਈਆਂ ਹਨ । ਵਰਲਡ ਸਿੱਖ ਪਾਰਲੀਮੈਂਟ ਨੇ ਕਿਹਾ ਕਿ ਭਾਰਤ ਸਰਕਾਰ ਅਤੇ ਪੰਜਾਬ ਅਤੇ ਭਾਰਤ ਦੀਆਂ ਸਿਆਸੀ ਪਾਰਟੀਆਂ ਵੱਲੋਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖਾਂ ਦੀ ਰਿਹਾਈ ਦੇ ਮਸਲੇ ਨੂੰ ਆਪਣੇ ਸਿਆਸੀ ਲਾਭ ਲੈਣ ਵਰਤਿਆ ਜਾਣਾ ਬਹੁਤ ਹੀ ਮੰਦਭਾਗਾ ਹੈ ਅਤੇ ਸਿੱਖ ਬੰਦੀਆਂ ਨਾਲ ਲਗਾਤਾਰ ਕੀਤੀ ਜਾ ਰਹੀ ਬੇਇਨਸਾਫੀ ਨੂੰ ਸਿੱਖ ਕਦੇ ਵੀ ਅੱਖੋਂ ਪਰੋਖੇ ਨਹੀਂ ਕਰਨਗੇ । ਅੱਜ ਦੇ ਇਸ ਵਿਸ਼ਾਲ ਮਾਰਚ ਨੇ ਉਪਰੋਕਤ ਸੁਨੇਹਾ ਬਹੁਤ ਹੀ ਠੋਸ ਰੂਪ ਵਿੱਚ ਸਬੰਧਤ ਧਿਰਾਂ ਦੇ ਕੰਨਾਂ ਤੱਕ ਪਹੁੰਚਾ ਦਿੱਤਾ ਹੈ । ਵਰਲਡ ਸਿੱਖ ਪਾਰਲੀਮੈਂਟ ਸਮੂਹ ਸਿੱਖਾਂ ਨੂੰ ਵੀ ਅਪੀਲ ਕਰਦੀ ਹੈ ਕਿ ਉਹ ਜਦ ਤਕ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖਾਂ ਦੀ ਰਿਹਾਈ ਨਹੀਂ ਹੋ ਜਾਂਦੀ ਇਸੇ ਤਰ੍ਹਾਂ ਹੀ ਇਕਜੁੱਟਤਾ ਦਾ ਪ੍ਰਗਟਾਵਾ ਕਰਕੇ ਸਮੂਹ ਬੰਦੀ ਸਿੰਘਾਂ ਅਤੇ ਸਿੱਖ ਨੌਜਵਾਨਾਂ ਦੇ ਨਾਲ ਹੋ ਰਹੀਆਂ ਬੇਇਨਸਾਫੀਆਂ ਖਿਲਾਫ ਅਵਾਜ ਉਠਾਉਂਦੇ ਰਹਿਣ ।

# ਅਰਵਿੰਦ ਖੰਨਾ, ਕੰਵਰਵੀਰ ਟੌਹੜਾ ਤੇ ਗੁਰਦੀਪ ਗੋਸ਼ਾ ਭਾਜਪਾ ’ਚ ਸ਼ਾਮਲ

**ਨਵੀਂ ਦਿੱਲੀ–** ਭਾਜਪਾ ਵੱਲੋਂ ਸਿੱਖ ਚਿਹਰਿਆਂ ਨੂੰ ਪਾਰਟੀ ’ਚ ਸ਼ਾਮਲ ਕਰਨ ਦਾ ਰੁਝਾਨ ਬੇਰੋਕ ਜਾਰੀ ਹੈ। ਭਾਜਪਾ ਨੇ ਅੱਜ ਸੰਗਰੂਰ ਤੋਂ ਕਾਂਗਰਸ ਦੇ ਸਾਬਕਾ ਵਿਧਾਇਕ ਅਰਵਿੰਦ ਖੰਨਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲੰਮਾ ਸਮਾਂ ਪ੍ਰਧਾਨ ਰਹੇ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਦੋਹਤੇ ਕੰਵਰਵੀਰ ਸਿੰਘ ਟੌਹੜਾ ਅਤੇ ਲੁਧਿਆਣਾ ਤੋਂ ਯੂਥ ਅਕਾਲੀ ਆਗੂ ਗੁਰਦੀਪ ਗੋਸ਼ਾ ਨੂੰ ਪਾਰਟੀ ਵਿੱਚ ਸ਼ਾਮਲ ਕਰ ਲਿਆ। ਭਾਜਪਾ ਦੇ ਪੰਜਾਬ ਚੋਣ ਇੰਚਾਰਜ ਕੇਂਦਰੀ ਮੰਤਰੀ ਗਜੇਂਦਰ ਸ਼ੇਖਾਵਤ, ਪੰਜਾਬ ਇੰਚਾਰਜ ਦੁਸ਼ਯੰਤ ਗੌਤਮ, ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਅਤੇ ਕੇਂਦਰੀ ਮੰਤਰੀ ਹਰਦੀਪ ਪੁਰੀ ਨੇ ਉਨ੍ਹਾਂ ਦਾ ਪਾਰਟੀ ਵਿੱਚ ਸਵਾਗਤ ਕੀਤਾ। ਸ਼ੇਖਾਵਤ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਜਵੀਜ਼ਤ ਫ਼ਿਰੋਜ਼ਪੁਰ ਰੈਲੀ ਦਾ ਨਾ ਹੋਣਾ ਅਫਸੋਸਨਾਕ ਸੀ। ਉਨ੍ਹਾਂ ਕਿਹਾ ਕਿ 5 ਜਨਵਰੀ ਲਈ ਤਜਵੀਜ਼ਤ ਇਸ ਰੈਲੀ ਵਿੱਚ ਵੱਡੀ ਗਿਣਤੀ ਲੋਕਾਂ ਨੇ ਸ਼ਾਮਲ ਹੋਣਾ ਸੀ ਤੇ ਇਸ ਲਈ ਪੰਜਾਬ ਤੋਂ ਇਲਾਵਾ ਹੋਰ ਰਾਜਾਂ ਤੋਂ ਵੀ ਬੱਸਾਂ ਮੰਗਵਾਉਣੀਆਂ ਪਈਆਂ ਸਨ। ਉਨ੍ਹਾਂ ਕਿਹਾ ਕਿ ਖ਼ਰਾਬ ਮੌਸਮ ਦੇ ਬਾਵਜੂਦ




ਲੱਖਾਂ ਲੋਕ ਰੈਲੀ ਲਈ ਘਰੋਂ ਬਾਹਰ ਨਿਕਲੇ, ਪਰ ਰਾਜਸੀ ਕਾਰਕੁਨਾਂ, ਪੁਲੀਸ ਤੇ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਰੋਕਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਹੁਸੈਨੀਵਾਲਾ ਵਿਖੇ ਕੌਮੀ ਸ਼ਹੀਦੀ ਯਾਦਗਾਰ ’ਤੇ ਵੀ ਨਹੀਂ ਜਾਣ ਦਿੱਤਾ ਗਿਆ ਤੇ ਪੰਜਾਬ ਨੂੰ ਕਰੋੜਾਂ ਰੁਪਏ ਦੀਆਂ ਯੋਜਨਾਵਾਂ ਤੋਂ ਮਹਿਰੂਮ ਕਰ ਦਿੱਤਾ ਗਿਆ। ਕੇਂਦਰੀ ਪੈਟਰੋਲੀਅਮ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਭਾਜਪਾ ਪੰਜਾਬ ਨੂੰ ਲੈ ਕੇ ਫ਼ਿਕਰਮੰਦ ਹੈ। ਉਕਤ ਸਿੱਖ ਆਗੂਆਂ ਦੀ ਭਾਜਪਾ ’ਚ ਸ਼ਮੂਲੀਅਤ ਪਿੱਛੇ ਮਨਜਿੰਦਰ ਸਿੰਘ ਸਿਰਸਾ ਦੀ ਵੀ ਅਹਿਮ ਭੂਮਿਕਾ ਦੱਸੀ ਜਾ ਰਹੀ ਹੈ। ਭਾਜਪਾ ਵਿੱਚ ਸ਼ਾਮਲ ਹੋਏ ਅਰਵਿੰਦ ਖੰਨਾ ਕਾਂਗਰਸ ਦੀ ਟਿਕਟ ’ਤੇ ਦੋ ਵਾਰ ਸੰਗਰੂਰ ਤੋਂ ਵਿਧਾਇਕ ਰਹਿ ਚੁੱਕੇ ਹਨ। ਉਹ ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀ ਮੰਨੇ ਜਾਂਦੇ ਹਨ। ਭਾਜਪਾ ਵਿੱਚ ਸ਼ਾਮਲ ਹੋਏ ਕਰਨਵੀਰ ਟੌਹੜਾ ਦੇ ਨਾਨਾ ਗੁਰਚਰਨ ਸਿੰਘ ਟੌਹੜਾ ਪੰਜਾਬ ਦੇ ਸਿਆਸੀ ਆਗੂ ਰਹੇ ਹਨ। ਉਹ 27 ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਦੇ ਪ੍ਰਧਾਨ ਰਹੇ। ਹਰਮੇਲ ਸਿੰਘ ਟੌਹੜਾ ਵੀ ਅਕਾਲੀ ਸਿਆਸਤ ਦਾ ਚਰਚਿਤ ਚਿਹਰਾ ਰਹੇ ਹਨ।




# ਪੰਜਾਬ ਚੋਣਾਂ ਲਈ ਮੁੱਖ ਮੰਤਰੀ ਦੇ ਚਿਹਰੇ ਦਾ ਐਲਾਨ ਅਗਲੇ ਹਫ਼ਤੇ- ਕੇਜਰੀਵਾਲ

**ਚੰਡੀਗੜ੍ਹ–** ਆਮ ਆਦਮੀ ਪਾਰਟੀ (ਆਪ) ਦੇ ਨੇਤਾ ਅਰਵਿੰਦ ਕੇਜਰੀਵਾਲ ਨੇ ਅੱਜ ਕਿਹਾ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਲਈ ਪਾਰਟੀ ਦੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਦਾ ਐਲਾਨ ਅਗਲੇ ਹਫ਼ਤੇ ਕੀਤਾ ਜਾਵੇਗਾ। ਉਨ੍ਹਾਂ ਸੂਬੇ ਦੀ ਅਮਨ-ਕਾਨੂੰਨ ਦੀ ਸਥਿਤੀ ਬਾਰੇ ਸ੍ਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਆਲੋਚਨਾ ਕੀਤੀ ਤੇ ਕਿਹਾ ਕਿ ਬੇਅਦਬੀ ਦੀਆਂ ਸਾਰੀਆਂ ਘਟਨਾਵਾਂ ਵਿੱਚ ਇਨਸਾਫ਼ ਹੋਵੇਗਾ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣਗੀਆਂ।



### ਕੈਪਟਨ ਅਮਰਿੰਦਰ ਸਿੰਘ ਦੀ ਪਾਰਟੀ ਨੂੰ ‘ਹਾਕੀ ਤੇ ਬਾਲ’ ਦਾ ਚੋਣ ਨਿਸ਼ਾਨ ਮਿਲਿਆ

ਭਾਰਤੀ ਚੋਣ ਕਮਿਸ਼ਨ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਲੋਕ ਕਾਂਗਰਸ ਪਾਰਟੀ ਨੂੰ ਅਗਾਮੀ ਚੋਣਾਂ ਲਈ ‘ਹਾਕੀ ਤੇ ਬਾਲ’ ਚੋਣ ਨਿਸ਼ਾਨ ਅਲਾਟ ਕੀਤਾ ਹੈ। ਪੰਜਾਬ ਲੋਕ ਕਾਂਗਰਸ ਨੇ ਟਵੀਟ ਕਰਕੇ ਇਸ ਦੀ ਜਾਣਕਾਰੀ ਦਿੱਤੀ ਹੈ। ਪੰਜਾਬ ਵਿੱਚ 14 ਫਰਵਰੀ ਨੂੰ ਵੋਟਾਂ ਪੈਣਗੀਆਂ ਤੇ ਚੋਣ ਨਤੀਜਿਆਂ ਦਾ ਐਲਾਨ 10 ਮਾਰਚ ਨੂੰ ਹੋਵੇਗਾ।

# ਪਾਪਾਟੋਏਟੋਏ ਰਹਿੰਦੀ 22 ਸਾਲਾ ਪੰਜਾਬੀ ਵਕੀਲ ਬਣੀ ਕੁੜੀ ਸ਼ਿਵਮ ਕੌਰ ਦੀ ਸੜਕ ਦੁਰਘਟਨਾ ਵਿਚ ਮੌਤ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)** ਨਿਊਜ਼ੀਲੈਂਡ ਰਹਿੰਦੇ ਭਾਰਤੀ ਖਾਸ ਕਰ ਪੰਜਾਬੀ ਭਾਈਚਾਰੇ ਲਈ ਬਹੁਤ ਹੀ ਸ਼ੋਕਮਈ ਸਮਾਚਾਰ ਹੈ ਕਿ ਪਾਪਾਟੋਏਟੋਏ ਨਿਵਾਸੀ 22 ਸਾਲਾ ਪੰਜਾਬੀ ਹਾਲ ਹੀ ਵਿਚ ਵਕੀਲ ਬਣੀ ਕੁੜੀ ਸ਼ਿਵਮ ਕੌਰ (ਖੁਸ਼ੀ) ਦੀ ਬੀਤੀ 4 ਜਨਵਰੀ (ਮੰਗਲਵਾਰ) ਸ਼ਾਮ 4 ਕੁ ਵਜੇ ਟਾਉਪਰੀ (ਨੇੜੇ ਕੈਂਬਰਜਿ) ਵਿਖੇ ਸੜਕੀ ਦੁਰਘਟਨਾ ਦੇ ਵਿਚ ਮੌਤ ਹੋ ਗਈ। ਇਹ ਕੁੜੀ ਆਪਣੇ ਇਕ ਦੋਸਤ ਦੇ ਨਾਲ ਬਾਹਰ ਗਈ ਹੋਈ ਸੀ ਤੇ ਦੁਰਘਟਨਾ ਦਾ ਸ਼ਿਕਾਰ ਹੋ ਗਈ। ਕਾਰ ਚਲਾ ਰਿਹਾ ਉਸਦਾ ਦੋਸਤ ਵੀ ਗੰਭੀਰ ਜ਼ਖਮੀ ਹੈ।

ਇਹ ਕੁੜੀ ਆਪਣੇ ਮਾਪਿਆਂ ਸ। ਬਲਦੇਵ ਸਿੰਘ-ਸ੍ਰੀਮਤੀ ਰਜਿੰਦਰਪਾਲ ਕੌਰ ਹੋਰਾਂ ਨਾਲ 2015 ਤੋਂ ਇਥੇ ਰਹਿ ਰਹੀ ਸੀ ਅਤੇ ਹਾਲ ਹੀ ਵਿਚ ਉਸਨੇ ਲਾਅ ਦੀ ਡਿਗਰੀ ਕੀਤੀ ਸੀ। ਇਹ ਕੁੜੀ ਸਭ ਤੋਂ ਛੋਟੀ ਸੀ ਵੱਡਾ ਭਰਾ ਨਿਊਜ਼ੀਲੈਂਡ ਹੈ ਅਤੇ ਭੈਣ ਸਪੇਨ ਹੈ। ਇਹ ਕੁੜੀ ਨੇਪੀਅਰ ਰਹਿੰਦੇ ਸ। ਜਗਜੀਵਨ ਸਿੰਘ ਹੋਰਾਂ ਦੀ ਸਕੀ ਭਾਣਜੀ ਲਗਦੀ ਸੀ। ਸ਼ਿਵਮ ਕੌਰ ਦਾ ਜੱਦੀ ਪਿੰਡ ਮੇਘੋਵਾਲ ਗੰਜਿਆਂ ਜ਼ਿਲ੍ਹਾ ਹੁਸ਼ਿਆਰਪੁਰ ਸੀ।


ਸ਼ਿਵਮ ਕੌਰ (ਖੁਸ਼ੀ)

ਸਮਝਿਆ ਜਾ ਰਿਹਾ ਹੈ ਕਿ ਉਨ੍ਹਾਂ ਦੀ ਟੈਸਲਾ ਕਾਰ ਸੜਕੀ ਹੰਪ ਤੋਂ ਲੰਘਣ ਵੇਲੇ ਨਿਯੰਤਰਣ ਤੋਂ ਬਾਹਰ ਹੋ ਗਈ ਹੈ, ਤੇ ਕਾਰ ਲਾਗੇ ਟਰਾਂਸਫਾਰਮਰ ਦੇ ਵਿਚ ਵੱਜ ਗਈ, ਜਿਸ ਕਾਰਨ ਟ੍ਰਾਂਫਾਰਮਰ ਅਤੇ ਕਾਰ ਨੂੰ ਬਹੁਤ ਜਿਆਦਾ ਅੱਗ ਲੱਗ ਗਈ। ਕੁੜੀ ਦਾ ਮ੍ਰਿਤਕ ਸਰੀਰ ਕਾਫੀ ਨੁਕਸਾਨਿਆ ਗਿਆ ਹੈ। ਪਰਿਵਾਰ ਬਹੁਤ ਹੀ ਦੁਖਦਾਈ ਤੇ ਗਮਗੀਨ ਅਵਸਥਾ ਵਿਚ ਹੈ। ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਨ ਲਈ ਸ। ਜਗਜੀਵਨ ਸਿੰਘ ਨੇਪੀਅਰ ਨਾਲ ਸੰਪਰਕ ਕਰਨ ਲਈ ਫੋਨ ਨੰਬਰ 021 935 135 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਕਾਲੇ ਵਿਅਕਤੀ ਦੇ ਕਤਲ ਦੇ ਮਾਮਲੇ ਵਿਚ 3 ਗੋਰਿਆਂ ਨੂੰ ਉਮਰ ਭਰ ਲਈ ਜੇਲ੍ਹ ਵਿਚ ਕੀਤਾ ਬੰਦ, ਨਹੀਂ ਹੋਵੇਗੀ ਜਮਾਨਤ

**ਸੈਕਰਾਮੈਂਟੋ 8 ਜਨਵਰੀ–** ਦੱਖਣੀ ਜਾਰਜੀਆ ਵਿਚ 25 ਸਾਲਾ ਕਾਲੇ ਵਿਅਕਤੀ ਅਹਮਦ ਆਰਬਰੀ ਦੀ ਹੱਤਿਆ ਦੇ ਮਾਮਲੇ ਵਿਚ ਇਕ ਅਦਾਲਤ ਨੇ 3 ਗੋਰੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਜਿਨ੍ਹਾਂ ਵਿਚੋਂ ਦੋ ਦੀ ਜ਼ਮਾਨਤ ਹੋਣ ਦੀ ਸੰਭਾਵਨਾ ਨਹੀਂ ਹੈ।

ਅਦਾਲਤ ਨੇ ਟਰਾਵਿਸ ਮੈਕਮਾਈਕਲ (35), ਉਸ ਦੇ ਪਿਤਾ ਗਰੇਗਰੀ ਮੈਕਮਾਈਕਲ (66) ਤੇ ਉਨ੍ਹਾਂ ਦੇ ਗਵਾਂਢੀ ਵਿਲੀਅਮ ਰੋਡੀ ਬਰਾਈਨ (52) ਨੂੰ ਨਵੰਬਰ ਵਿਚ ਆਰਬਰੀ ਦੀ ਹੱਤਿਆ ਸਮੇਤ ਹੋਰ ਕਈ ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੱਤਾ ਸੀ। ਜੱਜ ਟਿਮੋਥੀ ਵਾਲਮਸਲੇ ਨੇ ਟਰਾਵਿਸ ਮੈਕਮਾਈਕਲ ਤੇ ਗਰੇਗਰੀ ਮੈਕਮਾਈਕਲ ਨੂੰ ਬਿਨਾਂ ਜ਼ਮਾਨਤ ਦੀ ਸੰਭਾਵਨਾ ਦੇ



ਉਮਰ ਭਰ ਜੇਲ੍ਹ ਜਦ ਕਿ ਬਰਾਈਨ ਨੂੰ ਜ਼ਮਾਨਤ ਦੀ ਸੰਭਾਵਨਾ ਸਮੇਤ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਪਰੰਤੂ ਜਾਰਜੀਆ ਦੇ ਕ ਾਨੂੰਨ ਤਹਿਤ ਬਰਾਈਨ 30 ਸਾਲ ਦੀ ਸਜ਼ਾ ਕੱਟਣ ਉਪੰਰਤ ਹੀ ਜਮਾਨਤ ਲਈ ਦਰਖਾਸਤ ਦੇ ਸਕੇਗਾ। ਆਰਬਰੀ ਦੀ 23 ਫਰਵਰੀ 2020 ਨੂੰ ਹੱਤਿਆ ਕਰ ਦਿੱਤੀ ਗਈ ਸੀ। ਦੋਸ਼ੀਆਂ ਨੇ ਉਸ ਦਾ ਪਿੱਛਾ ਕੀਤਾ ਤੇ ਦੌੜਾ ਦੌੜਾ ਕੇ ਉਸ ਨੂੰ ਜਾਨੋਂ ਮਾਰ ਦਿੱਤਾ।

ਜੱਜ ਨੇ ਹੱਤਿਆ ਦੇ ਦ੍ਰਿਸ਼ ਨੂੰ ਯਾਦ ਕਰਦਿਆਂ ਕਿਹਾ ਕਿ ਇਹ ਵੱਖਰੀ ਤਰਾਂ ਦਾ ਮਾਮਲਾ ਹੈ ਜਦੋਂ ਡਰਦਾ ਮਾਰਾ ਨੌਜਵਾਨ ਆਰਬਰੀ ਆਪਣੀ ਜਾਨ ਬਚਾਉਣ ਲਈ ਇਧਰ ਉਧਰ ਭੱਜ ਰਿਹਾ ਸੀ ਤਾਂ ਦੋਸ਼ੀਆਂ ਨੇ ਉਸ ਦਾ ਪਿੱਛਾ ਕਰਕੇ ਉਸ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ। ਅਦਾਲਤ ਵਿਚ ਮੌਜੂਦ ਆਰਬਰੀ ਦੇ ਮਾਤਾ-ਪਿਤਾ ਨੇ ਸਜ਼ਾ ਉਪਰ ਤਸੱਲੀ ਪ੍ਰਗਟ ਕੀਤੀ ਹੈ ਜਦ ਕਿ ਸਜ਼ਾ ਸੁਣਾਏ ਜਾਣ ਉਪਰੰਤ ਦੋਸ਼ੀਆਂ ਦੇ ਚੇਹਰੇ 'ਤੇ ਪ੍ਰਤਖ ਤੌਰ 'ਤੇ ਪ੍ਰੇਸ਼ਾਨੀ ਵਿਖਾਈ ਦੇ ਰਹੀ ਸੀ।

# ਅਮਰੀਕਾ ਵਿਚ ਕੋਰੋਨਾ ਮਹਾਮਾਰੀ ਦੌਰਾਨ ਨਸ਼ੀਲੇ ਪਦਾਰਥਾਂ ਦੀ ਵਰਤੋਂ ਵਿਚ ਹੋਇਆ ਵਾਧਾ

## ਫੈਂਟਾਨਾਇਲ ਦੀ ਬਰਾਮਦਗੀ ਵਿਚ 1000% ਵਧੀ, 'ਯੂ ਐਸ ਕਸਟਮਜ ਐਂਡ ਬਾਰਡਰ ਪ੍ਰੋਟੈਕਸ਼ਨ' ਦਾ ਖੁਲਾਸਾ

**ਸੈਕਰਾਮੈਂਟੋ 9 ਜਨਵਰੀ–** ਨਸ਼ੀਲੇ ਪਦਾਰਥਾਂ ਨਾਲ ਜੁੜੇ ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕਾ ਵਿਚ ਕੋਰੋਨਾ ਮਹਾਮਾਰੀ ਦੌਰਾਨ ਅੱਤ ਨਸ਼ੀਲਾ ਪਦਾਰਥ ਫੈਂਟਾਨਾਇਲ ਸਮੇਤ ਹੋਰ ਡਰੱਗਜ਼ ਦੀ ਵਰਤੋਂ ਵਿਚ ਵਾਧਾ ਹੋਇਆ ਹੈ। 'ਯੂ ਐਸ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ' (ਸੀ ਬੀ ਪੀ) ਨੇ ਆਪਣੀ ਰਿਪੋਰਟ ਵਿਚ ਖੁਲਾਸਾ ਕੀਤਾ ਹੈ ਕਿ ਪਿਛਲੇ ਮਾਲੀ ਸਾਲ 2021 ਦੌਰਾਨ ਦੱਖਣੀ ਟੈਕਸਾਸ ਵਿਚ ਫੈਂਟਾਨਾਇਲ ਡਰੱਗ ਦੀ ਬਰਾਮਦਗੀ ਵਿਚ 1066% ਦਾ ਵਾਧਾ ਹੋਇਆ ਹੈ ਜੋ ਕਿ ਇਕ ਰਿਕਾਰਡ ਹੈ। ਸੀ ਬੀ ਪੀ ਨੇ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਬਰੋਅਨਸਵਿਲੇ ਤੋਂ ਡੈਲ ਰਿਓ ਤੱਕ 8 ਬੰਦਰਗਾਹਾਂ 'ਤੇ ਜ਼ਬਤ ਕੀਤੇ ਗਏ 87652 ਪੌਂਡ ਨਸ਼ੀਲੇ ਪਦਰਾਥਾਂ ਵਿਚ 588 ਪੌਂਡ ਫੈਂਟਾਨਾਇਲ ਸ਼ਾਮਿਲ ਹੈ। ਸੀ ਬੀ ਪੀ ਅਨੁਸਾਰ ਬਰਾਮਦ ਕੀਤੇ ਨਸ਼ੀਲੇ ਪਦਾਰਥਾਂ ਵਿਚ ਭੰਗ, ਕੋਕੀਨ, ਹੈਰੋਇਨ ਤੇ ਮੈਥਾਫੈਂਟਾਮਾਈਨ ਵੀ ਸ਼ਾਮਿਲ ਹੈ ਜਿਨਾਂ ਦੀ ਬਜਾਰੀ ਕੀਮਤ ਤਕਰੀਬਨ 78160 ਕਰੋੜ ਡਾਲਰ ਬਣਦੀ ਹੈ। ਡਰੱਗ ਇਨਫੋਰਸਮੈਂਟ ਏਜੰਸੀ ਅਨੁਸਾਰ ਅਮਰੀਕਾ ਵਿਚ ਫੈਂਟਾਨਾਇਲ ਸਭ ਤੋਂ ਘਾਤਕ ਨਸ਼ੀਲਾ ਪਦਾਰਥ ਮੰਨਿਆ ਜਾਂਦਾ ਹੈ ਜੋ ਹੈਰੋਇਨ ਤੋਂ 50 ਗੁਣਾਂ ਵਧ ਸ਼ਕਤੀਸ਼ਾਲੀ ਹੈ ਤੇ ਇਸ ਨੂੰ ਬਣਾਉਣਾ ਵੀ ਸਸਤਾ ਤੇ ਅਸਾਨ ਹੈ।




ਏਜੰਸੀ ਅਨੁਸਾਰ ਲੋਕ ਅਣਜਾਣੇ ਵਿਚ ਹੋਰ ਨਸ਼ੀਲੇ ਪਦਾਰਥ ( ਡਰੱਗਜ਼ ) ਖਰੀਦਦੇ ਹਨ ਪਰੰਤੂ ਉਨਾਂ ਨੂੰ ਫੈਂਟਾਨਾਇਲ ਦੀ ਪੁੱਠ ਚਾੜੀ ਹੁੰਦੀ ਹੈ। ਇਕ ਮਿਲੀਗ੍ਰਾਮ ਦਾ ਚੌਥਾ ਹਿੱਸਾ ਫੈਂਟਾਨਾਇਲ ਕਿਸੇ ਵਿਅਕਤੀ ਨੂੰ ਮਾਰਨ ਲਈ ਕਾਫੀ ਹੈ। 'ਸੈਂਟਰ ਫਾਰ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ' ਦੇ ਅੰਕੜਿਆਂ ਅਨੁਸਾਰ ਅਮਰੀਕਾ ਵਿਚ ਪਹਿਲੀ ਵਾਰ ਸਲਾਨਾ ਓਵਰ ਡੋਜ਼ ਕਾਰਨ ਇਕ ਲੱਖ ਤੋਂ ਵਧ ਮੌਤਾਂ ਹੋਈਆਂ ਹਨ ਜਿਸ ਦਾ ਕਾਰਨ ਫੈਂਟਾਨਾਇਲ ਦੀ ਵਰਤੋਂ ਕਰਨਾ ਵੀ ਹੈ। ਇਹ ਮੌਤਾਂ ਮਈ 2020 ਤੋਂ ਅਪ੍ਰੈਲ 2021 ਦਰਮਿਆਨ ਹੋਈਆਂ ਹਨ। ਇਹ ਵੀ ਤੱਥ ਸਾਹਮਣੇ ਆਇਆ ਹੈ ਕਿ ਕੋਰੋਨਾ ਮਹਾਮਾਰੀ ਦੌਰਾਨ ਨਸ਼ੀਲੇ ਪਦਾਰਥਾਂ ਦੀ ਵਰਤੋਂ ਵਿਚ ਵਾਧਾ ਹੋਇਆ ਹੈ। ਡਰੱਗ ਵਿਰੋਧੀ ਨੈਸ਼ਨਲ ਇਸੰਟੀਚਿਊਟ ਵਿਖੇ ਡਾਇਰੈਕਟਰ ਵਜੋਂ ਤਾਇਨਾਤ ਡਾ ਨੋਰਾ ਵੋਲਕੋਅ ਅਨੁਸਾਰ ਕੋਵਿਡ-19 ਤੋਂ ਪਹਿਲਾਂ ਮਾਹਿਰਾਂ ਦੇ ਧਿਆਨ ਵਿਚ ਆਇਆ ਸੀ ਕਿ ਸਿੰਥੈਟਿਕ ਡਰੱਗਜ਼ ਦੀ ਵਰਤੋਂ ਵਧ ਰਹੀ ਹੈ ਪਰੰਤੂ ਹੋ ਸਕਦਾ ਹੈ ਕਿ ਕੋਰੋਨਾ ਮਹਾਮਾਰੀ ਨੇ ਇਸ ਸਮੱਸਿਆ ਨੂੰ ਹੋਰ ਗੰਭੀਰ ਬਣਾ ਦਿੱਤਾ ਹੋਵੇ।

# ਭਾਰਤੀ ਮੂਲ ਦੀ ਪ੍ਰੋਫੈਸਰ ਅਰਪਿਤਾ ਸਾਹਾ ਦਾ 'ਹਾਲ ਆਫ ਫੇਮ' ਐਵਾਰਡ ਨਾਲ ਸਨਮਾਨ



**ਸੈਕਰਾਮੈਂਟੋ 8 ਜਨਵਰੀ–** ਦੱਖਣੀ ਜਾਰਜੀਆ ਯੁਨੀਵਰਸਿਟੀ ਦੀ ਭਾਰਤੀ ਮੂਲ ਦੀ ਪ੍ਰੋਫੈਸਰ ਡਾਕਟਰ ਅਰਪਿਤਾ ਸਾਹਾ ਦਾ ' ਹਾਲ ਆਫ ਫੇਮ' ਐਵਾਰਡ ਨਾਲ ਸਨਮਾਨ ਕੀਤਾ ਗਿਆ ਹੈ। ਜਾਰਜੀਆ ਵਿਚ ' ਫੈਲਟਿਨ ਜੇਨਕਿਨਜ ਜੁਨੀਅਰ ਹਾਲ ਆਫ ਫੇਮ ਐਵਾਰਡ' ਸਭ ਤੋਂ ਵੱਡਾ ਅਕੈਡਮਿਕ ਪੁਰਸਕਾਰ ਹੈ ਜੋ ਕਿ 'ਯੁਨੀਵਰਸਿਟੀ ਸਿਸਟਮ ਆਫ ਜਾਰਜੀਆ ਬੋਰਡ ਆਫ ਰੀਜੈਂਟਸ' ਵੱਲੋਂ ਦਿੱਤਾ ਜਾਂਦਾ ਹੈ। ਐਟਲਾਂਟਾ ਵਿਚ ਹੋਏ ਸਮਾਗਮ ਵਿਚ ਗਵਰਨਰ ਬਰੀਅਨ ਕੇਂਪ , ਪ੍ਰਥਮ ਮਹਿਲਾ ਮਾਰਟੀ ਕੇਂਪ ਤੇ ਸਾਹਾ ਦੇ ਸਮਰਥਕ, ਦੋਸਤ-ਮਿੱਤਰ, ਦਾਨੀ ਸੱਜਣ, ਪੁਰਾਣੇ ਵਿਦਿਆਰਥੀ, ਵਿਧਾਇਕ ਤੇ ਬੋਰਡ ਆਫ ਰੀਜੈਂਟਸ ਦੇ ਮੈਂਬਰਾਂ ਤੋਂ ਇਲਾਵਾ ਯੂ ਐਸ ਜੀ ਦੇ 26 ਜਨਤਿਕ ਕਾਲਜਾਂ ਤੇ ਯੁਨੀਵਰਸਿਟੀਆਂ ਦੇ ਪ੍ਰਧਾਨ ਵੀ ਸ਼ਾਮਿਲ ਹੋਏ।

# ਫਿਲਾਡੈਲਫੀਆ ਵਿਚ ਇਕ ਘਰ ਨੂੰ ਲੱਗੀ ਅੱਗ ਵਿਚ ਸੜ ਕੇ 8 ਬੱਚਿਆਂ ਸਮੇਤ 12 ਮੌਤਾਂ

**ਸੈਕਰਾਮੈਂਟੋ 7 ਜਨਵਰੀ–** ਫਿਲਾਡੈਲਫੀਆ ਦੇ ਫੇਅਰਮਾਊਂਟ ਖੇਤਰ ਵਿਚ ਇਕ ਘਰ ਨੂੰ ਲੱਗੀ ਅੱਗ ਵਿਚ 12 ਵਿਅਕਤੀਆਂ ਦੀ ਸੜਨ ਨਾਲ ਮੌਤ ਹੋ ਗਈ ਜਿਨ੍ਹਾਂ ਵਿਚ 8 ਬੱਚੇ ਸ਼ਾਮਿਲ ਸਨ। ਅਧਿਕਾਰੀਆਂ ਨੇ ਦੱਸਿਆ ਕਿ ਘਰ ਨੂੰ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਸੀ ਜੋ ਅੱਗ ਨਾਲ ਸੜਕੇ ਸੁਆਹ ਹੋ ਗਿਆ। ਫਿਲਾਡੈਲਫੀਆ ਦੇ ਡਿਪਟੀ ਫਾਇਰ ਕਮਿਸ਼ਨਰ ਕਰੈਗ ਮਰਫੀ ਮੌਕੇ ਉਪਰ ਪੁੱਜੇ ਜਿਥੇ ਉਨ੍ਹਾਂ ਕਿਹਾ ਕਿ ਸੰਭਾਵੀ



ਤੌਰ 'ਤੇ ਇਹ ਅੱਗ ਲੱਗਣ ਦੀਆਂ ਵਾਪਰੀਆਂ ਭਿਆਨਕ ਘਟਨਾਵਾਂ ਵਿਚੋਂ ਇਕ ਹੈ। ਅੱਗ ਬੁਝਾਊ ਅਮਲੇ ਦੇ ਮੈਂਬਰਾਂ ਨੂੰ ਅੱਗ ਉਪਰ ਕਾਬੂ ਪਾਉਣ ਲਈ ਭਾਰੀ ਜਦੋਜਹਿਦ ਕਰਨੀ ਪਈ। ਮਰਫੀ ਨੇ ਦੱਸਿਆ ਕਿ 8 ਵਿਅਕਤੀ ਕਿਸੇ ਤਰਾਂ ਆਪਣੇ ਆਪ ਨੂੰ ਬਚਾਉਣ ਵਿਚ ਸਫਲ ਰਹੇ।

ਮੇਅਰ ਜਿਮ ਕੈਨੀ ਨੇ ਕਿਹਾ ਹੈ ਬਿਨਾਂ ਸ਼ੱਕ ਇਹ ਬੇਹੱਦ ਦੁੱਖਦਾਈ ਦਿਨ ਹੈ ਜਿਸ ਦਿਨ ਬਹੁਤ ਹੀ ਦਰਦਮਈ ਤਰੀਕੇ ਨਾਲ 12 ਮੌਤਾਂ ਹੋਈਆਂ ਜਿਨ੍ਹਾਂ ਵਿਚ ਛੋਟੇ ਬੱਚੇ ਵੀ ਸ਼ਾਮਿਲ ਸਨ।

# 5 ਦਿਨ ਪਹਿਲਾਂ ਲਾਪਤਾ ਹੋਏ ਬੱਚੇ ਦੀ ਵਿਰਾਨ ਘਰ ਵਿਚੋਂ ਮਿਲੀ ਲਾਸ਼

**ਸੈਕਰਾਮੈਂਟੋ 9 ਜਨਵਰੀ–** ਗੈਰੀ (ਇੰਡੀਆਨਾ) ਵਿਚ 5 ਦਿਨ ਪਹਿਲਾਂ ਲਾਪਤਾ ਹੋਏ 6 ਸਾਲਾ ਬੱਚੇ ਦੀ ਇਕ ਵਿਰਾਨ ਘਰ ਵਿਚੋਂ ਲਾਸ਼ ਮਿਲੀ ਹੈ। ਦਮਾਰੀ ਪੈਰੀ ਨਾਮੀ ਬੱਚੇ ਨੂੰ ਆਖਰੀ ਵਾਰ 4 ਜਨਵਰੀ ਨੂੰ ਆਪਣੀ 16 ਸਾਲਾ ਭੈਣ ਨਾਲ ਵੇਖਿਆ ਗਿਆ ਸੀ। ਉਤਰੀ ਸ਼ਿਕਾਗੋ ਪੁਲਿਸ ਨੇ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਬੱਚੇ ਦੀ ਮੌਤ ਲਈ ਉਸ ਦੇ ਤਿੰਨ ਰਿਸ਼ਤੇਦਾਰ ਜਿੰਮੇਵਾਰ ਹਨ ਜਿਨਾਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ। ਪੁਲਿਸ ਅਨੁਸਾਰ ਪੋਸਟ ਮਾਰਟਮ ਤੋਂ ਬਾਅਦ ਹੀ ਬੱਚੇ ਦੀ ਮੌਤ ਦੇ ਕਾਰਨ ਦਾ ਪਤਾ ਲਗੇਗਾ।



# ਅਮਰੀਕਾ ਵਿਚ ਪਹਿਲੀ ਵਾਰ ਸੂਰ ਦਾ ਦਿਲ ਮਨੁੱਖ ਨੂੰ ਲਾਉਣ ਦੀ ਸਫਲ ਸਰਜਰੀ

## 4 ਦਿਨ ਪਹਿਲਾਂ ਹੋਈ ਸਰਜਰੀ ਉਪਰੰਤ ਮਰੀਜ਼ ਆਮ ਵਾਂਗ ਲੈ ਰਿਹਾ ਹੈ ਸਾਹ



**ਸੈਕਰਾਮੈਂਟੋ 11 ਜਨਵਰੀ–** ਅਮਰੀਕਾ ਵਿਚ ਪਹਿਲੀ ਵਾਰ ਦਿੱਲ ਦੇ ਮਰੀਜ਼ ਦੀ ਸਰਜਰੀ ਕਰਕੇ ਉਸ ਦੇ ਸੂਰ ਦਾ ਦਿੱਲ ਲਾਇਆ ਗਿਆ ਹੈ ਤੇ 4 ਦਿਨ ਪਹਿਲਾਂ ਹੋਈ ਸਰਜਰੀ ਉਪਰੰਤ ਮਰੀਜ਼ ਆਮ ਵਾਂਗ ਸਾਹ ਲੈ ਰਿਹਾ ਹੈ। 57 ਸਾਲਾ ਡੇਵ ਬੈਨੇਟ ਨਾਮੀ ਵਿਅਕਤੀ ਦੇ ਇਸ ਜੋਖਮ ਭਰੇ ਤਜ਼ਰਬੇ ਲਈ ਰਾਜੀ ਹੋਣ ਉਪਰੰਤ ਉਸ ਦੀ ਯੁਨੀਵਰਸਿਟੀ ਆਫ ਮੈਰੀਲੈਂਡ ਸਕੂਲ ਆਫ ਮੈਡੀਸਨ ਵਿਖੇ ਬਰਟਲੀ ਗ੍ਰਿਫਿਤ ਪ੍ਰਮੁੱਖ ਸਰਜਨ ਦੀ ਅਗਵਾਈ ਵਿਚ ਡਾਕਟਰਾਂ ਦੀ ਟੀਮ ਨੇ ਸਫਲ ਸਰਜਰੀ ਕੀਤੀ। ਸਰਜਰੀ ਨੂੰ ਕੁਲ 9 ਘੰਟੇ ਲੱਗੇ। ਬੈਨੇਟ ਦੇ ਇਸੇ ਮਕਸਦ ਲਈ ਸੋਧਿਤ ਜੀਨਜ਼ ਤੇ ਖੁਰਾਕ ਨਾਲ ਵੱਡੇ ਕੀਤੇ ਗਏ ਇਕ ਸਾਲ ਦੇ ਤਕਰੀਬਨ ਇਕ ਕੁਇੰਟਲ ਭਾਰੇ ਸੂਰ ਦਾ ਦਿੱਲ ਲਾਇਆ ਗਿਆ ਹੈ। ਇਸ ਸਮੇ ਬੈਨੇਟ ਬਿਨਾਂ ਵੈਂਟੀ-ਲੇਟਰ ਦੇ ਸਾਹ ਲੈ ਰਿਹਾ ਹੈ। ਹਾਲਾਂ ਕਿ ਉਸ ਨੂੰ ਈ ਸੀ ਐਮ ਓ ਮਸ਼ੀਨ ਉਪਰ ਰਖਿਆ ਗਿਆ ਹੈ ਜੋ ਸਮੁੱਚੇ ਸਰੀਰ ਵਿਚ 50% ਖੂਨ ਦੇ ਵਹਾਅ ਨੂੰ ਬਰਕਰਾਰ ਰਖਣ ਦਾ ਕੰਮ ਕਰਦੀ ਹੈ। ਡਾਕਟਰਾਂ ਅਨੁਸਾਰ ਹੌਲੀ- ਹੌਲੀ ਇਸ ਮਸ਼ੀਨ ਨੂੰ ਲਾਹ ਲਿਆ ਜਾਵੇਗਾ। ਡਾਕਟਰਾਂ ਦਾ ਮੰਨਣਾ ਹੈ ਕਿ ਸੂਰ ਦੇ ਅੰਗ ਮਨੁੱਖ ਵਾਂਗ ਹੀ ਹੁੰਦੇ ਹਨ। ਜੇਕਰ ਸੂਰ ਦੇ ਅੰਗਾਂ ਨੂੰ ਸਫਲਤਾ ਪੂਰਵਕ ਮਨੁੱਖਾਂ ਦੇ ਲਾਉਣ ਦਾ ਅਮਲ ਸ਼ੁਰੂ ਹੋ ਜਾਂਦਾ ਹੈ ਤਾਂ ਦਿੱਲ, ਫੇਫੜੇ ਜਾਂ ਗੁਰਦਾ ਬਦਲਵਾਉਣ ਲਈ ਕਤਾਰ ਵਿਚ ਲੱਗੇ ਹੋਏ ਹਜਾਰਾਂ ਲੋਕਾਂ ਲਈ ਇਹ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਹੋਵੇਗਾ।

# ਲਾਸ ਏਂਜਲਸ ਦੇ 62000 ਵਿਦਿਆਰਥੀ ਤੇ ਸਟਾਫ ਮੈਂਬਰ ਕੋਰੋਨਾ ਪਾਜ਼ੇਟਿਵ ਨਿਕਲੇ

**ਸੈਕਰਾਮੈਂਟੋ 11 ਜਨਵਰੀ–** ਇਸ ਸਮੇ ਜਦੋਂ ਲਾਸ ਏਂਜਲਸ ਦੇ ਸਕੂਲ ਖੋਲਣ ਦੀ ਤਿਆਰੀ ਹੋ ਰਹੀ ਹੈ ਤਾਂ ਤਕਰੀਬਨ 62000 ਵਿਦਿਆਰਥੀਆਂ, ਅਧਿਆਪਕਾਂ ਤੇ ਹੋਰ ਸਟਾਫ ਮੈਂਬਰਾਂ ਦੀ ਕੋਰੋਨਾ ਰਿਪੋਰਟ ਪਾਜ਼ੇਟਿਵ ਆਉਣ ਉਪਰੰਤ ਚਿੰਤਾ ਵਧ ਗਈ ਹੈ। ਲਾਸ ਏਂਜਲਸ ਯੂਨਾਈਟਿਡ ਸਕੂਲ ਡਿਸਟ੍ਰਿਕਟ ਅਨੁਸਾਰ ਸਕੂਲ ਆਉਣ ਤੋਂ ਪਹਿਲਾਂ ਵਿਦਿਆਰਥੀਆਂ ਤੇ ਹੋਰ ਮੁਲਾਜ਼ਮਾਂ ਨੂੰ ਆਪਣੀ ਕੋਰੋਨਾ ਟੈਸਟ ਰਿਪੋਰਟ




ਨੈਗਟਿਵ ਵਿਖਾਉਣ ਦੀ ਲੋੜ ਹੈ। ਅਮਰੀਕਾ ਦੇ ਦੂਸਰੇ ਸਭ ਤੋਂ ਵੱਡੇ ਲਾਸ ਏਂਜਲਸ ਸਕੂਲ ਡਿਸਟ੍ਰਿਕਟ ਦੇ 6,40,000 ਤੋਂ ਵਧ ਵਿਦਿਆਰਥੀ ਹਨ। ਇਨ੍ਹਾਂ ਵਿਚੋਂ ਤਕਰੀਬਨ 4,14,000 ਕੋਰੋਨਾ ਟੈਸਟਾਂ ਵਿਚੋਂ 14199% ਰਿਪੋਰਟਾਂ ਪਾਜ਼ੇਟਿਵ ਆਈਆਂ ਹਨ । ਸਮੁੱਚੀ ਲਾਸ ਏਂਜਲਸ ਕਾਊਂਟੀ ਵਿਚ ਪਾਜ਼ੇਟਿਵ ਦਰ 22% ਤੋਂ ਉਪਰ ਹੈ। ਸਕੂਲ ਡਿਸਟ੍ਰਿਕਟ ਦੇ ਬੁਲਾਰੇ ਸ਼ਾਨੋਨ ਹੈਬਰ ਨੇ ਕਿਹਾ ਹੈ ਕਿ ਤਕਰੀਬਨ 4000 ਸਟਾਫ ਮੈਂਬਰਾਂ ਸਮੇਤ ਅਸੀਂ ਸਾਰੇ ਸਕੂਲ ਖੋਲ੍ਹਣ ਲਈ ਤਿਆਰ ਹਾਂ।

# ਸਟੇਟ ਸਕੂਲ ਆਫ ਸਪੋਰਟਸ ਤੇ ਸਪੋਰਟ ਕਾਲਜ (ਏਕੋ ਕੰਪਲਸ) ਜਲੰਧਰ ਦੇ ਪੁਰਾਣੇ ਵਿਦਿਆਰਥੀਆਂ ਤੇ ਖਿਡਾਰੀਆਂ ਦੀ ਭਾਵਪੂਰਕ ਮਿਲਣੀ





ਪਿਛਲੇ ਦਿਨੀ ਉਪਰੋਕਤ ਸੰਸਥਾਂਵਾਂ ਦੇ ਪੁਰਾਣੇ ਸੱਜਣਾ ਨੇ ਭਰਭੂਰ ਤਦਾਦ ਵਿਚ ਮਿਲ ਬੈਠ ਨਵੇਂ ਵਰ੍ਹੇ ਦੀ ਖੁਸ਼ਆਮਦੀਦ ਤੇ ਸਰਬੱਤ ਦੇ ਭਲੇ ਦੀ ਕਾਮਨਾ ਨਾਲ ਇਕ ਨਵੇਕਲੀ ਸ਼ਾਂਮ ਦਾ ਅਯੋਜਨ ਸੈਂਟਰਲਵੈਲੀ ਕੈਲੀਫੋਰਨੀਆਂ ਦੇ ਸਿਟੀ ਟਰੇਸੀ ਵਿਖੇ ਕੀਤਾ ਗਿਆ।ਦਿਲਾਂ ਦੇ ਦਿੱਲਜਾਨੀ, ਸਾਰਿਆਂ ਦੀ ਜਿੰਦ ਦੇ ਕਦਰਦਾਨ' ਜਿੰਦ ਕਾਹਲੋਂ ਹਰਜਿੰਦਰ ਖੌਜਾਲਾ ਵਾਲੇ ਵਲੋਂ ਅਯੋਜਤ ਆਪਣੇ ਸੁਹਣੇ ਟਰੱਕ ਯਾਰਡ ਦੇ ਖੁਲ੍ਹੇ ਵਾਤਾ ਵਰਣ ਵਿਚ ਸੱਜਣਾਂ ਨੂੰ'ਜੀ ਆਇਆਂ ਨੂੰ' ਕਿਹਾ। ਲੰਘ ਗਏ ਵਕੱਤ(ਪਿਛਲੀ ਸਦੀ) ਦੇ ਨੌਂਵੇ ਦਹਾਕੇ ਭਾਵ ਪੈਤੀ-ਸੈਂਤੀ ਸਾਲ ਪੁਰਾਣੀਆਂ ਯਾਦਾਂ ਨੂੰ ਯਾਦ ਕਰਨ ਦੇ ਏਸ ਨਵੇਕਲੇ ਅੰਦਾਜ ਨੇ ਵੱਖਰਾ ਹੀ ਮਹੌਲ ਸਿਰਜ ਦਿੱਤਾ। ਪੂਰਨ ਸਿੰਘ(ਉੱਚੀ ਛਾਲ)ਦੇ ਰਾਸ਼ਟਰੀ ਸਕੂਲ ਰਿਕਾਰਡ , ਸਰਬ ਭਾਰਤੀ ਪੁਸਿਲ ਖੇਡਾਂ ਦੇ ਨਵੈਂ ਕੀਰਤੀਮਾਨ ਪੈਦਾ ਕਰਨ ਵਾਲੇ ਭੱਦਰਪੁਰਸ਼ ਨੂੰ ਮੁੱਖ ਮਹਿਮਾਨ ਵਜੌ ਨਿਵਾਜਿਆ ਗਿਆ। ਭੁਪਿੰਦਰ ਰਾਣਾ ਅਠੌਲੇ ਵਾਲਿਆਂ ਨੇ ਸਾਰਿਆਂ ਨੂੰ ਇਕ ਸੂਤਰਧਾਰ ਵਿਚ ਬਨ੍ਹਣ ਦੀ ਅਹਿਮ ਭੂਮਿਕਾ ਨਿਭਾਈ। ਫਕੀਰ ਸਿੰਘ ਮਲ੍ਹੀ ਨੇ ਓਸ ਪੁਰਾਣੇ ਸਮੇ 1984-88 (ਸੰਵੇਦਨਸ਼ੀਲ ਦੌਰ) ਤੱਕ ਦੀਆਂ ਅਭੁੱਲ ਘਟਨਾਂਵਾਂ ਨੂੰ ਬੜੇ ਭਾਵੁੱਕ ਹੋ ਕੇ ਕਾਵਿ ਸੱਤਰਾਂ ਰਾਂਹੀ ਮਹੌਲ ਨੂੰ ਸਾਹਿਤਕ ਬਣਾ ਸੱਜਣਾਂ ਲਈ ਵੱਖਰਾ ਹੀ ਵਾਤਾਵਰਣਦੀ ਸਿਰਜਣਾ ਕਰ ਦਿੱਤੀ।ਸਾਡੀਆਂ ਇਹ ਵਿਰਾਸਤੀ ਸੰਸਥਾਂਵਾਂ ਦੇ ਗੁਣ ਗਾਉਣ ਸਮੇ ਜਿੰਦ ਕਾਹਲੌਂ ਦੇ ਹੋਰ ਆਏ ਮਿੱਤਰਾਂ ਨੇ ਵੀ ਸਪੋਰਟਸ ਸਕੂਲ, ਤੇ ਸਪੋਰਟਸ ਕਾਲਜ ਦੇ ਲਈ ਜਿੰਦਾਬਾਦ, ਜਿੰਦਾਬਾਦ, ਗੂੰਜਾ ਦਿੱਤਾ।

ਵੀਡੀਓ ਕਾਨਫੰਰਸਰਾਂਹੀ ਪੁਰਾਣੇ ਬੇਲੀਆਂ, ਕੁਲਵੰਤ ਕੈਨੇਡਾ, ਰਾਜਵਿੰਦਰ ਕਾਲਾ, ਨਰਿੰਦਰ ਦੋਲੋ ਨੰਗਲ,ਭਜਨ ਬਾਬੇ ਨਾਲ ਹੁਣ ਦੀਆਂ ਸ਼ਕਲਾਂ ਵਿਖਾ ਕੇ ਗੱਲਾਂ ਬਾਤਾਂ ਕੀਤੀਆਂ ਗਈਆਂ। ਅੰਤ ਵਿਚ ਹਰਜਿੰਦਰ ਕਾਹਲੋਂ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਫੇਰ ਛੇਤੀਹੀ ਮਿਲਣੀ ਦਾ ਵਾਹਦਾ ਕੀਤਾ।

**- ਫਕੀਰ ਸਿੰਘ ਮੱਲ੍ਹੀ**

# ਨਵਜੋਤ ਸਿੰਘ ਸਿੱਧੂ ਗ਼ਲਤ ਬਿਆਨੀ ਨਾ ਕਰੇ- ਜਸਵਿੰਦਰ ਵਰਿਆਣਾ


**ਜਲੰਧਰ-** ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ) ਪੰਜਾਬ ਯੂਨਿਟ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਜਾਰੀ ਪ੍ਰੈਸ ਬਿਆਨ ਵਿੱਚ ਕਿਹਾ ਕਿ ਨਵਜੋਤ ਸਿੰਘ ਸਿੱਧੂ ਕਾਮੇਡੀ ਸ਼ੋਆਂ ਵਿੱਚ ਹਾਸੇ-ਮਜ਼ਾਕ ਵਾਲੇ ਵਿਅਕਤੀ ਦਾ ਰੋਲ ਚੰਗੀ ਤਰ੍ਹਾਂ ਨਿਭਾ ਸਕਦਾ ਹੈ। ਪੰਜਾਬ ਬਾਰੇ ਊਟਪਟਾਂਗ ਬਿਆਨ ਦੇ ਕੇ ਉਹ ਲੋਕਾਂ ਨੂੰ ਗੁਮਰਾਹ ਕਰ ਰਿਹਾ ਹੈ ਅਤੇ ਉਨ੍ਹਾਂ ਵਿਚ ਫੁੱਟ ਪਾ ਰਿਹਾ ਹੈ। ਸਿੱਧੂ ਦੀ ਕੋਈ ਨੈਤਿਕਤਾ ਨਹੀਂ ਹੈ। ਵਰਿਆਣਾ ਨੇ ਕਿਹਾ ਕਿ ਸਿੱਧੂ ਨੂੰ ਇਹ ਵੀ ਨਹੀਂ ਪਤਾ ਕਿ ਭਾਰਤ ਦੇ ਲੋਕਾਂ ਨੂੰ ਵੋਟ ਦਾ ਹੱਕ ਕਿਸ ਨੇ ਲੈ ਕੇ ਦਿੱਤਾ ਹੈ। ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਨੇ ਸਾਲ 1928 ਵਿਚ ਸਾਰੇ ਬਾਲਗਾਂ ਲਈ ਵੋਟ ਦੇ ਅਧਿਕਾਰ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਸੀ। ਮੋਹਨ ਦਾਸ ਕਰਮ ਚੰਦ ਗਾਂਧੀ ਨਾਲ ਵਿਚਾਰਕ ਲੜਾਈ ਲੜਕੇ ਬਾਬਾ ਸਾਹਿਬ ਡਾ ਅੰਬੇਡਕਰ ਨੇ ਦਲਿਤਾਂ ਨੂੰ 1932 ਵਿਚ ਪੂਨਾ ਪੈਕਟ ਦੁਆਰਾ ਰਾਜਨੀਤਕ ਅਧਿਕਾਰ ਲੈ ਕੇ ਦਿੱਤੇ ਅਤੇ ਜਦੋਂ ਉਨ੍ਹਾਂ ਨੂੰ ਸੰਵਿਧਾਨ ਡਰਾਫਟ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ ਸੀ ਤਾਂ ਉਨ੍ਹਾਂ ਨੇ ਜਵਾਹਰ ਲਾਲ ਨਹਿਰੂ ਅਤੇ ਹੋਰ ਨੇਤਾਵਾਂ ਦੀ ਸਹਿਮਤੀ ਨਾਲ ਸਾਰੇ ਬਾਲਗਾਂ ਨੂੰ ਵੋਟ ਦਾ ਅਧਿਕਾਰ ਪ੍ਰਦਾਨ ਕੀਤਾ ਸੀ। ਪੂਰਾ ਦੇਸ਼ ਆਜ਼ਾਦੀ ਘੁਲਾਟੀਆਂ ਦਾ ਰਿਣੀ ਹੈ ਅਤੇ ਸਤਿਕਾਰ ਨਾਲ ਉਨ੍ਹਾਂ ਅਗੇ ਸਿਰ ਝੁਕਦਾ ਹੈ। ਨਵਜੋਤ ਸਿੰਘ ਸਿੱਧੂ ਗ਼ਲਤ ਬਿਆਨੀ ਕਰਕੇ ਦੇਸ਼ ਦਾ ਅਪਮਾਨ ਵੀ ਕਰ ਰਿਹਾ ਹੈ।

# ਸਰਕਾਰ ਨੇ ਮੈਨੂੰ ਝੂਠੇ ਕੇਸ 'ਚ ਫਸਾਉਣ ਦੀ ਸਾਜ਼ਿਸ਼ ਘੜੀ- ਮਜੀਠੀਆ

**ਚੰਡੀਗੜ੍ਹ-** ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਨਿਆਂਪਾਲਿਕਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਾਂਗਰਸ ਦੀ ਸਾਜਿਸ਼ ਦਾ ਪਰਦਾਫਾਸ਼ ਹੋ ਗਿਆ ਹੈ।

ਪੇਸ਼ਗੀ ਜ਼ਮਾਨਤ ਮਿਲਣ ਤੋਂ ਬਾਅਦ ਅੱਜ ਮੀਡੀਆ ਨਾਲ ਰੁਬਰੂ ਹੋਏ ਸਾਬਕਾ ਮੰਤਰੀ ਨੇ ਕਿਹਾ ਕਿ ਭਾਵੇਂ ਕਾਗਰਸ ਸਰਕਾਰ ਨੇ ਉਸ ਨੂੰ ਝੂਠੇ ਕੇਸ ਵਿਚ ਫਸਾਉਣ ਵਾਸਤੇ ਸਾਜ਼ਿਸ਼ਾਂ ਰਚੀਆਂ, ਧਮਕੀਆਂ ਦਿੱਤੀਆਂ ਤੇ ਲਾਲਚ ਵੀ ਦਿੱਤੇ ਪਰ ਸਚਾਈ ਦੀ ਜਿੱਤ ਹੋਈ ਹੈ। ਉਨ੍ਹਾਂ ਅਜਿਹੇ ਪੁਲੀਸ ਅਧਿਕਾਰੀਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਮੁੱਖ ਮੰਤਰੀ ਚੰਨੀ ਦੀਆਂ ਗੈਰਕਾਨੂੰਨੀ ਮੰਗਾਂ ਮੰਨਣ ਤੋਂ ਇਨਕਾਰ ਕੀਤਾ ਤੇ ਸਰਕਾਰ ਦੇ ਗੈਰਕਾਨੂੰਨੀ ਹੁਕਮ ਮੰਨਣ ਦੀ ਥਾਂ ਆਪਣੇ ਅਹੁਦੇ ਛੱਡ ਦੇਣ ਨੂੰ ਤਰਜੀਹ ਦਿੱਤੀ। ਉਨ੍ਹਾਂ ਕਾਂਗਰਸ ਸਰਕਾਰ ਦੇ ਸੀਨੀਅਰ ਮੰਤਰੀਆਂ ਅਤੇ ਭਾਜਪਾ, 'ਆਪ' ਦੇ ਸੀਨੀਅਰ ਆਗੂਆਂ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਨੇ ਮੰਨਿਆ ਕਿ ਸਰਕਾਰ ਨੇ ਝੂਠਾ ਮਾਮਲਾ ਦਰਜ ਕੀਤਾ ਹੈ। ਸ੍ਰੀ ਮਜੀਠੀਆ ਨੇ ਕਿਹਾ ਕਿ ਪੰਜਾਬੀਆਂ ਨੇ ਪਿਛਲੇ ਤਿੰਨ ਮਹੀਨਿਆਂ ਵਿੱਚ ਕਾਂਗਰਸ ਸਰਕਾਰ ਦੀ ਬਦਲਾਖੋਰੀ ਕਾਰਨ ਬਹੁਤ ਸੰਤਾਪ ਹੰਢਾਇਆ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਇਤਿਹਾਸ 'ਚ ਕਦੇ ਵੀ ਇੰਨੇ ਥੋੜ੍ਹੇ ਸਮੇਂ 'ਚ ਤਿੰਨ ਡੀਜੀਪੀ ਤੇ ਬਿਊਰੋ ਆਫ ਇਨਵੈਸਟੀਗੇਸ਼ਨ (ਬੀਓਆਈ) ਦੇ ਚਾਰ ਡਾਇਰੈਕਟਰ ਬਦਲੇ ਨਹੀਂ ਗਏ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਝੂਠੇ ਕੇਸ ਵਿਚ ਫਸਾਉਣ ਵਾਸਤੇ ਰੋਜ਼ਾਨਾ ਮੀਟਿੰਗਾਂ ਕੀਤੀਆਂ।

# ਡਾ ਵਰਿੰਦਰਪਾਲ ਸਿੰਘ ਸੀਨੀਅਰ ਭੂਮੀ ਵਿਗਿਆਨੀ ਆਪਣੀ ਅਮਰੀਕਾ ਫੇਰੀ 'ਤੇ



**ਫਰਿਜ਼ਨੋ (ਕੈਲੀਫੋਰਨੀਆਂ), ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ -** ਡਾ ਵਰਿੰਦਰਪਾਲ ਸਿੰਘ ਸੀਨੀਅਰ ਭੂਮੀ ਵਿਗਿਆਨੀ ਪੰਜਾਬ ਐਗ੍ਰੀਕਲਚਰ ਯੂਨੀਵਰਸਿਟੀ ਲੁਧਿਆਣਾ, ਅੱਜਕੱਲ ਯੂਨੀਵਰਸਿਟੀ ਆਫਕੈਲੀਫੋਰਨੀਆਂ, ਡੇਵਿੱਡ ਵਿੱਚ ਖੋਜ ਸਬੰਧੀ ਕਾਰਜਾਂ ਲਈ ਆਏ ਹੋਏ ਹਨ। ਉਹ ਇੱਥੇ 25 ਮਾਰਚ 2022 ਤੱਕ ਰਹਿਣਗੇ। ਉਹ ਆਪਣੇ ਕਿਰਸਾਨੀ ਸਬੰਧੀਖੋਜ ਕਾਰਜਾਂ ਕਰਕੇ ਕਿਸੇ ਜਾਣ ਪਹਿਚਾਣ ਦੇ ਮੁਥਾਜ਼ ਨਹੀਂ ਹਨ। ਉਹਨਾਂ ਨੇ ਕਿਰਸਾਨੀ ਸੰਘਰਸ਼ ਮੌਕੇ ਕਿਸਾਨਾਂ ਦੀ ਹਮਾਇਤ ਵਿੱਚ ਆਪਣੀ ਡਟਕੇ ਅਵਾਜ਼ਬੁਲੰਦ ਕੀਤੀ। ਉਹ ਅਕਸਰ ਕਿਸਾਨੀ ਮੁੱਦਿਆਂ ਉੱਤੇ ਆਪਣੇ ਵਿਚਾਰ ਪ੍ਰਗਟ ਕਰਦੇ ਰਹਿੰਦੇ ਹਨ। ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਦੀ ਸਾਂਭ ਸੰਭਾਲ਼, ਉਹਨਾਂਦੀ ਮਾਨਸਿਕ ਅਤੇ ਵਿੱਤੀ ਸਹਾਇਤਾ ਲਈ, ਉਹਨਾਂ ਨੂੰ ਆਪਣੇ ਪੈਰਾਂ ਤੇ ਖੜਾ ਕਰਨ ਲਈ ਡਾ। ਸਾਬ੍ਹ ਨੇ ਆਤਮ ਪ੍ਰਗਾਸ ਕੌਂਸਲ ਵੱਲੋਂ ਬਹੁਤ ਹੀ ਸ਼ਲਾਘਾਯੋਗਕਾਰਜ ਅਰੰਭੇ ਹੋਏ ਨੇ । ਡਾ। ਸਾਬ੍ਹ ਨਾਲ ਸੰਪਰਕ ਕਰਨ ਲਈ ਜਾ ਹੋਰ ਵਧੇਰੇ ਜਾਣਕਾਰੀ ਲੈਣ ਲਈ ਤੁਸੀਂ ਮਨਚਿਤਰੰਜਨ ਸਿੰਘ ਨਾਲ (650) 430-0234, ਸ਼ੀਨਾ ਸਾਹਨੀ (510) 918-7941 ਜਾਂ ਗੁਲਿੰਦਰ ਸਿੰਘ ਗਿੱਲ ਨਾਲ (916)844-5310 ਤੇ ਸੰਪਰਕ ਕਰ ਸਕਦੇ ਹੋ।







## ਗਲਾਸਗੋ/ ਲੰਡਨ ਖਬਰਨਾਮਾ (ਮਨਦੀਪ ਖੁਰਮੀ ਹਿੰਮਤਪੁਰਾ)

# ਸਕਾਟਲੈਂਡ: ਬਰਫਬਾਰੀ ਨੇ ਤਾਣੀ ਚਿੱਟੀ ਚਾਦਰ, ਪ੍ਰੇਸ਼ਾਨੀ ਤੇ ਆਨੰਦ ਨਾਲੋ-ਨਾਲ







**ਗਲਾਸਗੋ–** ਸਕਾਟਲੈਂਡ ਵਿੱਚ ਹੋਈ ਬਰਫਬਾਰੀ ਜਿੱਥੇ ਤਸਵੀਰਾਂ ਵਿੱਚ ਵੇਖਣ ਵਾਲਿਆਂ ਨੂੰ ਆਕਰਸ਼ਿਤ ਕਰਦੀ ਹੈ, ਉੱਥੇ ਵਸਨੀਕਾਂ ਲਈ ਸਮੱਸਿਆਵਾਂ ਵੀ ਲੈ ਕੇ ਆਉਂਦੀ ਹੈ। ਬੀਤੀ ਰਾਤ ਮੀਂਹ ਦੀਆਂ ਫੁਹਾਰਾਂ ਦੇ ਨਾਲ ਬਰਫੀਲੇ ਪਾਣੀ ਦੇ ਡਿੱਗਦੇ ਰਹਿਣ ਨਾਲ ਤਾਪਮਾਨ ਇੱਕਦਮ ਹੇਠਾਂ ਚਲਿਆ ਗਿਆ। ਜਿਉਂ ਹੀ ਸਵੇਰ ਹੋਈ ਤਾਂ ਚਾਰ ਚੁਫੇਰਾ ਇਉਂ ਜਾਪਦਾ ਸੀ ਜਿਵੇਂ ਚਿੱਟੀ ਚਾਦਰ ਨਾਲ ਢਕਿਆ ਹੋਵੇ। ਭਾਰੀ ਬਰਫਬਾਰੀ ਨੇ ਬਹਕਤ ਸਾਰੇ ਇਲਾਕਿਆਂ ਨੂੰ ਵੱਡੀ ਪੱਧਰ 'ਤੇ ਪ੍ਰਭਾਵਿਤ ਕੀਤਾ ਹੈ ਜਿਸ ਕਰਕੇ ਟਰੈਫਿਕ ਸਕਾਟਲੈਂਡ ਨੇ ਯਾਤਰਾ ਕਰਨ ਵਾਲਿਆਂ ਨੂੰ ਵਧੇਰੇ ਸਾਵਧਾਨੀ ਦੀ ਸਲਾਹ ਦਿੱਤੀ ਹੈ। ਸਵੇਰ ਵੇਲੇ ਸਭ ਤੋਂ ਵੱਡੀ ਪ੍ਰੇਸ਼ਾਨੀ ਕੰਮਾਂਕਾਰਾਂ 'ਤੇ ਜਾਣ ਵਾਲੇ ਲੋਕਾਂ ਤੇ ਸਕੂਲੀ ਬੱਚਿਆਂ ਨੂੰ ਝੱਲਣੀ ਪਈ। ਜਿਸਦੇ ਸਿੱਟੇ ਵਜੋਂ ਕਾਫੀ ਸਕੂਲਾਂ ਵੱਲੋਂ ਸਕੂਲ ਦੇਰੀ ਨਾਲ ਖੋਲ੍ਹੇ ਗਏ। ਹਾਈਲੈਂਡਜ਼ ਕੌਂਸਲ ਵੱਲੋਂ ਕਿਲਮਿਊਰ ਪ੍ਰਾਇਮਰੀ, ਚਾਰਲਸਟਨ ਅਕੈਡਮੀ ਤੇ ਗਰੈਨਟਾਊਨ ਗਰੈਮਰ ਨੂੰ ਸਾਰਾ ਦਿਨ ਬੰਦ ਕਰਨ ਦਾ ਫੈਸਲਾ ਲਿਆ। ਮੈਟ ਆਫਿਸ ਵੱਲੋਂ ਤਾਪਮਾਨ ਦੇ ਡਿੱਗਣ ਨਾਲ 10 ਸੈਂਟੀਮੀਟਰ ਬਰਫਬਾਰੀ ਦੀ ਚਿਤਾਵਨੀ ਦਿੱਤੀ ਹੈ। ਜਿੱਥੇ ਸਿਆਣੀ ਉਮਰ ਦੇ ਲੋਕ ਬਰਫਬਾਰੀ ਕਾਰਨ ਪੈਦਾ ਹੋਈਆਂ ਮੁਸ਼ਕਿਲਾਂ ਨਾਲ ਜੂਝਦੇ ਰਹੇ ਉੱਥੇ ਬੱਚਿਆਂ ਵੱਲੋਂ ਬਰਫਬਾਰੀ ਦੌਰਾਨ ਖੂਬ ਮਸਤੀ ਕਰਦਿਆਂ ਆਨੰਦ ਵੀ ਮਾਣਿਆ ਗਿਆ।

# ਸਕਾਟਲੈਂਡ: ਅਜੋਕੇ ਦੋ ਹਫਤੇ ਐੱਨ ਐੱਚ ਐੱਸ ਲਈ ਪਿਛਲੇ 73 ਸਾਲਾਂ ਨਾਲੋਂ ਵਧੇਰੇ ਮੁਸ਼ਕਿਲ ਭਰੇ

## ਸਕਾਟਲੈਂਡ ਵਿੱਚ ਸ਼ੁਰੂਆਤ ਤੋਂ ਹੁਣ ਤੱਕ ਕੋਵਿਡ ਪਾਜੇਟਿਵ ਕੇਸਾਂ ਦਾ ਅੰਕੜਾ ਇੱਕ ਮਿਲੀਅਨ ਤੋਂ ਪਾਰ

**ਗਲਾਸਗੋ–** ਸਕਾਟਲੈਂਡ ਵਿੱਚ ਕੋਵਿਡ ਕੇਸਾਂ ਦੇ ਵਾਧੇ ਸਬੰਧੀ ਹੁਣ ਤੱਕ ਦੇ ਸਭ ਤੋਂ ਬੁਰੇ ਹਾਲਾਤ ਵੇਖਣ ਨੂੰ ਮਿਲ ਰਹੇ ਹਨ। ਸਿਹਤ ਸਕੱਤਰ ਹਮਜ਼ਾ ਯੂਸਫ ਨੇ ਤਾਜ਼ਾ ਹਾਲਾਤਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਆਉਣ ਵਾਲੇ 2 ਹਫਤਿਆਂ ਨੂੰ ਐੱਨ ਐੱਚ ਐੱਸ ਦੇ 73 ਸਾਲਾਂ ਇਤਿਹਾਸ ਦਾ ਸਭ ਤੋਂ ਵਧੇਰੇ ਮੁਸ਼ਕਿਲ ਸਮਾਂ ਦੱਸਿਆ ਹੈ। ਜਿਕਰਯੋਗ ਹੈ ਕਿ ਬੀਤੇ ਕੱਲ੍ਹ 11360 ਨਵੇਂ ਪਾਜੇਟਿਵ ਕੋਵਿਡ ਕੇਸ ਆਉਣ ਕਾਰਨ ਸ਼ੁਰੂਆਤੀ ਦੌਰ ਤੋਂ ਹੁਣ ਤੱਕ ਕੁੱਲ ਕੇਸ 1 ਮਿਲੀਅਨ ਤੋਂ ਟੱਪ ਗਏ ਹਨ। ਕੱਲ੍ਹ ਦੇ ਅੰਕੜਿਆਂ ਦੇ ਸ਼ਾਮਲ ਹੋਣ ਨਾਲ ਹੁਣ ਤੱਕ ਦੇ ਪੀੜਤਾਂ ਦੀ



ਗਿਣਤੀ 1 ਮਿਲੀਅਨ 10 ਹਜ਼ਾਰ 660 ਹੋ ਗਈ ਹੈ। ਪਿਛਲੇ ਹਫਤੇ 20 ਵਿਅਕਤੀਆਂ ਵਿੱਚੋਂ 1 ਪਾਜੇਟਿਵ ਸੀ, ਉਸਤੋਂ ਪਿਛਲੇ ਹਫਤੇ ਇਹ ਅੰਕੜਾ 40 ਪਿੱਛੇ 1 ਸੀ।

ਹਮਜ਼ਾ ਯੂਸਫ ਦਾ ਕਹਿਣਾ ਹੈ ਕਿ ਐੱਨ ਐੱਚ ਐੱਸ ਇਸ ਸਮੇਂ ਸਟਾਫ ਦੀ ਗੈਰਹਾਜ਼ਰੀ ਦਾ ਸੰਤਾਪ ਵੀ ਝੱਲ ਰਿਹਾ ਹੈ। ਇਸ ਸਮੇਂ 1200 ਤੋਂ ਵਧੇਰੇ ਲੋਕ ਹਸਪਤਾਲਾਂ ਵਿੱਚ ਦਾਖਲ ਹਨ। ਕੋਵਿਡ ਕਰਕੇ ਗੈਰਹਾਜ਼ਰ ਸਟਾਫ ਸਬੰਧੀ 4 ਜਨਵਰੀ ਤੱਕ ਦੇ ਅੰਕੜੇ ਦੱਸਦੇ ਹਨ ਕਿ 5482 ਕਰਮਚਾਰੀ ਗੈਰਹਾਜ਼ਰ ਹਨ ਜੋ ਕਿ ਜੂਨ 2020 ਤੋਂ ਬਾਅਦ ਹੁਣ ਤੱਕ ਦਾ ਵੱਡਾ ਅੰਕੜਾ ਹੈ। ਸਟਾਫ ਦੀ ਕਮੀ ਨਾਲ ਨਜਿੱਠਣ ਲਈ ਫਸਟ ਮਨਿਸਟਰ ਨਿਕੋਲਾ ਸਟਰਜਨ ਵੱਲੋਂ ਨਵੇਂ ਐਲਾਨ ਵੀ ਕੀਤੇ ਗਏ ਸਨ। ਜਿਸ ਤਹਿਤ ਸਕਾਟਲੈਂਡ ਵਿੱਚ ਪਾਜੇਟਿਵ ਆਏ ਲੋਕ ਹੁਣ 7 ਦਿਨਾਂ ਦੇ ਇਕਾਂਤਵਾਸ ਤੋਂ ਬਾਹਰ ਆ ਸਕਦੇ ਹਨ। ਉਸ ਲਈ ਇੱਕ ਸ਼ਰਤ ਇਹ ਵੀ ਹੈ ਕਿ ਉਹਨਾਂ ਵੱਲੋਂ ਦੋ ਨੈਗੇਟਿਵ ਲੈਟਰਲ ਫਲੋਅ ਟੈਸਟ ਹੋਣੇ ਚਾਹੀਦੇ ਹਨ।

# ਕੋਰੋਨਾ ਦੇ ਨਵੇਂ ਵੈਰੀਐਂਟ ਦੀ ਰਫ਼ਤਾਰ ਇਕ ਦਿਨ ਬਾਅਦ ਫਿਰ ਵਧੀ

**ਨਵੀਂ ਦਿੱਲੀ–** ਦੇਸ਼ ਵਿੱਚ ਕੋਰੋਨਾ ਦੀ ਰਫ਼ਤਾਰ ਇੱਕ ਵਾਰ ਫਿਰ ਵੱਧ ਗਈ ਹੈ। ਕੱਲ੍ਹ ਕੋਰੋਨਾ ਦੇ ਨਵੇਂ ਮਾਮਲਿਆਂ ਵਿੱਚ ਕਮੀ ਆਉਣ ਤੋਂ ਬਾਅਦ ਅੱਜ ਇਸ ਵਿੱਚ ਇਕ ਵਾਰ ਫਿਰ ਵਾਧਾ ਹੋਇਆ ਹੈ। ਸਿਹਤ ਮੰਤਰਾਲੇ ਨੇ ਕੋਰੋਨਾ ਦੇ ਅੰਕੜਿਆਂ ਨੂੰ ਲੈ ਕੇ ਇਕ ਅਪਡੇਟ ਜਾਰੀ ਕੀਤਾ ਹੈ। ਮੰਤਰਾਲੇ ਮੁਤਾਬਕ ਪਿਛਲੇ 24 ਘੰਟਿਆਂ ਵਿੱਚ ਦੇਸ਼ ਭਰ ਵਿੱਚ ਕੋਰੋਨਾ ਦੇ 1,94,720 ਨਵੇਂ ਮਾਮਲੇ ਸਾਹਮਣੇ ਆਏ ਹਨ। ਮੰਤਰਾਲੇ ਨੇ ਕਿਹਾ ਕਿ ਇਸ ਸਮੇਂ ਦੌਰਾਨ 60,405 ਲੋਕ ਠੀਕ ਹੋਏ ਹਨ ਜਦਕਿ 442 ਮਰੀਜ਼ਾਂ ਦੀ ਮੌਤ ਹੋ ਗਈ ਹੈ।

### ਕੱਲ੍ਹ ਨਾਲੋਂ 15।8% ਵੱਧ ਕੇਸ

ਕੱਲ੍ਹ ਦੇਸ਼ ਵਿੱਚ ਕੋਰੋਨਾ ਵਾਇਰਸ ਦੇ 1,68,063 ਮਾਮਲੇ ਸਨ। ਇਸ ਦੇ ਨਾਲ ਹੀ ਅੱਜ 26,657 ਹੋਰ 1,94,720 ਦਰਜ ਕੀਤੇ ਗਏ ਹਨ। ਕੱਲ੍ਹ ਨਾਲੋਂ ਅੱਜ 26,657 ਹੋਰ ਮਾਮਲੇ ਸਾਹਮਣੇ ਆਏ ਹਨ। ਕੋਰੋਨਾ ਦੇ ਸਰਗਰਮ ਮਰੀਜ਼ਾਂ ਦੀ ਗਿਣਤੀ ਹੁਣ ਵੱਧ ਕੇ 9,55,319 ਹੋ ਗਈ ਹੈ। ਰਿਪੋਰਟ ਦੇ ਮੁਤਾਬਕ, ਕੋਰੋਨਾ ਦੇ ਕੁੱਲ ਮਾਮਲੇ ਹੁਣ ਵੱਧ ਕੇ 3,60,70,510 ਹੋ ਗਏ ਹਨ। ਕੁੱਲ 3,46,30,536 ਇਸ ਤੋਂ ਠੀਕ ਹੋ ਚੁੱਕੇ ਹਨ। ਇਸ ਤੋਂ ਇਲਾਵਾ 4,84,655 ਲੋਕ ਆਪਣੀ ਜਾਨ ਗੁਆ ਚੁੱਕੇ ਹਨ। ਰੋਜ਼ਾਨਾ ਸਕਾਰਾਤਮਕਤਾ ਦਰ ਵੀ 11।05% ਹੋ ਗਈ ਹੈ।

### ਦਿੱਲੀ 'ਚ 21 ਹਜ਼ਾਰ ਤੇ ਮਹਾਰਾਸ਼ਟਰ 'ਚ 34 ਹਜ਼ਾਰ ਤੋਂ ਜ਼ਿਆਦਾ ਨਵੇਂ ਮਾਮਲੇ

ਦੇਸ਼ 'ਚ ਕੋਰੋਨਾ ਦੇ 1,68,063 ਨਵੇਂ ਮਾਮਲਿਆਂ ਦੇ ਆਉਣ ਤੋਂ ਬਾਅਦ ਸੰਕਰਮਣ ਦੇ ਕੁੱਲ ਮਾਮਲੇ ਵਧ ਕੇ 3,58,75,790 ਹੋ ਗਏ ਹਨ। ਕੇਂਦਰੀ ਸਿਹਤ ਮੰਤਰਾਲੇ ਦੁਆਰਾ ਮੰਗਲਵਾਰ ਨੂੰ ਅਪਡੇਟ ਕੀਤੇ ਗਏ ਅੰਕੜਿਆਂ ਦੇ ਅਨੁਸਾਰ, ਇਨ੍ਹਾਂ ਵਿੱਚੋਂ 4,461 ਕੇਸ ਓਮੀਕ੍ਰੋਨ ਵੇਰੀਐਂਟ ਦੇ ਵੀ ਹਨ। ਇਸ ਦੌਰਾਨ ਟੀਕਾਕਰਨ ਮੁਹਿੰਮ ਤਹਿਤ ਦੇਸ਼ ਵਿਚ ਹੁਣ ਤਕ 152।89 ਕਰੋੜ ਖੁਰਾਕਾਂ ਦਿੱਤੀਆਂ ਜਾ ਚੁੱਕੀਆਂ ਹਨ। ਇਸ ਦੇ ਨਾਲ ਹੀ ਦਿੱਲੀ ਵਿਚ ਪਿਛਲੇ 24 ਘੰਟਿਆਂ ਵਿਚ ਕੋਰੋਨਾ ਦੇ 21,259 ਨਵੇਂ ਮਾਮਲੇ ਸਾਹਮਣੇ ਆਏ ਹਨ। ਇਸ ਦੌਰਾਨ 23 ਲੋਕਾਂ ਦੀ ਕੋਰੋਨਾ ਕਾਰਨ ਮੌਤ ਹੋ ਚੁੱਕੀ ਹੈ। ਸੂਬੇ ਵਿਚ ਕੋਰੋਨਾ ਦੇ ਐਕਟਿਵ ਕੇਸਾਂ ਦੀ ਗਿਣਤੀ ਵਧ ਕੇ 74,881 ਹੋ ਗਈ ਹੈ ਅਤੇ ਸਕਾਰਾਤਮਕਤਾ ਦਰ 25।65 ਫੀਸਦੀ ਹੈ। ਮਹਾਰਾਸ਼ਟਰ 'ਚ ਪਿਛਲੇ 24 ਘੰਟਿਆਂ 'ਚ 34,424 ਨਵੇਂ ਕੋਰੋਨਾ ਮਾਮਲੇ ਅਤੇ 22 ਮੌਤਾਂ ਹੋਈਆਂ ਹਨ। ਸੂਬੇ ਵਿਚ ਕੋਰੋਨਾ ਦੇ ਸਰਗਰਮ ਮਾਮਲਿਆਂ ਦੀ ਗਿਣਤੀ ਵਧ ਕੇ 2 ਲੱਖ 21 ਹਜ਼ਾਰ 477 (2,21,477) ਹੋ ਗਈ ਹੈ। ਮਹਾਰਾਸ਼ਟਰ ਵਿਚ ਓਮੀਕ੍ਰੋਨ ਦੇ ਕੇਸਾਂ ਦੀ ਗਿਣਤੀ 1,281 ਹੈ, ਜਿਨ੍ਹਾਂ ਵਿਚ 499 ਡਿਸਚਾਰਜ ਹੋਏ ਹਨ। ਮਹਾਰਾਸ਼ਟਰ ਦੀ ਰਾਜਧਾਨੀ ਮੁੰਬਈ ਵਿਚ ਪਿਛਲੇ 24 ਘੰਟਿਆਂ ਵਿਚ ਕੋਰੋਨਾ ਦੇ 11,647 ਨਵੇਂ ਮਾਮਲੇ ਦਰਜ ਕੀਤੇ ਗਏ ਹਨ। ਇਸ ਦੌਰਾਨ 2 ਲੋਕਾਂ ਦੀ ਕੋਰੋਨਾ ਕਾਰਨ ਮੌਤ ਹੋ ਗਈ ਹੈ। ਮੁੰਬਈ ਵਿਚ ਐਕਟਿਵ ਕੇਸਾਂ ਦੀ ਗਿਣਤੀ 1,00,523 ਹੈ।

ਕੇਰਲ 'ਚ 24 ਘੰਟਿਆਂ 'ਚ ਕੋਰੋਨਾ ਦੇ 9,066 ਮਾਮਲੇ ਸਾਹਮਣੇ ਆਏ ਹਨ। 2,064 ਲੋਕਾਂ ਨੂੰ ਛੁੱਟੀ ਦਿੱਤੀ



ਗਈ ਹੈ ਅਤੇ 19 ਲੋਕਾਂ ਦੀ ਕੋਰੋਨਾ ਕਾਰਨ ਮੌਤ ਹੋ ਗਈ ਹੈ। ਸੂਬੇ ਵਿਚ ਕੋਰੋਨਾ ਦੇ ਐਕਟਿਵ ਕੇਸਾਂ ਦੀ ਗਿਣਤੀ ਵੱਧ ਕੇ 44,441 ਹੋ ਗਈ ਹੈ। ਹੁਣ ਤਕ 50,053 ਕੋਰੋਨਾ ਨਾਲ ਆਪਣੀ ਜਾਨ ਗੁਆ ਚੁੱਕੇ ਹਨ।

ਪੰਜਾਬ ਵਿਚ ਪਿਛਲੇ 24 ਘੰਟਿਆਂ ਵਿਚ 4,593 ਮਾਮਲੇ ਦਰਜ ਕੀਤੇ ਗਏ ਹਨ। ਇਸ ਸਮੇਂ ਦੌਰਾਨ ਮਹਾਮਾਰੀ ਨਾਲ 9 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਕੋਰੋਨਾ ਦੇ 23,235 ਐਕਟਿਵ ਕੇਸ ਹਨ। ਸੂਬੇ ਵਿਚ ਸਕਾਰਾਤਮਕਤਾ ਦਰ 18।64 ਫੀਸਦੀ ਹੈ। ਗੋਆ ਵਿਚ ਪਿਛਲੇ 24 ਘੰਟਿਆਂ ਵਿਚ ਕੋਰੋਨਾ ਦੇ 2,476 ਮਾਮਲੇ ਸਾਹਮਣੇ ਆਏ ਹਨ। 4 ਲੋਕਾਂ ਦੀ ਮੌਤ ਹੋ ਗਈ ਹੈ ਅਤੇ 12,019 ਐਕਟਿਵ ਕੇਸ ਹਨ। ਪਿਛਲੇ 24 ਘੰਟਿਆਂ 'ਚ ਜੰਮੂ-ਕਸ਼ਮੀਰ 'ਚ ਕੋਰੋਨਾ ਦੇ 1,148 ਨਵੇਂ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ 'ਚੋਂ 640 ਮਾਮਲੇ ਜੰਮੂ ਅਤੇ 508 ਮਾਮਲੇ ਕਸ਼ਮੀਰ ਦੇ ਹਨ। ਸੂਬੇ ਵਿਚ ਐਕਟਿਵ ਕੇਸਾਂ ਦੀ ਗਿਣਤੀ 4,810 ਹੈ।

ਕੇਂਦਰੀ ਸਿਹਤ ਮੰਤਰਾਲੇ ਵੱਲੋਂ ਸਵੇਰੇ 8 ਵਜੇ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਦੇਸ਼ ਵਿਚ 208 ਦਿਨਾਂ ਬਾਅਦ ਇਲਾਜ ਅਧੀਨ ਸਭ ਤੋਂ ਵੱਧ ਮਰੀਜ਼ਾਂ ਦੀ ਗਿਣਤੀ 8,21,446 ਦਰਜ ਕੀਤੀ ਗਈ, ਜਦੋਂ ਕਿ ਕੋਰੋਨਾ ਨਾਲ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 4,84,213 ਹੋ ਗਈ। 277 ਹੋਰ ਮਰੀਜ਼ ਓਮੀਕ੍ਰੋਨ ਦੇ 4,461 ਮਾਮਲਿਆਂ ਵਿੱਚੋਂ, 1,711 ਲੋਕ ਹੁਣ ਤਕ ਠੀਕ ਹੋ ਚੁੱਕੇ ਹਨ ਜਾਂ ਵਿਦੇਸ਼ ਚਲੇ ਗਏ ਹਨ। ਮਹਾਰਾਸ਼ਟਰ ਵਿਚ ਓਮੀਕ੍ਰੋਨ ਦੇ ਸਭ ਤੋਂ ਵੱਧ 1,281 ਮਾਮਲੇ ਹਨ। ਇਸ ਤੋਂ ਬਾਅਦ ਰਾਜਸਥਾਨ ਵਿਚ 645, ਦਿੱਲੀ ਵਿਚ 546, ਕਰਨਾਟਕ ਤੇ ਕੇਰਲ ਵਿਚ 479 ਹਨ।

ਮੰਤਰਾਲੇ ਨੇ ਕਿਹਾ ਕਿ ਸੰਕਰਮਣ ਦੇ ਇਲਾਜ ਅਧੀਨ ਮਰੀਜ਼ ਸੰਕਰਮਣ ਦੇ ਕੁੱਲ ਮਾਮਲਿਆਂ ਦਾ 2-29 ਫੀਸਦੀ ਹਨ, ਜਦੋਂ ਕਿ ਕੋਰੋਨਾ ਤੋਂ ਰਾਸ਼ਟਰੀ ਰਿਕਵਰੀ ਦਰ ਘਟ ਕੇ 96-36 ਫੀਸਦੀ ਰਹਿ ਗਈ ਹੈ। ਪਿਛਲੇ 24 ਘੰਟਿਆਂ ਵਿਚ ਕੋਰੋਨਾ ਦੇ ਇਲਾਜ ਅਧੀਨ ਮਰੀਜ਼ਾਂ ਦੀ ਗਿਣਤੀ ਵਿਚ 97,827 ਦਾ ਵਾਧਾ ਹੋਇਆ ਹੈ। ਮੰਤਰਾਲੇ ਦੇ ਅਨੁਸਾਰ ਰੋਜ਼ਾਨਾ ਸੰਕਰਮਣ ਦਰ 10-65 ਫੀਸਦੀ ਦਰਜ ਕੀਤੀ ਗਈ ਜਦੋਂ ਕਿ ਹਫਤਾਵਾਰੀ ਲਾਗ ਦਰ 8-85 ਫੀਸਦੀ ਹੈ। ਪਿਛਲੇ 24 ਘੰਟਿਆਂ ਵਿਚ ਮਰਨ ਵਾਲੇ 277 ਮਰੀਜ਼ਾਂ ਵਿੱਚੋਂ 166 ਕੇਰਲ ਅਤੇ 17 ਦਿੱਲੀ ਦੇ ਸਨ।

### ਵਿਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ ਲਈ ਸਖ਼ਤ ਹੋਏ ਨਿਯਮ

ਭਾਰਤ ਵਿੱਚ ਪਿਛਲੇ ਕੁਝ ਦਿਨਾਂ ਤੋਂ ਕੋਰੋਨਾ ਅਤੇ ਓਮੀਕ੍ਰੋਨ ਨੇ ਤੇਜ਼ੀ ਫੜੀ ਹੈ। ਇਸ ਦੇ ਮੱਦੇਨਜ਼ਰ ਭਾਰਤ ਸਰਕਾਰ ਨੇ ਵਿਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ ਲਈ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਇਸ ਦੇ ਮੁਤਾਬਕ ਵਿਦੇਸ਼ਾਂ ਤੋਂ ਆਉਣ ਵਾਲੇ ਸਾਰੇ ਯਾਤਰੀਆਂ ਲਈ 7 ਦਿਨਾਂ ਦਾ ਹੋਮ ਕੁਆਰੰਟੀਨ ਜ਼ਰੂਰੀ ਹੋਵੇਗਾ। ਅੱਠਵੇਂ ਦਿਨ ਯਾਤਰੀਆਂ ਦਾ ਆਰਟੀ-ਪੀਸੀਆਰ ਟੈਸਟ ਕੀਤਾ ਜਾਵੇਗਾ। ਇਹ ਦਿਸ਼ਾ-ਨਿਰਦੇਸ਼ ਅੱਜ ਤੋਂ ਜਾਰੀ ਕੀਤੇ ਜਾ ਰਹੇ ਹਨ।

ਇਸ ਸਬੰਧ ਵਿਚ ਇਕ ਬਿਆਨ ਜਾਰੀ ਕਰਦੇ ਹੋਏ ਸਿਹਤ ਮੰਤਰਾਲੇ ਨੇ ਕਿਹਾ ਕਿ ਅੰਤਰਰਾਸ਼ਟਰੀ ਯਾਤਰੀਆਂ ਲਈ ਸੰਸ਼ੋਧਿਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ, ਤਾਂ ਜੋ ਕੋਰੋਨਾ ਦੇ ਓਮਾਈਕ੍ਰੋਨ ਵੇਰੀਐਂਟ ਦੇ ਸੰਕਰਮਣ ਨੂੰ ਰੋਕਿਆ ਜਾ ਸਕੇ। ਸਿਹਤ ਮੰਤਰਾਲੇ ਨੇ ਕਿਹਾ ਕਿ ਕੋਰੋਨਾ ਦੀ ਗੰਭੀਰ ਸਥਿਤੀ ਦੇ ਮੱਦੇਨਜ਼ਰ ਇਹ ਫੈਸਲਾ ਕੀਤਾ ਗਿਆ ਹੈ ਕਿ ਵਿਦੇਸ਼ਾਂ ਤੋਂ ਆਉਣ ਵਾਲਿਆਂ ਨੂੰ ਤੁਰੰਤ ਬਾਹਰ ਜਾਣ ਜਾਂ ਘੁੰਮਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਨੂੰ ਪਹਿਲਾਂ ਹੋਮ ਕੁਆਰੰਟੀਨ ਵਿੱਚ ਰਹਿਣਾ ਹੋਵੇਗਾ। ਇਸ ਤੋਂ ਅੱਠ ਦਿਨਾਂ ਬਾਅਦ ਆਰਟੀ-ਪੀਸੀਆਰ ਟੈਸਟ ਕਰਵਾਉਣਾ ਜ਼ਰੂਰੀ ਹੋਵੇਗਾ। ਸਿਹਤ ਮੰਤਰਾਲੇ ਨੇ ਕਿਹਾ ਕਿ ਸਾਰੇ ਯਾਤਰੀਆਂ ਨੂੰ ਏਅਰ ਸੁਵਿਧਾ ਪੋਰਟਲ 'ਤੇ ਆਪਣੇ ਬਾਰੇ ਪੂਰੀ ਅਤੇ ਸਹੀ ਜਾਣਕਾਰੀ ਦੇਣੀ ਹੋਵੇਗੀ। ਯਾਤਰਾ ਦੀ ਮਿਤੀ ਤੋਂ 14 ਦਿਨ ਪਹਿਲਾਂ ਕੀਤੀਆਂ ਗਈਆਂ ਹੋਰ ਯਾਤਰਾਵਾਂ ਦਾ ਵੇਰਵਾ ਵੀ ਦੇਣਾ ਹੋਵੇਗਾ। ਯਾਤਰੀ ਨੂੰ ਨੈਗੇਟਿਵ ਰਿਪੋਰਟ ਅਪਲੋਡ ਕਰਨੀ ਹੋਵੇਗੀ। ਇਹ ਟੈਸਟ ਯਾਤਰਾ ਦੀ ਮਿਤੀ ਤੋਂ ਵੱਧ ਤੋਂ ਵੱਧ 72 ਘੰਟੇ ਪਹਿਲਾਂ ਹੋਣਾ ਚਾਹੀਦਾ ਹੈ। ਟੈਸਟ ਰਿਪੋਰਟ ਦੀ ਭਰੋਸੇਯੋਗਤਾ ਦਾ ਹਲਫੀਆ ਬਿਆਨ ਵੀ ਦੇਣਾ ਹੋਵੇਗਾ। ਹਰੇਕ ਯਾਤਰੀ ਨੂੰ ਲਿਖਤੀ ਰੂਪ ਵਿੱਚ ਦੇਣਾ ਹੋਵੇਗਾ ਕਿ ਉਹ ਕੁਆਰੰਟੀਨ, ਸਿਹਤ ਨਿਗਰਾਨੀ ਨਾਲ ਸਬੰਧਤ ਸਾਰੇ ਨਿਯਮਾਂ ਦੀ ਪਾਲਣਾ ਕਰਨਗੇ। ਕੋਰੋਨਾ ਟੈਸਟ ਵਿੱਚ ਨੈਗੇਟਿਵ ਆਉਣ ਦੇ ਬਾਵਜੂਦ, ਯਾਤਰੀ 7 ਦਿਨਾਂ ਲਈ ਲਾਜ਼ਮੀ ਹੋਮ ਕੁਆਰੰਟੀਨ ਵਿੱਚ ਰਹਿਣਗੇ ਅਤੇ ਅੱਠਵੇਂ ਦਿਨ ਉਨ੍ਹਾਂ ਦਾ ਆਰਟੀਪੀਸੀਆਰ ਟੈਸਟ ਹੋਵੇਗਾ।




NIRMAL SINGH BADHAN
NSB Insurance
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
for Insurance Call:
NIRMAL SINGH BADHAN
707-228-2020
Lic #0144676
Call: 707-228-2020, Fax: 707-260-2813
www.nsbinsures.com
1519 Gary CT., Rohnert Park, CA 94928

# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਵਲੋਂ ਫਰਿਜ਼ਨੋ ਵਿਖੇ ਦੋ ਪੁਸਤਕਾਂ ਲੋਕ-ਅਰਪਣ ਅਤੇ ਕਵੀ ਦਰਬਾਰ

## "ਜ਼ੂਮ ਮੀਡੀਏ ਰਾਹੀ ਲੱਗਿਆ ਕਵੀ ਦਰਬਾਰ"





**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ ):** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੇਫੋਰਨੀਆਂ ਵੱਲੋਂ ਸਥਾਨਕ ਸਿੱਖ ਇੰਸਟੀਚਿਊਟ (ਗੁਰਦੁਆਰਾ ਸਿੰਘ ਸਭਾ ਫਰਿਜ਼ਨੋ) ਵਿਖੇ ਪੰਜਾਬੀ ਲੇਖਕਾਂ ਅਤੇ ਸਾਹਿੱਤਕ ਪ੍ਰੇਮੀਆਂ ਦੀ ਹਾਜ਼ਰੀ ਵਿੱਚ ਦੋ ਪੁਸਤਕਾਂ ਲੋਕ ਅਰਪਣ ਕੀਤੀਆ ਗਈਆਂ। ਜਿੰਨਾਂ ਵਿੱਚ ਇੰਗਲੈਂਡ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਲੇਖਕ ਗੁਰਚਰਨ ਸੱਗੂ ਦੀ ਪੁਸਤਕ "ਵੇਖਿਆ ਸ਼ਹਿਰ ਬੰਬਈ" ਅਤੇ ਸਥਾਨਿਕ ਲੇਖਕ ਇੰਦਰਜੀਤ ਚੁਗਾਵਾਂ ਦੀ ਪੁਸਤਕ "ਕਿਵ ਕੂਵੇ ਤੁਟੇ ਪਾਲ" ਨੂੰ ਲੋਕ-ਅਰਪਣ ਕੀਤਾ ਗਿਆ।


ਸਮਾਗਮ ਦੀ ਸੁਰੂਆਤ ਕਵੀ ਹਰਜਿੰਦਰ ਕੰਗ ਦੁਆਰਾ ਮਹਿਮਾਨ ਲੇਖਕਾਂ ਗੁਰਚਰਨ ਸੱਗੂ ਅਤੇ ਇੰਦਰਜੀਤ ਚੁਗਾਵਾਂ ਨੂੰ ਜੀਓ ਆਇਆਂ ਕਹਿਣ ਨਾਲ ਹੋਈ।

ਗੁਰਚਰਨ ਸੱਗੂ ਨੇ ਕਿਹਾ ਕਿ ਆਦਮੀ ਦੋ ਤਰ੍ਹਾਂ ਦੇ ਸੁਫਨੇ ਲੈਂਦਾ ਹੈ, ਇੱਕ ਸੁਤਿਆਂ ਅਤੇ ਇੱਕ ਜਗਦਿਆਂ।ਉਸ ਦੀ ਪੁਸਤਕ 'ਦੇਖਿਆ ਸ਼ਹਿਰ ਬੰਬਈ' ਉਸ ਦੁਆਰਾ ਜਾਗਦਿਆਂ ਲਏ ਸੁਫਨਿਆਂ ਦੇ ਬਣਨ ਦੇ ਟੁੱਟਣ ਦੀ ਵਿਥਿਆ ਹੈ। ਜਿੱਥੇ ਇੰਦਰਜੀਤ ਚੁਗਾਵਾਂ ਨੇ ਆਪਣੀ ਪੁਸਤਕ, ' ਕਿਵ ਤੂੜੇ ਟੂਟੇ ਪਾਲ' ਦੇ ਹਵਾਲੇ ਨਾਲ ਕਿਹਾ ਕਿ ਇਸ ਵਿੱਚ ਉਸ ਦੇ ਪੱਤਰਕਾਰੀ ਤੋਂ ਸ਼ੁਰੂ ਹੋ ਕੇ ਲੇਖਕ ਬਣਨ ਦੇ ਸਫਰ ਦਾ ਬਿਰਤਾਂਤ ਹੈ। ਇਸ ਸਮਾਗਮ ਦੌਰਾਨ ਵਿਚਾਰ ਚਰਚਾ ਦੀ ਸ਼ੁ-ਰੂਆਤ ਕਰਦਿਆ, ਕਵੀ ਬਲਦੇਵ ਬਾਵਾ ਨੇ ਗੁਰਚਰਨ ਸੱਗੂ ਦੀ ਪੁਸਤਕ 'ਦੇਖਿਆ ਸ਼ਹਿਰ ਬੰਬਈ' ਬਾਰੇ ਕਿਹਾ ਕਿ ਇਸ ਵਿਚਲੀਆਂ ਘਟਨਾਵਾਂ ਦਿਲ ਛੂੰਹਦੀਆਂ ਹਨ, ਤਾਂ ਡਾ ਗੁਰਪ੍ਰੀਤ ਧੁੱਘਾ ਨੇ ਇਸ ਨੂੰ ਪੰਜਾਬੀ ਸਾਹਿਤ ਵਿੱਚ ਇੱਕ ਵਿਲੱਖਣ ਵਾਧੇ ਵਜੋਂ ਵਡਿਆਇਆ।

ਪੁਸਤਕ ਬਾਰੇ ਆਪਣੇ ਪ੍ਰਭਾਵ ਸਾਂਝੇ ਕਰਿਦਆਂ, ਹਰਜਿੰਦਰ ਕੰਗ ਨੇ ਕਿਹਾ ਕਿ ਕਿਵੇਂ ਚੰਨਾ ਲਾਲਾਰੀ (ਗੁਰਚਰਨ ਸੱਗੂ) ਜਿੰਦਗੀ ਦੀ ਤਸਵੀਰ ਵਿਚ ਰੰਗ ਭਰਨ ਲਈ ਨਕੋਦਰ




ਦੀ ਧਰਤੀ ਤੇ ਸੁਪਨਿਆਂ ਦੇ ਪਰਿੰਦੇ ਪਾਲਦਾ ਹੈ ਤੇ ਪਰਿੰਦਿਆ ਸਮੇਤ ਉੱਡ ਕੇ ਇੰਗਲੈਂਡ ਦੇ ਪਿੰਜਰੇ ਚ ਦਾਣਾ ਚੁੱਗਣ ਆ ਜਾਂਦਾ ਹੈ ਕਿਰਤ ਕਰਦਾ ਹੈ, ਕਿਰਤ ਵਧਦੀ ਫੁਲਦੀ ਹੈ, ਸੁਪਨਿਆਂ ਦੇ ਪਰਿੰਦੇ ਉੱਡਣ ਜੋਗੇ ਹੁੰਦੇ ਹਨ।ਚੰਨਾ ਪਿੰਜਰਾ ਤੋੜ ਕੇ ਜਿੰਦਗੀ ਦੀ ਤਸਵੀਰ ਚ ਰੰਗ ਭਰਨ ਲਈ ਵੱਡੀ ਰੰਗਸ਼ਾਲਾ ਬੰਬਈ ਵੱਲ ਉਡਾਰੀ ਭਰਦਾ ਹੈ।ਆਸਾਂ ਦੇ ਅੰਬਰ ਤੇ ਆਪਣੇ ਚਾਵਾਂ ਦੇ ਚੰਨ ਤਾਰੇ ਜੜਨ ਦਾ ਯਤਨ ਕਰਦਾ ਹੈ ਅਤੇ ਆਪਣੇ ਘਰ ਦੇ ਚਿਰਾਗ ਨਾਲ ਜੂਅ ਖੇਡਦਾ ਹੈ।




ਆਪਣੇ ਲੰਮੇ ਪਰਚੇ ਵਿੱਚ ਕਵੀ ਸੰਤੋਖ ਮਿਨਹਾਸ ਨੇ ਸੱਗੂ ਦੀ ਸ਼ੈਲੀ, ਸ਼ਬਦ ਚੋਣ ਅਤੇ ਰੌਚਕਿਤਾ ਦੀ ਗੱਲ ਕਰਦਿਆਂ ਕਿਹਾ ਕਿ ਇਸ ਵਿੱਚੋਂ ਲੇਖਕ ਵਿਚਲੇ ਮਾਨਵੀ ਗੁਣਾਂ ਦੇ ਦਰਸ਼ਨ ਹੁੰਦੇ ਹਨ।ਬੰਬਈ ਵਿੱਚ ਲੇਖਕ ਦੇ ਸੁਫਨਿਆਂ ਦੀ ਟੁੱਟ ਭੱਜ ਬਾਰੇ ਬੋਲਦਿਆਂ ਉਸ ਦਾ ਕਹਿਣਾ ਸੀ ਕਿ ਅਜੋਕੇ ਬਾਜਾਰ ਦੇ ਦੌਰ ਵਿੱਚ ਕੋਈ ਕਿਸੇ ਦਾ ਨਹੀਂ ਹੁੰਦਾ ਅਤੇ ਲੇਖਕ ਅਤੇ ਕਲਾਕਾਰ ਇੱਕ ਵਸਤ ਵਿੱਚ ਤਬਦੀਲ ਹੋ ਜਾਂਦੇ ਹਨ।ਇਸ ਦੌਰ ਦੀ ਵਿਡੰਬਣਾ ਦੀ ਗੱਲ ਕਰਦਿਆਂ ਉਸ ਨੇ ਕਿਹਾ ਕਿ ਬੇਸ਼ਕ ਅਸੀਂ ਵਿਸ਼ਵਾਸ਼ ਤੇ ਜਿਉਂਦੇ ਹਾਂ ਪਰ ਖੁਦਗਰਜ਼ੀਆਂ ਮੂਹਰੇ ਇਹ ਟੁੱਟਦਾ ਹੈ।

ਇਸ ਚਰਚਾ ਨੂੰ ਅੱਗੇ ਤੋਰਦਿਆਂ ਸੁੱਖਵਿੰਦਰ ਕੰਬੋਜ ਨੇ ਕਿਹਾ ਕਿ ਸੱਗੂ, ਲੇਖਕ ਦਾ ਧਰਮ ਪਾਲਦਿਆਂ, ਆਪਣੇ ਆਪਣ ਨੂੰ ਹੀਰੋ ਨਹੀਂ ਬਣਾਉਂਦਾ, ਉਹ ਖਲਨਾਇਕ ਵੀ ਹੈ।ਜਿੱਥੇ ਉਹ ਹੋਰਨਾਂ ਵਿਚਲੀ 'ਖੁਦਗਰਜੀ' ਨੂੰ ਦੇਖਦਾ ਹੈ, ਉਥੇ ਉਹ ਆਪਣੇ ਵਿਚਲੀਆਂ ਘਾਟਾਂ ਨੂੰ ਵੀ ਅੰਗਦਾ ਹੈ।

ਇਸ ਸਮਾਗਮ ਵਿੱਚ ਬੇ ਏਰੀਏ ਤੋਂ ਸੁਖਵਿੰਦਰ ਕੰਬੋਜ, ਕੁਲਵਿੰਦਰ, ਤਾਰਾ ਸਾਗਰ ਨੀਲਮ ਸੈਣੀ, ਗੁਲਸ਼ਨ ਦਿਆਲ, ਸੁਰਿੰਦਰ ਸੋਹਲ, ਸੁਰਿੰਦਰ ਸੀਰਤ ਤੋਂ ਇਲਾਵਾ ਗੁਲਜਾਰ ਸਿੰਘ,ਅਵਤਾਰ ਗੋਂਦਾਰਾ, ਤਰਲੋਕ ਮਿਨਹਾਸ, ਬਲਦੇਵ ਬਾਵਾ, ਅਸ਼ਰਫ ਗਿੱਲ, ਰਣਜੀਤ ਗਿੱਲ, ਡਾ ਗੁਰਪ੍ਰੀਤ ਧੁੱਗਾ, ਕੁਲਵੰਤ ਉਭੀ, ਨੀਟਾ ਮਾਛੀਕੇ, ਸੁਰਿੰਦਰ ਮੰਡਾਲੀ, ਮਹਿੰਦਰ ਸਿੰਘ ਢਾਹ, ਅਮਰਜੀਤ ਪੰਨੂ, ਰਾਣੀ ਸੱਗੂ ਆਦਿਕ ਨੇ ਹਿੱਸਾ ਲਿਆ। ਸੈਂਟਰਲ ਵੈਲੀ ਫਰਿਜ਼ਨੋ ਪੰਜਾਬੀ ਸਾਹਿੱਤਕ-ਾਰਾ ਦੀ ਰਾਜਧਾਨੀ ਬਣ ਗਿਆ ਹੈ।

ਪਰ ਇਸ ਸਮੇਂ ਮੌਸ਼ਮ ਅਤੇ ਕੋਵਿੰਡ-19 ਦੇ ਕਰਕੇ ਬਹੁਤ ਸਾਰੇ ਸਥਾਨਿਕ ਲੇਖਕਾ ਦੀ ਘਾਟ ਮਹਿਸੂਸ ਹੋ ਰਹੀ ਸੀ। ਜਿਸ ਨੂੰ "ਜ਼ੂਮ ਮੀਡੀਏ" ਰਾਹੀ ਹਾਜ਼ਰ ਕਵੀਆਂ ਨੇ ਬਾਖੂਬੀ ਪੂਰਾ ਕਰਦੇ ਹੋਏ ਆਪਣੀਆਂ-ਆਪਣੀਆਂ ਰਚਨਾਵਾਂ ਰਾਹੀ ਸਾਹਿੱਤਕ ਰੰਗ ਭਰੇ। ਸਟੇਜ਼ ਸੰਚਾਲਨ ਉਸਤਾਦ ਕਵੀ ਹਰਜਿੰਦਰ ਕੰਗ ਨੇ ਬਾਖੂਬੀ ਸ਼ਾਇਰਾਨਾ ਅੰਦਾਜ ਵਿੱਚ ਕੀਤਾ। ਅੰਤ ਸਮਾਗਮ ਦੀ ਸਮਾਪਤੀ ਕਵਿਤਾ ਪਾਠ ਨਾਲ ਹੋਈ।

# ਜਰਖੜ ਹਾਕੀ ਅਕੈਡਮੀ ਨੇ ਖਿਡਾਰੀਆਂ ਨੂੰ ਵੰਡੀਆਂ ਸਪੋਰਟਸ ਕਿੱਟਾਂ

**ਲੁਧਿਆਣਾ-** ਪੰਜਾਬ ਖੇਡ ਵਿਭਾਗ ਵੱਲੋਂ ਬੱਚਿਆਂ ਨੂੰ ਤਿੰਨ ਹਜ਼ਾਰ ਦੀ ਲਾਗਤ ਵਾਲੀ ਪ੍ਰਦਾਨ ਕੀਤੇ ਗਈ ਸਪੋਰਟਸ ਕਿੱਟ ਅੱਜ ਜਰਖੜ ਖੇਡ ਸਟੇਡੀਅਮ ਵਿਖੇ ਅਕੈਡਮੀ ਦੇ ਹਾਕੀ ਖਿਡਾਰੀਆਂ ਨੂੰ ਦਿੱਤੀ ਗਈ ਹੈ। ਇਸ ਮੌਕੇ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਪੰਜਾਬ ਖੇਡ ਵਿਭਾਗ ਨੇ ਜਰਖੜ ਹਾਕੀ ਅਕੈਡਮੀ ਦੇ 40 ਦੇ ਕਰੀਬ ਬੱਚਿਆਂ ਲੇ ਸਪੋਰਟਸ ਕਿੱਟਾਂ ਭੇਜੀਆਂ ਹਨ । ਜਿਨ੍ਹਾਂ ਦੀ ਕੀਮਤ ਲਗਪਗ ਸਵਾ ਲੱਖ ਦੇ ਕਰੀਬ ਹੈ ਅੱਜ ਸਾਰੇ ਬੱਚਿਆਂ ਨੂੰ ਸਪੋਰਟਸ ਕਿੱਟਾਂ ਜਿਸ ਵਿੱਚ ਟਰੈਕ ਸੂਟ ,ਟੀਸ਼ਰਟਸ ਬੂਟਸ ਅਤੇ ਹੋਰ ਸਾਮਾਨ ਖੇਡ ਵਿਭਾਗ ਵੱਲੋਂ ਦਿੱਤਾ ਗਿਆ ਪ੍ਰਦਾਨ ਕਰ ਦਿੱਤੀ ਗਈ ਹੈ । ਇਸ ਬਦਲੇ ਉਨ੍ਹਾਂ ਨੇ ਪੰਜਾਬ ਸਰਕਾਰ ਅਤੇ ਪੰਜਾਬ ਖੇਡ ਵਿਭਾਗ ਦਾ ਧੰਨਵਾਦ ਵੀ ਕੀਤਾ। ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਜਰਖੜ ਹਾਕੀ ਅਕੈਡਮੀ ਜਿਸ ਵਿੱਚ ਹਾਕੀ ਤੋਂ ਇਲਾਵਾ 50 ਦੇ ਕਰੀਬ ਮੁੱਕੇਬਾਜ਼ ਨਾਲ ਸਬੰਧਤ ਖਿਡਾਰੀ ਵੀ ਟਰੇਨਿੰਗ ਲੈ ਰਹੇ ਹਨ ਉਨ੍ਹਾਂ ਸਾਰੇ ਬੱਚਿਆਂ ਨੂੰ ਸਹੂਲਤਾਂ ਪ੍ਰਦਾਨ ਕਰਨ ਲਈ ਜਰਖੜ ਅਕੈਡਮੀ




ਵਚਨਬੱਧ ਹੈ ਉਨ੍ਹਾਂ ਦੱਸਿਆ ਕਿ ਇਕ ਹਫ਼ਤਾ ਪਹਿਲਾਂ ਮੁੱਕੇਬਾਜ਼ੀ ਨਾਲ ਸਬੰਧਤ ਸਾਰੇ ਖਿਡਾਰੀਆਂ ਪੰਜਾਬ ਫਾਊਂਡੇਸ਼ਨ ਨੇ ਟਰੈਕ ਸੂਟ ਦਿੱਤੇ ਗਏ ਹਨ। ਇਸੇ ਤਰ੍ਹਾਂ ਜੋ ਬੱਚੇ ਹੋਰ ਰਹਿੰਦੇ ਹਨ ਉਨ੍ਹਾਂ ਨੂੰ ਖੇਡਾਂ ਨਾਲ ਸਬੰਧਤ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ । ਜਰਖੜ ਖੇਡ ਸਟੇਡੀਅਮ ਵਿਖੇ ਪੈਦਾ ਹੋਇਆ ਖੇਡ ਸੱਭਿਆਚਾਰ ਇਕ ਆਪਣੀ ਨਿਵੇਕਲੀ ਹੀ ਤਸਵੀਰ ਪੇਸ਼ ਕਰ ਰਿਹਾ ਹੈ ਹਰ ਰੋਜ਼ ਦੇ 150 ਕਰੀਬ ਇਲਾਕੇ ਦੇ ਪੰਜ ਸੱਤ ਪਿੰਡਾਂ ਦੇ ਉਭਰਦੇ ਖਿਡਾਰੀ ਅਤੇ ਬੱਚੇ ਹਾਕੀ ਅਤੇ ਮੁੱਕੇਬਾਜ਼ੀ ਦੀ ਟ੍ਰੇਨਿੰਗ ਲੈਂਦੇ ਹਨ । ਇਸ ਮੌਕੇ ਅੱਜ ਪਿੰਡ ਦੇ ਪਤਵੰਤਿਆਂ ਨੇ ਬੱਚਿਆਂ ਨੂੰ ਸਪੋਰਟਸ ਕਿੱਟਾਂ ਵੰਡੀਆਂ ਜਿਨ੍ਹਾਂ ਵਿੱਚ ਕੋਚ ਗੁਰਸਤਿੰਦਰ ਸਿੰਘ ਪਰਗਟ ,ਕੋਚ ਗੁਰਤੇਜ ਸਿੰਘ ਬੋਹੜਾਹਾਈ ,ਰਾਜਵੰਤ ਸਿੰਘ ਭੂਪੀ, ਸਾਹਿਬਜੀਤ ਸਿੰਘ ਸਾਬੀ ,ਪਰਵੀਰ ਸਿੰਘ, ਰਵਿੰਦਰ ਸਿੰਘ ਕਾਲਾ ਘਵੱਦੀ, ਗੁਰਦੀਪ ਸਿੰਘ ਜਰਖੜ੍ਹ, ਗੁਲਜਾਰਾ ਸਿੰਘ ਜਰਖੜ, ਅਮਰੀਕ ਸਿੰਘ, ਬੂਟਾ ਸਿੰਘ , ਪਾਲ ਸਿੰਘ, ਚਮਕੌਰ ਸਿੰਘ , ਤੇਜੀ ਜੱਸੜ ,ਜਤਿੰਦਰ ਸਿੰਘ ਗਰੇਵਾਲ ਦੁਲੇਅ, ਲੱਕੀ ਘਵੱਦੀ , ਸਵਰਨ ਸਿੰਘ ਘਵੱਦੀ ਗੁਰਿੰਦਰ ਸਿੰਘ ਗੁਰੀ ,ਲਵਜੀਤ ਸਿੰਘ, ਰਘਬੀਰ ਸਿੰਘ ਡੰਗੋਰਾ ,ਪਵਨਦੀਪ ਸਿੰਘ ਡੰਗੋਰਾ, ਬਾਬਾ ਰੁਲਦਾ ਸਿੰਘ, ਰਾਜਿੰਦਰ ਸਿੰਘ ਜਰਖੜ ,ਦਲਬੀਰ ਸਿੰਘ ਜਰਖੜ, ਲਖਬੀਰ ਸਿੰਘ ਜਰਖੜ ਆਦਿ ਹੋਰ ਇਲਾਕੇ ਦੀਆਂ ਸਖਸ਼ੀਅਤਾ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

**- ਜਗਰੂਪ ਸਿੰਘ ਜਰਖੜ**

# ਬੌਰਨ ਰਨਰਜ਼ ਟੀਮ ਵੱਲੋਂ ਰਨਿੰਗ ਚੈਲੰਜ ਦੀ ਸ਼ੁਰੂਆਤ

**ਪਟਿਆਲਾ, 10 ਜਨਵਰੀ (ਚਮਨਦੀਪ ਸ਼ਰਮਾ)** ਅਥਲੀਟਾਂ ਦੇ ਪ੍ਰਦਰਸ਼ਨ ਵਿੱਚ ਸੁਧਾਰ ਲਿਆਉਣ ਨੂੰ ਮੁੱਖ ਰੱਖਦੇ ਹੋਏ ਸ਼ਹਿਰ ਦੇ ਨਾਮਵਰ ਰਨਿੰਗ ਕਲੱਬ ਬੌਰਨ ਰਨਰਜ਼ (ਰਜਿ) ਨੇ ਜਨਵਰੀ ਮਹੀਨੇ ਆਨਲਾਈਨ ਦੌੜ ਪ੍ਰਤਿਯੋਗਤਾ ਦੀ ਸ਼ੁਰੂਆਤ ਕੀਤੀ ਹੈ। ਇਸ ਬਾਰੇ ਗੱਲਬਾਤ ਕਰਦਿਆਂ ਪ੍ਰਧਾਨ ਸੁਖਚੈਨ ਸਿੰਘ ਨੇ ਦੱਸਿਆ ਕਿ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਦੌੜਾਕਾਂ ਦਾ ਸਟਰਾਵਾ ਰੰਨਿੰਗ ਐਪ ਤੇ ਗਰੁੱਪ ਬਣਾਇਆ ਗਿਆ ਹੈ। ਅਥਲੀਟ ਦੀ ਰੋਜ਼ਾਨਾ ਦੌੜ ਦਾ ਰਿਕਾਰਡ ਐਪ ਰਾਹੀਂ ਹੁੰਦਾ ਹੈ।ਉਹਨਾਂ ਦੱਸਿਆ ਕਿ ਪਹਿਲੀ ਕੈਟਾਗਿਰੀ ਮੇਲ ਅਤੇ ਫੀਮੇਲ ਵਿੱਚੋਂ ਮਹੀਨੇ ਦੇ ਅੰਤ ਵਿੱਚ ਸਭ ਤੋਂ ਅਧਿਕ ਕਿਲੋਮੀਟਰ ਤਹਿ ਕਰਨ ਵਾਲੇ ਤਿੰਨ-ਤਿੰਨ ਜੇਤੂ ਐਲਾਨੇ ਜਾਣਗੇ ਪਰੰਤੂ ਲੌਂਗ ਡਿਸਟੈਂਸ ਰਨਰ ਨੂੰ ਆਪਣਾ ਰਨਿੰਗ ਪੇਸ 6 ਮਿੰਟ ਪ੍ਰਤਿ ਕਿਲੋਮੀਟਰ ਤੋਂ




ਘੱਟ ਰੱਖਣ ਦੀ ਸ਼ਰਤ ਦੀ ਪਾਲਣਾ ਕਰਨੀ ਹੋਵੇਗੀ। ਦੂਜੀ ਕੈਟਾਗਿਰੀ ਮੇਲ ਅਤੇ ਫੀਮੇਲ ਵਿੱਚੋਂ ਤਿੰਨ-ਤਿੰਨ ਚੰਗੇ ਪੇਸ ਨਾਲ ਦੌੜੇ ਰਨਰਜ਼ ਦੀ ਚੋਣ ਕੀਤੀ ਜਾਵੇਗੀ। ਇੱਕ ਰਨਰ ਦੋਵੇਂ ਕੈਟਾਗਿਰੀ ਵਿੱਚ ਜੇਤੂ ਨਹੀਂ ਹੋ ਸਕੇਗਾ। ਕੋਰ ਕਮੇਟੀ ਦੇ ਮੈਂਬਰ ਪੂਰਨ ਸਿੰਘ ਨੇ ਦੱਸਿਆ ਕਿ ਸਾਰੇ ਜੇਤੂਆਂ ਦਾ ਵਿਸ਼ੇਸ ਸਨਮਾਨ ਕੀਤਾ ਜਾਵੇਗਾ। ਇਸ ਰਨਿੰਗ ਚੈਲੰਜ਼ ਵਿੱਚ ਹਿੱਸਾ ਲੈਣ ਦੇ ਲਈ ਕੋਈ ਫੀਸ ਨਹੀਂ ਰੱਖੀ ਗਈ। ਸੀਨੀਅਰ ਰਨਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਸਾਰੇ ਅਥਲੀਟਾਂ ਨੂੰ ਸਰਕਾਰ ਵੱਲੋਂ ਕੋਵਿਡ ਦੇ ਸਬੰਧ ਵਿੱਚ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਉਂਣ ਲਈ ਕਿਹਾ ਗਿਆ ਹੈ। ਉਹਨਾਂ ਨੇ ਲੋਕਾਂ ਨੂੰ ਗਰੁੱਪ ਦੁਆਰਾ ਕਰਵਾਈਆਂ ਜਾਂਦੀਆਂ ਕਿਰਿਆਵਾਂ ਵਿੱਚ ਸ਼ਾਮਿਲ ਹੋਣ ਦੀ ਅਪੀਲ ਕੀਤੀ ਤਾਂ ਜੋ ਬਿਮਾਰੀਆਂ ਨੂੰ ਅਲਵਿਦਾ ਕਿਹਾ ਜਾ ਸਕੇ।ਉਹਨਾਂ ਕਿਹਾ ਕਿ ਇਸ ਪ੍ਰ ਨਾਲ ਰਨਰਜ਼ ਨੂੰ ਅਗਾਮੀ ਮੁਕਾਬਲਿਆਂ ਦੀ ਤਿਆਰੀ ਕਰਨ ਵਿੱਚ ਮੱਦਦ ਮਿਲੇਗੀ। ਸ਼ਹਿਰ ਵਾਸੀਆਂ ਦੁਆਰਾ ਬੌਰਨ ਰਨਰਜ਼ ਟੀਮ ਦੇ ਇਸ ਉਪਰਾਲੇ ਦੀ ਤਾਰੀਫ਼ ਕੀਤੀ ਜਾ ਰਹੀ ਹੈ।

# ਸਕਾਟਲੈਂਡ: ਸੋਮਵਾਰ ਤੋਂ ਵੱਡੇ ਪੈਮਾਨੇ 'ਤੇ ਬਾਹਰੀ ਸਮਾਗਮਾਂ ਸਬੰਧੀ ਕੋਵਿਡ ਨਿਯਮਾਂ 'ਚ ਮਿਲੇਗੀ ਢਿੱਲ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)-** ਸਕਾਟਲੈਂਡ ਵਿੱਚ ਕੋਰੋਨਾ ਮਹਾਂਮਾਰੀ ਤੋਂ ਸੁਰੱਖਿਆ ਦੇ ਮੱਦੇਨਜ਼ਰ ਵੱਡੇ ਪੱਧਰ 'ਤੇ ਬਾਹਰੀ ਭੀੜ ਭੜੱਕੇ ਵਾਲੇ ਸਮਾਗਮਾਂ 'ਤੇ ਲਗਾਈਆਂ ਪਾਬੰਦੀਆਂ ਸੋਮਵਾਰ ਤੋਂ ਹਟਾ ਦਿੱਤੀਆਂ ਜਾਣਗੀਆਂ। ਜਿਸ ਨਾਲ ਖੇਡ ਸਟੇਡੀਅਮ ਪੂਰੀ ਸਮਰੱਥਾ ਨਾਲ ਕੰਮ ਕਰ ਸਕਦੇ ਹਨ। ਫਸਟ ਮਨਿਸਟਰ ਨਿਕੋਲਾ ਸਟਰਜਨ ਅਨੁਸਾਰ ਬਾਹਰੀ ਜਨਤਕ ਸਮਾਗਮਾਂ ਵਿੱਚ ਭੀੜ ਨੂੰ 500 ਤੱਕ ਸੀਮਤ ਕੀਤਾ ਹੋਇਆ ਸੀ, ਹੁਣ ਇਸ ਪਾਬੰਦੀ ਨੂੰ ਹਟਾਇਆ ਜਾ ਸਕਦਾ ਹੈ। ਮੰਗਲਵਾਰ ਨੂੰ ਕੀਤੇ ਐਲਾਨ ਵਿੱਚ ਕਿਹਾ ਗਿਆ ਹੈ ਕਿ 1000 ਜਾਂ ਇਸ ਤੋਂ ਵੱਧ ਲੋਕਾਂ ਦੇ ਵੱਡੇ ਸਮਾਗਮਾਂ ਦੇ ਆਯੋਜਕਾਂ ਨੂੰ ਮੌਜੂਦਾ 20% ਦੀ ਬਜਾਏ ਘੱਟੋ-ਘੱਟ 50% ਹਾਜ਼ਰ ਲੋਕਾਂ ਦੀ ਵੈਕਸੀਨ ਪਾਸਪੋਰਟ ਦੀ ਜਾਂਚ ਕਰਨੀ ਚਾਹੀਦੀ ਹੈ। ਸਟਰਜਨ ਨੇ ਇਹ ਵੀ ਕਿਹਾ ਕਿ ਇਹ ਸਰਕਾਰ ਦਾ ਇਰਾਦਾ 24 ਜਨਵਰੀ ਤੋਂ ਇਨਡੋਰ ਲਾਈਵ ਇਵੈਂਟਸ, ਪ੍ਰਾਹੁਣਚਾਰੀ ਵਿੱਚ ਟੇਬਲ ਸੇਵਾ ਅਤੇ ਇਨਡੋਰ ਪਬਲਿਕ ਵਿੱਚ ਦੂਰੀ ਦੀਆਂ ਸੀਮਾਵਾਂ ਨੂੰ ਹਟਾਉਣਾ ਹੈ। ਅੰਦਰੂਨੀ ਜਨਤਕ ਸਮਾਗਮਾਂ ਦੀ ਗਿਣਤੀ ਵਰਤਮਾਨ ਵਿੱਚ 100 ਖੜ੍ਹੇ ਜਾਂ 200 ਬੈਠਣ ਤੱਕ ਸੀਮਿਤ ਹੈ।

# ਅਵੱਲਾ ਹੋਏਗਾ ਪੰਜਾਬ ਦਾ ਵਿਧਾਨ ਸਭਾ ਚੋਣ ਦੰਗਲ



ਗੁਰਮੀਤ ਪਲਾਹੀ
91-98158-02070

ਕੁਲ ਮਿਲਾ ਕੇ ਸਾਲ 2022 ਵਿਧਾਨ ਸਭਾ ਚੋਣਾਂ ਲਈ ਵੋਟਰਾਂ ਦੀ ਗਿਣਤੀ 2 ਕਰੋੜ 12 ਲੱਖ 75 ਹਜ਼ਾਰ ਅਤੇ ਛਿਆਹਟ ਹੈ। ਸਾਲ 2019 ਦੀਆਂ ਲੋਕ ਸਭਾ ਚੋਣਾਂ ਵੇਲੇ ਇਹ ਗਿਣਤੀ 2 ਕਰੋੜ 3 ਲੱਖ 74 ਹਜ਼ਾਰ ਅਤੇ ਤਿੰਨ ਸੌ ਪਝੱਤਰ ਸੀ। ਵਿਧਾਨ ਸਭਾ ਚੋਣਾਂ ਲਈ 117 ਵਿਧਾਨ ਸਭਾ ਹਲਕੇ ਹਨ, ਜਿਹਨਾਂ ਵਿਚੋਂ 34 ਵਿਧਾਨ ਸਭਾ ਹਲਕੇ ਐਸ.ਸੀ. ਵਰਗ ਲਈ ਰਿਜ਼ਰਵ ਹਨ। ਸਾਲ 2019 ਲੋਕ ਸਭਾ ਚੋਣਾਂ ਵੇਲੇ 67ਫੀਸਦੀ ਲੋਕਾਂ ਨੇ ਵੋਟਾਂ ਪਾਈਆਂ ਸਨ। ਸ਼ਾਇਦ ਇਸ ਵੇਰ ਵੋਟ ਪ੍ਰਤੀਸ਼ਤ ਵਧੇ ਅਤੇ ਨੋਟਾ ਦੀ ਵੀ ਵੱਧ ਵਰਤੋਂ ਹੋਵੇ।

ਵਿਧਾਨ ਸਭਾ ਚੋਣਾਂ 2017 ਵੇਲੇ ਕਾਂਗਰਸ ਨੇ 77, ਆਮ ਆਦਮੀ ਪਾਰਟੀ ਨੇ 20, ਸ਼੍ਰੋਮਣੀ ਅਕਾਲੀ ਦਲ 15 ਅਤੇ ਭਾਜਪਾ ਨੇ 03 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਸੀ ਜਦਕਿ ਲੋਕ ਇਨਸਾਨ ਪਾਰਟੀ 2 ਸੀਟਾਂ ਉੱਤੇ ਜਿੱਤੀ ਸੀ। ਪਰ ਇਸ ਵੇਰ ਸ਼ਾਇਦ ਕੋਈ ਵੀ ਸਿਆਸੀ ਧਿਰ ਜਾਂ ਗੱਠਜੋੜ ਇਕੱਲਿਆਂ ਬਹੁਮਤ ਨਾ ਲੈ ਸਕੇ ਅਤੇ ਦਲ ਬਦਲੂਆਂ ਦੀ ਵਧੇਰੇ ਪੁੱਛਗਿੱਛ ਸਰਕਾਰ ਦੇ ਗਠਨ ਵੇਲੇ ਹੋ ਜਾਏ।

ਭਾਰਤੀ ਚੋਣ ਕਮਿਸ਼ਨ ਨੇ 5 ਰਾਜਾਂ ਦੀਆਂ ਚੋਣਾਂ ਦਾ ਐਲਾਨ ਕਰ ਦਿੱਤਾ ਹੈ। ਪੰਜਾਬ 'ਚ ਚੋਣਾਂ 14 ਫਰਵਰੀ ਨੂੰ ਹੋਣਗੀਆਂ। ਸ਼ਾਇਦ ਇਹ ਪਹਿਲੀ ਵੇਰ ਹੋਵੇਗਾ ਕਿ ਪੰਜਾਬ 'ਚ ਚੋਣਾਂ ਮੁਕਾਬਲੇ 5 ਧਿਰਾਂ ਵਿਚਕਾਰ ਹੋਣਗੇ। ਇਹ ਧਿਰਾਂ ਹਨ ਕਾਂਗਰਸ, ਆਮ ਆਦਮੀ ਪਾਰਟੀ, ਅਕਾਲੀ-ਬਸਪਾ, ਭਾਜਪਾ ਅਤੇ ਗੱਠਜੋੜ ਅਤੇ ਸੰਯੁਕਤ ਕਿਸਾਨ ਮੋਰਚਾ।

ਚੋਣਾਂ ਤੋਂ ਐਨ ਪਹਿਲਾਂ ਵਾਪਰੀ ਇਕ ਘਟਨਾ ਨਾਲ ਪੰਜਾਬ ਵਿਚ ਜੋ ਸਿਆਸੀ ਬਹਿਸ ਛਿੜੀ ਹੈ ਉਸ ਨਾਲ ਇਕ ਜ਼ਹਿਰ ਘੁਲ ਗਿਆ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਵੇਲੇ 5 ਜਨਵਰੀ ਨੂੰ ਸੁਰੱਖਿਆ ਖ਼ਤਰੇ ਵਿਚ ਪੈ ਗਈ ਅਤੇ ਨਰਿੰਦਰ ਮੋਦੀ ਜੀ ਦੇ ਉਸ ਵੇਲੇ ਦਿੱਤੇ ਇਹਨਾਂ ਬਿਆਨਾਂ ਨਾਲ ਕਿ ਮੈਂ ਪੰਜਾਬ ਤੋਂ ਜਿਊਂਦਾ ਪਰਤ ਚੱਲਿਆ ਹਾਂ, ਦੇਸ਼ ਵਿਚ ਹਾਹਾਕਾਰ ਮੱਚ ਗਈ ਜਾਂ ਗੋਦੀ ਮੀਡੀਏ ਨੇ ਹਾਹ-'ਕਾਰ ਮਚਾ ਦਿੱਤੀ। ਪ੍ਰਧਾਨ ਮੰਤਰੀ ਦੀ ਇਸ ਅਧੂਰੀ ਪੰਜਾਬ ਫੇਰੀ ਨੇ ਪੰਜਾਬ ਚੋਣਾਂ ਲਈ ਇਕ ਵੱਡਾ ਚੋਣ ਮੁੱਦਾ ਦਿੱਤਾ ਹੈ ਜਿਸ ਦਾ ਲਾਹਾ ਭਾਜਪਾ ਨੇ ਦੇਸ਼ 'ਚ ਹੋ ਰਹੀਆਂ ਵਿਧਾਨ ਸਭਾ ਸੂਬਿਆਂ ਯੂ.ਪੀ., ਗੋਆ, ਮਨੀਪੁਰ ਅਤੇ ਉਤਰਾਖੰਡ ਦੀਆਂ ਚੋਣਾਂ ਵਿਚ ਲੈਣਾ ਹੈ। ਵੋਟਾਂ ਦੇ ਧਰੁਵੀਕਰਨ ਦੀ ਇਸ ਤੋਂ ਵੱਡੀ ਹੋਰ ਕਿਹੜੀ ਚਤੁਰਾਈ ਹੋ ਸਕਦੀ ਹੈ?

ਪੰਜਾਬ 'ਚ ਚੋਣਾਂ ਲਈ ਲਗਭਗ ਇਕ ਮਹੀਨੇ ਦਾ ਸਮਾਂ ਬਚਿਆ ਹੈ। ਇਹਨਾਂ ਚੋਣਾਂ ਦਾ ਯਕਦਮ ਐਲਾਨ ਹੋ ਗਿਆ ਹੈ ਅਤੇ ਚੋਣ ਜ਼ਾਬਤਾ ਉਦੋਂ ਹੀ ਲਾਗੂ ਹੋ ਗਿਆ ਹੈ ਜਦੋਂ ਬਹੁਤੀਆਂ ਪਾਰਟੀਆਂ ਨੇ ਇਹ ਚਿਤਵਿਆ ਨਹੀਂ ਸੀ, ਉਹਨਾਂ ਵੱਲੋਂ ਤਾਂ ਚੋਣ ਰੈਲੀਆਂ ਕਰਨ ਦੇ ਪ੍ਰੋਗਰਾਮ ਉਲੀਕੇ ਜਾ ਰਹੇ ਸਨ। ਕਾਂਗਰਸ ਦੇ ਸਾਬਕਾ ਕਾਰਜਕਾਰੀ ਪ੍ਰਧਾਨ ਰਾਹੁਲ ਗਾਂਧੀ ਦੀ ਰੈਲੀ 15 ਜਨਵਰੀ ਨੂੰ ਰੱਖੀ ਗਈ ਸੀ, ਜੋ ਹੁਣ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਰੱਦ ਕਰਨੀ ਪਈ ਹੈ ਕਿਉਂਕਿ ਕਰੋਨਾ 'ਚ ਵਾਧੇ ਕਾਰਨ ਰੈਲੀਆਂ ਆਦਿ ਨਾ ਕਰਨ ਦੀਆਂ ਹਦਾਇਤਾਂ ਹਨ। ਕੇਂਦਰੀ ਹਾਕਮਾਂ ਦੀ ਇਸ ਤੋਂ ਅਵੱਲੀ ਹੋਰ ਕਿਹੜੀ ਕਾਰਵਾਈ ਹੋ ਸਕਦੀ ਹੈ? ਆਪਣੀ ਰੈਲੀ ਹੋ ਨਹੀਂ ਸਕੀ, ਦੂਜਿਆਂ ਦੀਆਂ ਰੈਲੀਆਂ ਰੋਕਣ ਲਈ 'ਕਰੋਨਾ ਦੀ ਲਾਗ' ਹੇਠ ਤੁਰੰਤ ਫੈਸਲਾ ਕਰ, ਕਰਵਾ ਲਿਆ ਗਿਆ ਹੈ।

ਅਸਲ ਵਿਚ ਪੰਜਾਬ 'ਚ ਸਿਆਸੀ ਪਾਰਟੀਆਂ ਨੇ ਭਾਵੇਂ ਲੰਮੇ ਸਮੇਂ ਤੋਂ ਵੱਡੇ-ਵੱਡੇ ਜਲਸੇ ਰੈਲੀਆਂ ਕਰਨ ਦਾ ਕੰਮ ਆਰੰਭਿਆ ਹੋਇਆ ਹੈ, ਪਰ ਚੋਣਾਂ ਲਈ ਜਿਸ ਕਿਸਮ ਦੀ ਤਿਆਰੀ ਦੀ ਲੋੜ ਹੁੰਦੀ ਹੈ, ਉਹ ਸਹੀ ਅਰਥਾਂ 'ਚ ਪੂਰੀ ਨਹੀਂ ਹੈ। ਚੋਣ ਮੈਨੀਫੈਸਟੋ ਜਾਰੀ ਨਹੀਂ ਹੋਏ, ਉਮੀਦਵਾਰਾਂ ਦੇ ਐਲਾਨ ਹੋਣੇ ਬਾਕੀ ਹਨ ਹਾਲਾਂਕਿ ਉਮੀਦਵਾਰ ਐਲਾਨਣ ਵਿਚ ਅਕਾਲੀ-ਬਸਪਾ ਗੱਠਜੋੜ ਅਤੇ ਆਮ ਆਦਮੀ ਪਾਰਟੀ ਮੋਹਰੀ ਹਨ। ਕਾਂਗਰਸ, ਭਾਜਪਾ ਤੇ ਗਠਜੋੜ, ਸੰਯੁਕਤ ਸਮਾਜ ਮੋਰਚੇ ਨੇ ਆਪਣੇ ਉਮੀਦਵਾਰਾਂ ਦੀਆਂ ਲਿਸਟਾਂ ਛਾਇਆ ਕਰਨੀਆਂ ਹਨ, ਜਿਸ 'ਚ ਉਹਨਾਂ ਨੂੰ ਕਾਫੀ ਮੁਸ਼ੱਕਤ ਦਾ ਸਾਹਮਣਾ ਕਰਨਾ ਪਵੇਗਾ। ਟਿਕਟਾਂ ਤੋਂ ਨਾਰਾਜ਼ ਹੋ ਕੇ ਨੇਤਾ ਕਿਹੜਾ ਨਵਾਂ ਰਾਹ ਫੜਨਗੇ, ਇਹ ਤਾਂ ਸਮਾਂ ਦੱਸੇਗਾ, ਪਰ ਕਿਹਾ ਜਾ ਰਿਹਾ ਹੈ ਕਿ ਭਾਜਪਾ ਤੇ ਗਠਜੋੜ ਵਾਲੇ ਨਰਾਜ਼ ਕਾਂਗਰਸੀਆਂ ਦਾ ਆਪਣੇ 'ਚ ਰਲੇਵਾਂ ਕਰ ਲੈਣਗੇ ਅਤੇ ਉਹਨਾਂ ਨੂੰ ਟਿਕਟਾਂ ਦੇ ਕੇ ਆਪਣੇ ਆਪ ਨੂੰ ਮਜ਼ਬੂਤ ਕਰਨਗੇ। ਇਸ ਤੋਂ ਵੱਡੀ ਹੋਰ ਕਿਹੜੀ ਅਵੱਲੀ ਅਤੇ ਅਨੈਤਿਕ ਕਾਰਵਾਈ ਹੋ ਸਕਦੀ ਹੈ, ਉਹ ਪਾਰਟੀ ਵਲੋਂ ਜੋ ਨਿੱਤ- ਦਿਹਾੜੇ ਲੋਕਾਂ ਨੂੰ ਨੈਤਿਕਤਾ ਦਾ ਪਾਠ ਪੜਾਉਂਦੀ ਹੈ। ਆਪ, ਕਾਂਗਰਸ, ਭਾਜਪਾ, ਬਸਪਾ, ਸ਼੍ਰੋਮਣੀ ਅਕਾਲੀ ਦਲ (ਬਾਦਲ) ਤਾਂ ਆਪਣੇ ਵੱਲੋਂ ਪ੍ਰਾਪਤ ਕੀਤੇ ਚੋਣ ਨਿਸ਼ਾਨ ਕ੍ਰਮਵਾਰ ਝਾੜੂ, ਪੰਜਾ, ਕਮਲ ਦਾ ਫੁਲ, ਹਾਥੀ, ਤੱਕੜੀ ਤੇ ਚੋਣ ਲੜ ਲੈਣਗੇ ਜਦਕਿ ਸੰਯੁਕਤ ਸਮਾਜ ਮੋਰਚਾ ਪੰਜਾਬ ਲੋਕ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਕਿਹੜੇ ਚੋਣ ਨਿਸ਼ਾਨ ਉੱਤੇ ਚੋਣ ਲੜਨਗੇ, ਇਹ ਸਾਫ਼ ਨਹੀਂ। ਚਲੋ ਮਨ ਲਿਆ ਸੰਯੁਕਤ ਸਮਾਜ ਮੋਰਚਾ ਤਾਂ ਚੋਣ ਦੰਗਲ 'ਚ ਹੁਣੇ ਨਿਤਰਿਆ ਹੈ, ਪਰ ਅਮਰਿੰਦਰ ਦੀ ਕਾਂਗਰਸ ਤੇ ਢੀਂਡਸੇ ਦਾ ਅਕਾਲੀ ਦਲ ਕੀ ਕਰਦਾ ਰਿਹਾ? ਬਿਨਾਂ ਸ਼ੱਕ ਕਾਂਗਰਸ ਦਾ ਅਧਾਰ ਪੂਰੇ ਪੰਜਾਬ ਵਿਚ ਹੈ। ਇਹ ਪਾਰਟੀ 117 ਸੀਟਾਂ ਉੱਤੇ ਚੋਣ ਲੜੇਗੀ। ਇਸ ਵਲੋਂ ਯਤਨ ਹੋ ਰਿਹਾ ਹੈ ਕਿ ਖੱਬੀਆਂ ਧਿਰਾਂ ਨੂੰ ਆਪਣੇ ਨਾਲ ਜੋੜਿਆ ਜਾਵੇ। ਸ਼੍ਰੋਮਣੀ ਅਕਾਲੀ ਦਲ (ਬ) ਦਾ ਮੁੱਖ ਪ੍ਰਭਾਵ ਪਿੰਡਾਂ ਵਿਚ ਹੈ ਅਤੇ ਬਸਪਾ ਦਾ ਮੁਖ ਪ੍ਰਭਾਵ ਪਿੰਡਾਂ ਅਤੇ ਸ਼ਹਿਰਾਂ ਦੀਆਂ ਬਸਤੀਆਂ 'ਤੇ ਰਹੇਗਾ, ਖਾਸ ਤੌਰ 'ਤੇ ਦੁਆਬਾ ਖਿੱਤੇ ਦੀਆਂ ਸੀਟਾਂ ਇਸ ਦੇ ਪ੍ਰਭਾਵ ਹੇਠ ਹਨ। ਅਕਾਲੀ-ਬਸਪਾ ਆਪਣੇ ਆਪ ਨੂੰ ਜੇਤੂ ਸਮਝਦੇ ਹਨ ਅਤੇ ਸੁਖਬੀਰ ਸਿੰਘ ਬਾਦਲ ਨੂੰ ਆਪਣਾ ਮੁੱਖ ਮੰਤਰੀ ਬਣਾਈ ਬੈਠੇ ਹਨ।



ਭਾਜਪਾ ਸ਼ਹਿਰੀ ਪਾਰਟੀ ਹੈ, ਇਸ ਵੱਲੋਂ ਪੰਜਾਬ ਲੋਕ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਨਾਲ ਮੇਲ ਮਿਲਾਪ ਪਿੰਡਾਂ ਦੀਆਂ ਵੋਟਾਂ ਦੀ ਪ੍ਰਾਪਤੀ ਲਈ ਕਿਆਸਿਆ ਜਾ ਰਿਹਾ ਹੈ। ਇਸ ਗਠਜੋੜ ਦਾ ਮੁੱਖ ਮੰਤਰੀ ਕੌਣ ਹੋਏਗਾ, ਕਿਸੇ ਨੂੰ ਪਤਾ ਨਹੀਂ ਹੈ।

ਆਮ ਆਦਮੀ ਪਾਰਟੀ ਇਕੱਲੇ ਹੀ ਚੋਣ ਲੜੇਗੀ ਅਤੇ ਸੰਯੁਕਤ ਸਮਾਜ ਮੋਰਚਾ ਵੀ 117 ਉਮੀਦਵਾਰ ਲੱਭ ਰਿਹਾ ਹੈ, ਪਰ ਸ਼ਹਿਰਾਂ ਵਿਚ ਇਸ ਦਾ ਪ੍ਰਭਾਵ ਘੱਟ ਹੈ, ਇਸ ਕਰਕੇ ਸ਼ਹਿਰਾਂ ਦੀਆਂ ਸੀਟਾਂ ਉੱਤੇ ਚਾਰ ਕੋਨਾ ਅਤੇ ਪੇਂਡੂ ਸੀਟਾਂ 'ਤੇ ਪੰਜ ਕੋਨਾ ਮੁਕਾਬਲਾ ਹੋਣ ਦੀ ਸੰਭਾਵਨਾ ਹੈ। ਕਿਆਸ ਲਾਇਆ ਜਾ ਰਿਹਾ ਹੈ ਕਿ ਖੱਬੀਆਂ ਧਿਰਾਂ ਸੰਯੁਕਤ ਸਮਾਜ ਮੋਰਚੇ ਦੀ ਮੱਦਦ ਕਰਨਗੀਆਂ। ਇਹ ਅੰਦਾਜ਼ੇ ਹੁਣ ਖਤਮ ਹੋ ਗਏ ਹਨ ਕਿ ਆਪ ਅਤੇ ਸੰਯੁਕਤ ਸਮਾਜ ਮੋਰਚੇ ਦਾ ਆਪਸੀ ਸੀਟਾਂ 'ਚ ਲੈਣ ਦੇਣ ਹੋਏਗੀ। ਕਿਉਂਕਿ ਕਿਸਾਨ ਨੇਤਾ ਬਲਬੀਰ ਸਿੰਘ ਰਾਜੇਵਾਲ ਅਤੇ ਆਮ ਆਦਮੀ ਪਾਰਟੀ ਦੇ ਨੇਤਾ ਅਰਵਿੰਦ ਕੇਜਰੀਵਾਲ ਦੀ ਆਪਸੀ ਗੱਲਬਾਤ ਬਿਲਕੁਲ ਟੁੱਟ ਗਈ ਹੈ। ਕੀ ਇਸ ਨਾਲ ਪ੍ਰਵਾਸੀ ਪੰਜਾਬੀਆਂ ਦਾ ਸੁਪਨਾ ਤਾਂ ਨਹੀਂ ਟੁੱਟ ਗਿਆ ਜੋ ਇਹਨਾਂ ਦੋਹਾਂ ਧਿਰਾਂ ਨੂੰ ਇਕੱਠਿਆਂ ਦੇਖਣਾ ਚਾਹੁੰਦੇ ਹਨ?

ਪੰਜਾਬ ਵਿਚ ਬਹੁਤ ਚਰਚਾਵਾਂ ਹਨ ਕਿ ਕਿਸਾਨ ਜਥੇਬੰਦੀਆਂ ਜਿਹਨਾਂ ਨੇ ਇਕ ਮਜ਼ਬੂਤ ਪ੍ਰੈਸ਼ਰ ਗਰੁੱਪ ਬਣਾ ਕੇ ਇਤਿਹਾਸਿਕ ਅੰਦੋਲਨ ਜਿੱਤਿਆ ਅਤੇ ਦੇਸ਼ ਵਿਦੇਸ਼ ਵਿਚ ਆਪਣੀ ਵੱਖਰੀ ਪਛਾਣ ਬਣਾਈ, ਕੀ ਉਹ ਸਿਆਸੀ ਵਹਿਣ ਵਿਚ ਬਹਿ ਕੇ ਰੁੜ ਪੁੜ ਤਾਂ ਨਹੀਂ ਜਾਏਗੀ ਕਿਉਂਕਿ ਹਾਲੇ ਤਾਂ ਕਿਸਾਨਾਂ ਦੀਆਂ ਮੁੱਖ ਮੰਗਾਂ ਜਿਹਨਾਂ ਵਿਚ ਐਮ.ਐਸ.ਪੀ. ਮੁੱਖ ਹੈ, ਕੇਂਦਰ ਵੱਲੋਂ ਮੰਨੀ ਜਾਣ ਵਾਲੀ ਹੈ। ਕੀ ਕੇਂਦਰ ਨੇ ਕਿਸਾਨਾਂ ਨੂੰ ਪਾੜਨ ਦਾ ਪੱਤਾ ਤਾਂ ਨਹੀਂ ਖੇਡ ਦਿੱਤਾ?

ਕੀ ਸੰਯੁਕਤ ਸਮਾਜ ਮੋਰਚਾ ਅਧੂਰੀ ਜਿੱਤ ਦੇ ਬਲਬੂਤੇ ਰਵਾਇਤੀ ਸਿਆਸੀ ਪਾਰਟੀਆਂ ਨੂੰ ਮਾਤ ਦੇ ਸਕੇਗਾ, ਜਿਹੜੇ ਸਾਮ-ਦਾਮ-ਦੰਡ ਦਾ ਹਰ ਹਰਬਾ ਵਰਤ ਕੇ ਚੋਣਾਂ 'ਚ ਜਿੱਤ ਪ੍ਰਾਪਤ ਕਰਦੇ ਹਨ?

ਪੰਜਾਬ ਦੇ ਮੁੱਦੇ ਗੰਭੀਰ ਹਨ। ਇਹਨਾਂ ਸਬੰਧੀ ਹਰੇਕ ਸਿਆਸੀ ਪਾਰਟੀ ਨੇ ਆਪਣਾ ਚੋਣ ਮੈਨੀਫੈਸਟੋ ਜਾਰੀ ਕਰਨਾ ਹੈ। ਇਹ ਇਕ ਰਵਾਇਤ ਬਣ ਚੁੱਕੀ ਹੈ। ਕੀ ਕੋਈ ਸਿਆਸੀ ਧਿਰ ਚੋਣ ਮੈਨੀਫੈਸਟੋ ਨੂੰ ਕਾਨੂੰਨੀ ਦਸਤਾਵੇਜ਼ ਬਣਾਉਣ ਅਤੇ ਸਿਆਸੀ ਜਵਾਬ-ਦੇਹੀ ਲਈ ਵਚਨਬੱਧ ਹੋਏਗੀ?

ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਵਿਦਿਆਰਥੀਆਂ, ਨੌਜਵਾਨਾਂ ਅਤੇ ਹੇਠਲੇ ਵਰਗ ਦੇ ਲੋਕਾਂ ਦੀਆਂ ਸਿਹਤ ਸਿੱਖਿਆ, ਰੁਜ਼ਗਾਰ, ਬਿਜਲੀ, ਸਾਫ਼ ਪਾਣੀ ਸਬੰਧੀ ਸਮੱਸਿਆਵਾਂ ਹਨ। ਨਿੱਜੀਕਰਨ ਸਬੰਧੀ ਪੰਜਾਬ ਦੇ ਲੋਕ ਬਹੁਤ ਗੰਭੀਰ ਹਨ। ਸਾਮਰਾਜ ਪੱਖੀ ਨੀਤੀਆਂ ਸਬੰਧੀ ਪੰਜਾਬ ਦੇ ਲੋਕਾਂ ਦਾ ਦ੍ਰਿਸ਼ਟੀਕੋਣ ਬਹੁਤ ਸਪੱਸ਼ਟ ਹੈ। ਕੀ ਸੰਯੁਕਤ ਸਮਾਜ ਮੋਰਚਾ ਇਸ ਸਬੰਧੀ ਸਪੱਸ਼ਟ ਦ੍ਰਿਸ਼ਟੀਕੋਣ ਪੇਸ਼ ਕਰੇਗਾ? ਦੂਜੀਆਂ ਸਿਆਸੀ ਧਿਰਾਂ ਤੋਂ ਤਾਂ ਇਸ ਸਬੰਧੀ ਕੋਈ ਤਵੱਜੋਂ ਕੀਤੀ ਨਹੀਂ ਜਾ ਸਕਦੀ ਕਿਉਂਕਿ ਇਹ ਧਿਰਾਂ ਤਾਂ ਕੁਰਸੀ ਪ੍ਰਾਪਤੀ ਲਈ ਹਮਾਇਤਾਂ ਦੀ ਰਾਜਨੀਤੀ ਕਰ ਰਹੀਆਂ ਹਨ। ਕਾਂਗਰਸ ਨੇ ਚੋਣ ਜਾਬਤ ਤੋਂ ਪਹਿਲਾਂ ਧੜਾਧੜ ਐਲਾਨ ਕੀਤੇ ਹਨ, ਬਿਜਲੀ-ਪਾਣੀ ਦੇ ਬਿੱਲ ਮੁਆਫ਼ ਜਾਂ ਅੱਧੇ-ਪਚੱਧੇ ਮੁਆਫ਼ ਕੀਤੇ ਜਾਣ ਦੇ ਐਲਾਨ ਕੀਤੇ ਹਨ, ਹੋਰ ਸਹੂਲਤਾਂ ਦੇਣ ਦਾ ਵਾਇਦਾ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਬਦਾਲ ਨੇ 13 ਨੁਕਾਤੀ ਪ੍ਰੋਗਰਾਮ ਲਿਆਂਦਾ ਹੈ, ਜਿਸ 'ਚ ਨੌਜਵਾਨਾਂ ਦੇ ਵਿਦੇਸ਼ ਜਾਣ ਲਈ 10 ਲੱਖ ਦੇ ਕਰਜ਼ੇ ਦੀ ਸੁਵਿਧਾ ਹੈ। ਸਵਾਲ ਉੱਠ ਰਹੇ ਹਨ ਕਿ ਰੁਜ਼ਗਾਰ ਦੀ ਥਾਂ ਪ੍ਰਵਾਸ ਪੱਲੇ ਆਉਣਾ ਕਿਥੋਂ ਤੱਕ ਜਾਇਜ਼ ਹੈ। ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਪੰਜਾਬ ਆਉਂਦੇ ਹਨ, ਕਿਸੇ ਨਾ ਕਿਸੇ ਵਰਗ ਨੂੰ ਗਰੰਟੀ ਦਿੰਦੇ ਹਨ। ਔਰਤਾਂ ਲਈ 1000 ਰੁਪਏ ਮਾਸਿਕ ਦੇਣ ਦੀ ਗੱਲ ਕਰਦੇ ਹਨ, ਬਿਜਲੀ ਪਾਣੀ ਸਸਤੀ ਦੇਣ ਦਾ ਵਚਨ ਦਿੰਦੇ ਹਨ। ਦਿੱਲੀ ਪੈਟਰਨ 'ਤੇ ਪੰਜਾਬ ਦਾ ਵਿਕਾਸ ਕਰਨਾ ਚਾਹੁੰਦੇ ਹਨ। ਪਤਾ ਨਹੀਂ ਕਿਉਂ ਉਹ ਪੰਜਾਬ ਦੇ ਪਾਣੀਆਂ ਦੀ ਗੱਲ ਕਿਉਂ ਨਹੀਂ ਕਰਦੇ? ਪੰਜਾਬ ਦੀ ਵੇਲਾ ਵਿਹਾਅ ਚੁੱਕੀ ਆਰਥਿਕਤਾ ਦੀ ਟੁੱਟ-ਭੱਜ ਨੂੰ ਕਾਬੂ ਕਰਨ ਦੀ ਗਰੰਟੀ ਕਿਉਂ ਨਹੀਂ ਦਿੰਦੇ।

ਸਿਆਸੀ ਧਿਰਾਂ ਧਰਮ ਦੇ ਨਾਂ ਤੇ ਵੋਟ ਮੰਗਣਗੀਆਂ। ਸਿਆਸੀ ਧਿਰਾਂ ਜਾਤ-ਪਾਤ ਦੇ ਅਧਾਰ ਉੱਤੇ ਉਮੀਦਵਾਰਾਂ ਦੀ ਚੋਣ ਕਰਨਗੀਆਂ। ਸਿਆਸੀ ਧਿਰਾਂ ਇਸ ਗੱਲ ਨੂੰ ਅੱਖੋਂ ਪਰੋਖੇ ਕਰਕੇ ਔਰਤਾਂ ਨੂੰ ਵੱਧ ਸੀਟਾਂ ਉੱਤੇ ਲੜਾਇਆ ਜਾਵੇ, ਇਹ ਵੇਖਣਗੀਆਂ ਕਿ ਜਿੱਤ ਕਿਸ ਉਮੀਦਵਾਰ ਨਾਲ ਪੱਕੀ ਹੁੰਦੀ ਹੈ ਭਾਵੇਂ ਉਹ ਕਿਸੇ ਹੋਰ ਪਾਰਟੀ ਤੋਂ ਦਲ ਬਦਲ ਨਾਲ ਲਿਆਂਦਾ ਗਿਆ ਹੋਵੇ ਤੇ ਸਿਆਣੇ ਕਾਰਕੁੰਨਾਂ ਨੂੰ ਛੱਡ ਕੇ ਪੈਰਾਸ਼ੂਟ ਰਾਹੀਂ ਹਾਈਕਮਾਂਡ ਨੇ ਉਪਰੋਂ ਉਤਾਰਿਆ ਹੋਵੇ। ਭਾਜਪਾ ਜਿਸ ਦਾ ਆਪਣਾ ਅਧਾਰ ਪੰਜਾਬ 'ਚ ਸੀਮਤ ਹੈ। ਉਸ ਵੱਲੋਂ ਦਲ ਬਦਲ ਨੂੰ ਵੱਡੀ ਪੱਧਰ 'ਤੇ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਵੱਖੋ-ਵੱਖਰੀਆਂ ਸਿਆਸੀ ਧਿਰਾਂ ਦੇ ਭ੍ਰਿਸ਼ਟ, ਮੌਕਾਪ੍ਰਸਤ ਨੇਤਾਵਾਂ ਨੂੰ ਪਾਰਟੀ 'ਚ ਸ਼ਾਮਲ ਕੀਤਾ ਜਾ ਰਿਹਾ ਹੈ, ਮੰਤਵ ਇਕੋ ਹੈ ਕਿ ਪੰਜਾਬ ਦੀ ਤਾਕਤ ਹਥਿਆ ਲਈ ਜਾਵੇ। ਇਸ ਮੰਤਵ ਦੀ ਪੂਰਤੀ ਲਈ ਉਸ ਵੱਲੋਂ ਵੋਟਾਂ ਦੀ ਧਰੁਵੀਕਰਨ ਦੀ ਨੀਤੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਦੀ ਇਕ ਝਲਕ ਨਰਿੰਦਰ ਮੋਦੀ ਦੇ ਪੰਜਾਬ ਦੌਰੇ ਤੋਂ ਵੇਖੀ ਜਾ ਸਕਦੀ ਹੈ। ਉਸ ਵੱਲੋਂ ਬੋਲੇ ਕੁਝ ਸ਼ਬਦਾਂ ਨੇ ਪੰਜਾਬ ਦੀ ਆਬੋ ਹਵਾ ਤਾਂ ਬਦਲਣੀ ਹੀ ਸੀ, ਦੂਜੇ ਸੂਬਿਆਂ ਖਾਸ ਕਰਕੇ ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ 'ਚ ਇਸ ਦਾ ਪ੍ਰਭਾਵ ਗਿ ਆਹੈ, ਜਿਥੇ ਪਹਿਲਾਂ ਹੀ ਵੋਟਾਂ ਦੇ ਧਰੁਵੀਕਰਨ ਉੱਤੇ ਭਾਜਪਾ ਟੇਕ ਰੱਖ ਰਹੀ ਹੈ।

ਬਿਨਾਂ ਸ਼ੱਕ ਭਾਰਤੀ ਚੋਣ ਕਮਿਸ਼ਨ ਨੇ ਸਿਆਸਤ 'ਚ ਵਧਦੇ ਅਪਰਾਧੀਕਰਨ 'ਤੇ ਰੋਕ ਲਾਉਣ ਲਈ ਅਹਿਮ ਕਦਮ ਚੁੱਕੇ ਹਨ, ਜਿਹਨਾਂ 'ਚ ਪਾਰਟੀਆਂ ਨੂੰ ਉਮੀਦਵਾਰ ਤੈਅ ਕਰਨ ਦੇ 48 ਘੰਟੇ ਅੰਦਰ ਉਹਨਾਂ ਦੇ ਅਪਰਾਧਕ ਰਿਕਾਰਡ ਨੂੰ ਜਨਤਕ ਕਰਨਾ ਜ਼ਰੂਰੀ ਕਰਾਰ ਦਿੱਤਾ ਹੈ। ਜੇਕਰ ਕਿਸੇ ਦਾਗੀ ਨੂੰ ਉਮੀਦਵਾਰ ਬਣਾਇਆ ਗਿਆ ਤਾਂ ਉਸ ਨੂੰ ਇਹ ਵੀ ਦੱਸਣਾ ਪਵੇਗਾ ਕਿ ਕਿਉਂ ਇਸ ਨੂੰ ਉਮੀਦਵਾਰ ਬਣਾਇਆ ਹੈ। ਪਰ ਸਿਆਸੀ ਧਿਰਾਂ ਤਾਂ ਪਹਿਲਾਂ ਹੀ ਬਹੁਤੇ ਇਹੋ ਜਿਹੇ ਲੋਕਾਂ ਨੂੰ ਟਿਕਟ ਦੇਈ ਬੈਠੀਆਂ ਹਨ। ਸੂਤਰਾਂ ਅਨੁਸਾਰ ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਜਦੋਂ ਬਲਵੀਰ ਸਿੰਘ ਰਾਜੇਵਾਲ ਆਮ ਆਦਮੀ ਪਾਰਟੀ ਦੇ ਉਹਨਾਂ ਉਮੀਦਵਾਰਾਂ ਦੀ ਲਿਸਟ ਲੈ ਕੇ ਜਦੋਂ ਅਰਵਿੰਦ ਕੇਜਰੀਵਾਲ ਨੂੰ ਮਿਲੇ ਕਿ ਇਹ ਦਾਗੀ ਉਮੀਦ-ਵਾਰ ਹਨ, ਇਹਨਾਂ ਨੂੰ ਆਪਣੇ ਉਮੀਦਵਾਰ ਨਾ ਮੰਨੋ ਤਾਂ ਉਹਨਾਂ ਨੇ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਦੱਸਿਆ ਜਾ ਰਿਹਾ ਹੈ ਕਿ ਦੋਹਾਂ ਸਿਆਸੀ ਧਿਰਾਂ ਦੀ ਆਪਸੀ ਸੀਟਾਂ ਦੀ ਲੈਣ-ਦੇਣ ਦੀ ਗੱਲਬਾਤ ਇਸੇ ਕਾਰਨ ਟੁੱਟ ਗਈ। ਇਥੇ ਕਿਸੇ ਕਵੀ ਦਾ ਕਹੀ ਗੱਲ ਸੁਣੋ -

ਨਿਸਚਾ ਕੀਤਾ ਹੈ ਭਾਰਤ ਦੇ ਲੀਡਰਾਂ ਨੇ
ਅਸੀਂ ਅਕਲ ਨੂੰ ਵਿਹੜੇ ਨਹੀਂ ਵੜਨ ਦੇਣਾ
ਢਾਹ ਦੇਣਾ ਹੈ ਅਸੀਂ ਵਿਰੋਧੀਆਂ ਨੂੰ
ਝੂਠ ਆਪਣਾ ਅਸੀਂ ਨਹੀਂ ਫੜਨ ਦੇਣਾ।

ਸਵਾਲ ਇਹ ਨਹੀਂ ਕਿ ਸਾਲ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਚ ਕੌਣ ਬਾਜੀ ਮਾਰਦਾ ਹੈ? ਸਵਾਲ ਇਹ ਹੈ ਕਿ ਪੰਜਾਬ ਦਾ ਦਰਦ ਕਿਸਨੂੰ ਹੈ, ਉਜੜ ਰਹੇ ਪੰਜਾਬ ਨੂੰ ਕੌਣ ਬਚਾਉਣਾ ਚਾਹੁੰਦਾ ਹੈ। ਸਿਆਸੀ ਧਿਰਾਂ ਦਾ ਮੰਤਵ ਤਾਂ ਚੋਣ ਜਿੱਤ ਕੇ ਆਪਣੇ ਪੈਂਠ ਜਮਾਉਣਾ ਅਤੇ ਰਾਜ ਕਰਨਾ ਹੁੰਦਾ ਹੈ। ਐਤਕਾਂ ਜਿਸ ਢੰਗ ਨਾਲ ਦਲ ਬਦਲੂਆਂ ਦਾ ਬੋਲਬਾਲਾ ਹੈ, ਹਫੜਾ ਤਫੜੀ ਵਾਲੀ ਸਿਆਸਤ ਖੇਡੀ ਜਾ ਰਹਾ ਹੈ ਪੰਜਾਬ 'ਚ, ਉਹ ਪਹਿਲੀਆਂ 'ਚ ਸ਼ਾਇਦ ਕਦੇ ਖੇਡੀ ਹੀ ਨਹੀਂ ਗਈ।

ਪੰਜਾਬ ਜਿੱਤਣ ਦਾ ਹਰੇਕ ਦਾਅ ਕੇਂਦਰੀ ਹਾਕਮ ਵਰਤਣਗੇ। ਦਰਅਸਲ ਕਿਸਾਨ ਅੰਦੋਲਨ ਕਾਰਨ ਕੌਮੀ ਅਤੇ ਕੌਮਾਂਤਰੀ ਪਲੇਟਫਾਰਮਾਂ ਉੱਤੇ ਜਿਸ ਢੰਗ ਨਾਲ ਕੇਂਦਰ ਸਰਕਾਰ ਦੀ ਬਦਨਾਮੀ ਹੋਈ ਹੈ, ਉਸ ਪ੍ਰਤੀ ਉਹ ਬੇਇਜ਼ਤੀ ਮਹਿਸੂਸ ਕਰ ਰਹੇ ਹਨ। ਇਸਦਾ ਬਦਲਾ ਲੈਣ ਲਈ ਉਹ ਹਰ ਹਰਬਾ ਵਰਤ ਕੇ, ਪੰਜਾਬ ਦੀ ਤਾਕਤ ਹਥਿਆਉਣ ਦੇ ਅਵੱਲੇ ਰਾਹ 'ਤੇ ਹਨ। ਕੀ ਪੰਜਾਬ ਦੇ ਸੂਝਵਾਨ ਲੋਕ ਇਹਨਾਂ ਸਾਜ਼ਿਸਾਂ ਦਾ ਸ਼ਿਕਾਰ ਹੋ ਜਾਣਗੇ ਜਾਂ ਆਪਣੇ ਰਾਹ ਆਪ ਉਲੀਕਣਗੇ ਤੇ ਸੂਝਵਾਨ ਲੋਕਾਂ ਨੂੰ ਆਪਣੀ ਵਾਂਗਡੋਰ ਸੰਭਾਲਣਗੇ।

# ਆਦਿ ਧਰਮ ਮੰਡਲ ਦੇ ਬਾਨੀ ਬਾਬੂ ਮੰਗੂ ਰਾਮ ਮੁਗੋਵਾਲੀਆ



ਹਰਬੰਸ ਸਿੰਘ ਹੀਰਾ

ਆਦਿ ਧਰਮੀ ਸਮਾਜ ਵਿਚ ਅਨੇਕਾਂ ਹੀ ਪੀਰ ਪੈਗੰਬਰ, ਰਿਸ਼ੀ ਮੁਨੀ, ਗੁਰੂ, ਭਗਤ, ਸੂਰਬੀਰ ਅਤੇ ਸੰਤਾਂ ਨੇ ਜਨਮ ਲਿਆ ਹੈ ਅਤੇ ਸਮੂਹ ਨੇ ਸਮਾਨਤਾ ਅਤੇ ਸਾਂਝੀਵਾਲਤਾ ਦਾ ਹੋਕਾ ਦਿੱਤਾ ਹੈ। ਇਹਨਾਂ ਸਾਰਿਆਂ ਨੇ ਬਹੁਤ ਸਾਰੇ ਤਸੀਹ ਅਤੇ ਦੁੱਖਾਂ ਦਾ ਸਾਹਮਣਾ ਕਰਕੇ ਆਪਣਾ ਜੀਵਨ ਬਤੀਤ ਕੀਤਾ ਹੈ। ਆਪਣੀਆਂ ਲਿਖਤਾਂ ਵਿਚ ਉਪਦੇਸ਼ ਦਿੱਤਾ ਹੈ। ਜਿਸ ਸਮਾਜ ਵਿਰੁੱਧ ਉਹਨਾਂ ਸੰਘਰਸ਼ ਕੀਤਾ, ਉਹ ਸਮਾਜ ਬੜਾ ਚਾਤੁਰ ਨਿਕਲਿਆ, ਉਹਨਾਂ ਮਹਾਂਪੁਰਸ਼ਾਂ ਦੀਆਂ ਲਿਖਤਾਂ ਦਬਾਈ ਰੱਖੀਆਂ ਅਤੇ ਗੁੰਮਰਾਹ ਕਰਦੇ ਰਹੇ। ਇਸ ਸਮੇਂ ਬਾਬੂ ਮੰਗੂ ਰਾਮ ਜੀ 14 ਜਨਵਰੀ 1886 ਨੂੰ ਜਨਮੇ ਪਰ ਉਹਨਾਂ ਦਾ ਜੀਵਨ ਬੜਾ ਹੀ ਕਠਿਨਤਾ ਨਾਲ ਗੁਜ਼ਰਿਆ, ਬਾਵਜੂਦ ਇਸਦੇ ਬਾਬੂ ਜੀ ਨੇ ਸਾਡੀ ਸਮਾਜ ਵਿਚ ਕ੍ਰਾਂਤੀ ਲਿਆ ਦਿੱਤੀ। ਪਹਿਲਾਂ ਉਹਨਾਂ ਅਮਰੀਕਾ ਵਿਚ ਗਦਰ ਪਾਰਟੀ ਵਿਚ ਜਾ ਕੇ ਦੇਸ਼ ਦੀ ਆਜ਼ਾਦੀ ਲਈ



ਆਪਣਾ ਜੀਵਨ ਵੀ ਲੇਖੇ ਲਾਇਆ। ਇਸ ਕਰਕੇ ਅੱਜਕਲ੍ਹ ਉਹਨਾਂ ਦੀ ਦੁਨੀਆਂ ਵਿਚ ਗਦਰੀ ਬਾਬਾ ਬਾਨੀ ਆਦਿ ਧਰਮ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਅਸੀਂ ਜਾਣਦੇ ਹਾਂ ਕਿ ਬਾਬੂ ਜੀ ਨੇ ਆਦਿ ਧਰਮ ਮੰਡਲ ਅਤੇ ਆਦਿ ਧਰਮ ਲਹਿਰ ਚਲਾ ਕੇ ਸਾਡੇ ਸਮਾਜ ਵਿਚ ਕ੍ਰਾਂਤੀ ਲਿਆਂਦੀ। ਸਾਰੇ ਭਾਈਚਾਰੇ ਨੂੰ ਇਕ ਲੜੀ ਵਿਚ ਪਰੋਇਆ।

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ ਰਾਜਨੀਤੀ ਵਿਚ ਵੀ ਸਾਡੇ ਸਮਾਜ ਨੂੰ ਇਕ ਵੱਖਰੀ ਸੇਧ ਦਿੱਤੀ। ਮੇਰੀ ਸੰਸਾਰ ਵਿਚ ਸਮੂਹ ਆਦਿ ਧਰਮੀ ਸਮਾਜ ਨੂੰ ਬੇਨਤੀ ਹੈ ਕਿ ਉਹਨਾਂ ਦੇ ਕੀਤੇ ਹੋਏ ਕਾਰਨਾਮਿਆਂ ਨੂੰ ਯਾਦ ਰੱਖਣਾ ਚਾਹੀਦਾ ਹੈ ਅਤੇ ਆਦਿ ਧਰਮ ਦੀ ਤਰੱਕੀ ਲਈ ਇਕਜੁਟ ਹੋ ਕੇ ਕੰਮ ਕਰਨਾ ਚਾਹੀਦਾ ਹੈ। ਆਖਿਰ ਵਿਚ ਮੇਰੇ ਅਤੇ ਮੇਰੇ ਸਮੂਹ ਪਰਿਵਾਰ ਵੱਲੋਂ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੇ 136ਵੇਂ ਜਨਮ ਦਿਨ ਦੀਆਂ ਸਮੂਹ ਆਦਿ ਧਰਮੀ ਸਮਾਜ ਨੂੰ ਲੱਖ-ਲੱਖ ਵਧਾਈ ਹੋਵੇ।


## ਦੋ ਰਹਿਬਰ

# ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ, ਜੰਗ ਸਿੰਘ ਗਿਆਨੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਇਕ ਧਾਰਨਾ ਹੈ ਕਿ ਜੀਵਨ ਵਿਚ ਦੋ ਬੁਨਿਆਦੀ ਕੀਮਤਾਂ ਦਾ ਵਧੇਰੇ ਮਹੱਤਵ ਹੈ। ਉਹ ਹਨ ਉਪਯੋਗਤਾ ਅਤੇ ਸਾਰਥਿਕਤਾ। ਜਿੱਥੇ ਦੁਨੀਆਂਦਾਰ ਉਪਯੋਗਤਾ ਨੂੰ ਪਹਿਲ ਦਿੰਦੇ ਹਨ। ਲਾਭਪੂਰਕ ਪ੍ਰਸਥਿਤੀਆਂ ਵਾਚਦੇ ਹਨ। ਬਿਨਾਂ ਮਿਹਨਤ ਤੋਂ ਰਾਤੋ-ਰਾਤ ਅਮੀਰ ਬਣਨ ਦੀਆਂ ਸਲੀਬਾਂ ਸੋਚਦੇ ਹਨ। ਰਾਹ ਵਿਚ ਆ ਰਹੇ ਵਿਅਕਤੀਆਂ ਨੂੰ ਲਿਤਾੜਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਉਥੇ ਕਲਾਕਾਰ, ਲੇਖਕ, ਮਹਾਤਮਾਵਾਂ ਅਤੇ ਸ੍ਰੇਸ਼ਠਤਮ




ਆਤਮਾਵਾਂ ਹਮੇਸ਼ਾ ਸਾਰਥਿਕਤਾ ਪ੍ਰਤੀ ਵਚਨਬੱਧ ਹੁੰਦੀਆਂ ਹਨ। ਸੁਭਾਵਿਕ ਹੀ ਅਜਿਹੀਆਂ ਸ਼ਖਸੀਅਤਾਂ ਦੂਸਰਿਆਂ ਤੋਂ ਵਿਲੱਖਣ, ਨਿਵੇਕਲੀਆਂ ਅਤੇ ਮਿਸਾਲੀ ਹੁੰਦੀਆਂ ਹਨ। ਕਿਉਂਕਿ ਉਹ ਸਦਾ ਲਾਭਪੂਰਕ ਰੁਚੀਆਂ ਨੂੰ ਤਿਲਾਂਜਲੀ ਦੇ ਕੇ ਮਾਨਵਤਾ ਦੇ ਸੁਖ-ਸੁਵਿਧਾ, ਖੁਸ਼ੀ ਖੇੜੇ ਅਤੇ ਆਤਮਕ ਉਂਚਤਾ ਸਹਿਜ ਅਤੇ ਸ਼ਾਂਤੀ ਲਈ ਯਤਨਸ਼ੀਲ ਰਹਿੰਦੀਆਂ ਹਨ। ਉਤਰੀ ਅਮਰੀਕਾ ਵਿਚ ਅਜਿਹੀਆਂ ਦੋ ਸ਼ਖਸੀਅਤਾਂ ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ ਅਤੇ ਜੰਗ ਸਿੰਘ ਗਿਆਨੀ ਵਿਚਰੀਆਂ ਹਨ। ਜਿਹਨਾਂ ਨੇ ਕਈ ਦਹਾਕਿਆਂ ਤੱਕ ਰੂਹਾਨੀ ਸਾਹਿਤ ਦੀਆਂ ਖੁਸ਼ਬੋਈਆਂ ਖਲੇਰੀਆਂ ਹਨ। ਆਪਣੇ ਆਪ ਨੂੰ ਗੁਰਬਾਣੀ ਦਾ ਭੰਵਰਾ ਦੱਸਦੀਆਂ ਹਨ। ਉਹਨਾਂ ਦੀਆਂ ਰਚਨਾਵਾਂ ਦੀਆਂ ਚਰਚਾਵਾਂ ਪੂਰਬ ਕੀ ਪੱਛਮ ਹਰ ਦਿਸ਼ਾਂ ਵਿਚ ਹਨ। ਹਮੇਸ਼ਾ ਉਹੀ ਨਿਰਮਾਣਤਾ, ਉਹੀ ਸਰਲਤਾ, ਉਹੀ ਸਥਿਰਤਾ, ਉਹੀ ਹਲੀਮੀ ਅਤੇ ਉਹੀ ਅਜੀਜ਼ਪਣ। ਇਹਨਾਂ ਦਾ ਨਿੱਘਾ ਸਾਥ ਮਾਣਦਿਆਂ ਆਲਮ ਇਕਬਾਲ ਦੀਆਂ ਸੱਤਰਾਂ ਆਪ-ਮੁਹਾਰੇ ਉਠਦੀਆਂ ਹਨ।

ਹਜ਼ਾਰੋ ਸਾਲ ਨਰਗਿਸ ਆਪਣੀ ਬੇਨੂ੍ਰੀ ਪੇ ਰੋਤੀ ਹੈ।
ਬੜੀ ਮੁਸ਼ਕਿਲ ਸੇ ਹੋਤਾ ਹੈ, ਚਮਨ ਮੇਂ ਦੀਦਾਵਰ ਪੈਦਾ।

ਅਜਿਹੇ ਸਾਹਿਤਕਾਰ ਲੋਕਾਂ ਨੂੰ ਉਤਸ਼ਾਹਿਤ ਕਰਦੇ ਉਪਰ ਚੁੱਕਦੇ ਦ੍ਰਿਸ਼ਟੀਕੋਣ ਵਧਾਉਂਦੇ ਅਤੇ ਲੋਕਾਂ ਦੀਆਂ ਸੋਚਾਂ ਬਦਲਦੇ ਹਨ। ਉਹਨਾਂ ਦੀਆਂ ਸ਼ਕਤੀਸ਼ਾਲੀ ਲਿਖਤਾਂ ਸਮਾਜ ਲਈ ਪ੍ਰੇਰਨਾ ਦਾ ਸੋਮਾ ਹਨ। ਜੇਕਰ ਮਨੁੱਖ ਜੀਵਨ ਦੇ ਕਿਸੇ ਪੜਾਅ 'ਤੇ ਆ ਕੇ ਨਿੱਠ ਕੇ ਬੈਠ ਜਾਵੇ ਤਾਂ ਕਈ ਤਰ੍ਹਾਂ ਦੀਆਂ ਦਲੀਲਾਂ ਅਹੁੜਦੀਆਂ ਹਨ। ਅੰਦਰੂਨੀ ਗੁਣ ਬਾਹਰ ਆਉਣ ਦੀ ਕਰਦੇ ਹਨ। ਰੱਬ ਕਰੇ ਜੇਕਰ ਸੰਗਤ ਵੀ ਚੰਗੀ ਮਿਲ ਜਾਵੇ ਤਾਂ ਸੋਨੇ ਤੇ ਸੁਹਾਗਾ ਹੋ ਨਿੱਬੜਦੀ ਹੈ। ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ ਅਤੇ ਜੰਗ ਸਿੰਘ ਗਿਆਨੀ ਜੀ ਦੀ ਦੋਸਤੀ ਵੀ ਅਜਿਹਾ ਹੀ ਰੰਗ ਲਿਆਈ। ਦੋਵਾਂ ਨੇ ਰੂਹਾਨੀ ਸਾਹਿਤ ਦੀ ਵਿਉਂਤਬੰਦੀ, ਅਧਿਆਤਮਕ ਸਾਹਿਤ ਦੀਆਂ ਲੰਮੀਆਂ ਗੋਸ਼ਟੀਆਂ ਖੋਜਾਂ ਅਤੇ ਆਪਸੀ ਵਾਰਤਾਲਾਪ ਤੇ ਆਧਾਰਿਤ ਅਜਿਹੀ ਸਾਹਿਤ ਰਚਨਾ ਕੀਤੀ ਜੋ ਲੰਮੇ ਤਜਰਬੇ ਦੀ ਪਰਖਨਲੀ ਵਿਚੋਂ ਉਭਰ ਕੇ ਸਾਹਮਣੇ ਆਈ। ਜੋ ਪਾਠਕ ਤੇ ਸਦੀਵੀ ਅਸਰ ਕਰਦੀ ਹੈ। ਇਕੋ ਸਮੇਂ ਕਈ ਸਾਹਿਤਕ, ਸਭਿਆਚਾਰਕ, ਵਿਦਿਅਕ, ਧਾਰਮਿਕ ਤੇ ਵਪਾਰਕ ਸੰਸਥਾਵਾਂ ਨਾਲ ਜੁੜੇ ਰਹਿਣਤੇ ਸਮਕਾਲੀ ਸਾਹਿਤਕਾਰਾਂ ਨੂੰ ਸਿੱਧ ਕਰਕੇ ਦੱਸਿਆ ਕਿ ਰੂਹਾਨੀ ਸਾਹਿਤ ਹੀ ਅਮਰ ਅਤੇ ਸਦੀਵੀ ਹੈ। ਕਲਮਕਾਰਾਂ ਨੂੰ ਅਧਿਆਤਮਕ ਲਿਖਣ ਲਈ ਪ੍ਰੇਰਿਆ।

ਪੰਜਾਬ ਤੋਂ ਅਮਰੀਕਾ ਤੱਕ ਰੂਹਾਨੀ ਸਾਹਿਤ ਦੇ ਸਫਰ ਵਿਚ ਜੋ ਘਾਲਣਾ ਘਾਲੀ ਹੈ, ਉਹੀ ਸੱਚ ਸੰਘਰਸ਼ ਸਾਦੇ ਸ਼ਬਦਾਂ ਵਿਚ ਪੇਸ਼ ਕੀਤਾ ਹੈ। ਜੋ ਲੋਕ ਸਾਹਿਤ ਹੋ ਨਿੱਬੜਿਆ। ਉਹਨਾਂ ਦੀ ਇਸ ਘਾਲਣਾ ਤੇ ਹਰ ਪੰਜਾਬੀ ਨੂੰ ਮਾਣ ਹੋਵੇਗਾ। ਇਸ ਮਾਣਮੱਤੇ ਰੂਹਾਨੀ ਸਾਹਿਤ ਰਾਹੀਂ ਸਮਾਜ ਦੇ ਹਰ ਵਿਸ਼ੇ ਤੇ ਹਜ਼ਾਰਾਂ ਰਚਨਾਵਾਂ ਦੇ ਲਖਾਇਕਾਂ ਨੇ ਰੱਬੀ ਬਾਣੀ ਦਾ ਸੰਦੇਸ਼ ਘਰ-ਘਰ ਪਹੁੰਚਾਇਆ ਹੈ। ਇਸ ਕੋਸ਼ਿਸ਼ ਵਿਚ ਹਮੇਸ਼ਾ ਆਸਵੰਦ ਰਹੇ ਕਿ ਦੁਨੀਆਂ ਤੇ ਇਕ ਦਿਨ ਅਮਨ ਹੋਵੇਗਾ। ਬਹੁਗਿਣਤੀ ਲੋਕ ਅਮਨਪਸੰਦ ਹੋਣਗੇ। ਅਮਨ ਦਾ ਰਾਜ ਪੂਰੇ ਸੰਸਾਰ 'ਤੇ ਹੋਵੇਗਾ। ਜਿੱਥੇ ਇਹ ਆਮ ਪਾਠਕ ਦੇ ਰਹਿਬਰ ਹਨ, ਉਥੇ ਸਾਹਿਤਕਾਰਾਂ ਲਈ ਵੀ ਪ੍ਰੇਰਨਾ ਸਰੋਤ ਰਹੇ ਹਨ। ਇਹ ਵੀ ਸੰਦੇਸ਼ ਦਿੱਤਾ ਕਿ ਚੰਗਾ ਸਾਹਿਤ ਲਿਖਣਾ ਮਨੁੱਖਤਾ ਦੀ ਭਲਾਈ ਹੈ। ਇਸ ਤੋਂ ਵੱਡਾ ਕੋਈ ਸਵਰਗ ਨਹੀਂ ਹੈ। ਦੋਹਾਂ ਸਾਹਿਤਕਾਰਾਂ ਦੀਆਂ ਸੰਖੇਪ ਜੀਵਨੀਆਂ ਲਿਖੀਆਂ ਹਨ।

**ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ–** ਲੋਕ-ਕਵੀ ਇਕ ਜਨ ਸਧਾਰਨ ਪਰਿਵਾਰ ਦੇ ਸੰਸਕਾਰਾਂ ਵਿਚ ਬਚਪਨ ਤੋਂ ਹੀ ਧਾਰਮਿਕ ਰੁਚੀ ਦੇ ਮਾਲਕ ਰਹੇ ਹਨ। ਬਚਪਨ ਵਿਚ ਹੀ ਗੁਰਬਾਣੀ ਕੀਰਤਨ ਵਿਚ ਧਿਆਨ ਜੁੜ ਗਿਆ। ਗਰੀਬ ਘਰ ਵਿਚ ਮਜ਼ਦੂਰ ਪਿਤਾ ਜੀ ਦਾ ਜੀਵਨ ਬੜਾ ਸੰਘਰਸ਼ਮਈ ਸੀ। ਆਜ਼ਾਦ ਜਲੰਧਰੀ ਜੀ ਦਾ ਜਨਮ 12 ਜਨਵਰੀ, 1931 ਨੂੰ ਚੌਧਰੀ ਬਿਸ਼ਨ ਸਿੰਘ ਸੁਮਨ ਦੇ ਘਰ ਹੋਇਆ। ਮਾਤਾ ਜੀ ਵੀ ਬੜੀ ਪ੍ਰਭਾਵਸ਼ਾਲੀ ਅਧਿਆਤਮਕ ਸ਼ਖਸੀਅਤ ਸਨ। ਜਲੰਧਰੀ ਜੀ ਆਪਣੇ ਇਲਾਕੇ ਵਿਚ ਹਿੰਦੂ, ਸਿੱਖ ਤੇ ਮੁਸਲਮਾਨਾਂ ਵਿਚ ਬੜੇ ਹਰਮਨ ਪਿਆਰੇਸਨ। ਕਿਉਂਕਿ ਉਹ ਹਰ ਧਾਰਮਿਕ ਅਸਥਾਨ ਤੇ ਸ਼ਰਧਾ ਨਾਲ ਜਾਂਦੇ ਸਨ। ਬਚਪਨ ਵਿਚ ਹੀ ਉਹਨਾਂ ਦੀ ਸੰਗਤ ਧਾਰਮਿਕ ਅਤੇ ਸਾਹਿਤਕ ਸ਼ਖਸੀਅਤਾਂ ਨਾਲ ਹੋ ਗਈ ਸੀ ਜਿਵੇਂ: ਸਰਵਣ ਸਿੰਘ, ਅਮੋਲਕ ਸਿੰਘ, ਕਾਮਰੇਡ ਮੇਹਰ ਚੰਦ ਮੇਹਰ, ਪੰਡਿਤ ਪ੍ਰੇਮ ਸਿੰਘ ਪੰਛੀ ਆਦਿ। ਆਪ ਜੀ ਨੂੰ ਗਾਉਣ ਅਤੇ ਲਿਖਣ ਦਾ ਸ਼ੌਂਕ ਹੋ ਗਿਆ। 9 ਸਾਲ ਦੀ ਉਮਰ ਵਿਚ ਹੀ ਸ਼ੇਅਰ ਲਿਖਣ ਲੱਗ ਪਏ ਸਨ। ਪੰਜਾਬੀ, ਹਿੰਦੂ, ਉਰਦੂ ਤੇ ਫਾਰਸੀ ਦਾ ਜਾਣੂ ਹੋਣ ਕਰਕੇ ਬਹੁਰੰਗੇ ਸ਼ੇਅਰ ਲਿਖੇ।

ਰਾਮਗੜ੍ਹੀਆ ਹਾਈ ਸਕੂਲ ਤੋਂ ਮੈ-ਟ੍ਰਿਕ ਪਾਸ ਕਰਕੇ 1950 ਵਿਚ ਦਿੱਲੀ ਵਿਖੇ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਵਿਚ ਨੌਕਰੀ ਕਰ ਲਈ। ਕਈ ਲਿਖਾਰੀ ਸਭਾਵਾਂ ਨਾਲ ਇੱਕਮਿਕ ਹੋ ਗਏ। ਦਿੱਲੀ ਹਮੇਸ਼ਾ ਸ਼ਾਇਰਾਂ, ਸਾਹਿਤਕਾਰਾ, ਸੰਗੀਤਕਾਰਾਂ, ਗਾਇਕਾਂ ਤੇ ਫਨਕਾਰਾਂ ਦਾ ਗੜ੍ਹ ਰਿਹਾ ਹੈ। ਜਲੰਧਰੀ ਵੀ ਇਹਨਾਂ ਸਭਾਵਾਂ ਨਾਲ ਜੁੜਗਏ। ਸਭਾਵਾਂ ਵਿਚ ਸ਼ੇਅਰ ਕਹਿਣ ਲੱਗ ਪਏ। ਪੰਜਾਬੀ ਦੇ ਵਿਦਵਾਨ ਲਿਖਾਰੀ ਪੰਡਤ ਲਾਲ ਚੰਦ ਜੀ ਮਾਸੂਮ ਚਿਨਿਚਟੀ ਨੂੰ ਉਸਤਾਦ ਧਾਰ ਲਿਆ। ਜਿਹਨਾਂ ਸ਼ਾਇਰਾਂ ਦਾ ਸਾਥ ਮਾਣਿਆ: ਪੰਡਤ ਲਾਲ ਚੰਦ ਫਲਕ, ਗਿਆਨ ਚੰਦ ਧਵਨ ਲਾਹੌਰ, ਪੰਡਿਤ ਕੰਸਰਾਜ ਗੌਹਰ,




ਡਾ. ਹਰਿਭਜਨ ਸਿੰਘ, ਪ੍ਰੀਤਮ ਸਿੰਘ ਸਫੀਰ ਉਪਰੰਤ ਅੰਮ੍ਰਿਤ ਦਸੂਹਵੀ, ਚੰਨ ਨਨਕਾਣਵੀ, ਚਾਨਣ ਗੋਬਿੰਦਪੁਰੀ, ਪ੍ਰਕਾਸ਼ ਸਾਥੀ, ਸੰਸਾਰ ਸਿੰਘ ਗਰੀਬ ਆਦਿ।

ਧਾਰਮਿਕ ਅਤੇ ਸਮਾਜਿਕ ਕਵੀ ਦਰਬਾਰ ਨਿਭਾਏ। ਛੇਤੀ ਹੀ ਅਧਿਆਤਮਕਵਾਦ ਤੇ ਲਿਖਣਾ ਸ਼ੁਰੂ ਕੀਤਾ। ਇਸੇ ਸਾਹਿਤ ਨੂੰ ਆਪਣਾ ਜੀਵਨ ਸਮਰਪਿਤ ਕਰ ਦਿੱਤਾ। ਰੂਹਾਨੀ ਗਜ਼ਲਾਂ, ਗੀਤ ਆਸ਼ਰਮਾਂ ਅਤੇ ਸੂਫੀ ਮਹਿਫਲਾਂ ਵਿਚ ਗਾਉਂਦਾ ਰਿਹਾ। ਭੇਟਾਂ ਲਿਖ ਕੇ ਵੀ ਗਾਇਕਾਂ ਦੀ ਮਦਦ ਕੀਤੀ। ਇਹ ਨਿਸ਼ਕਾਮ ਸੇਵਾ ਹੀ ਸੀ।

ਫਿਰ ਦੂਰ-ਦੂਰ ਤੱਕ ਸਟੇਜਾਂ ਤੇ ਜਾਣਾ ਵੀ ਹੋ ਗਿਆ, ਜਿਵੇਂ: ਹਰਿਆਣਾ, ਰਾਜਸਥਾਨ, ਉਤਰ ਪ੍ਰਦੇਸ਼ ਮੁੰਬਈ ਤੱਕ ਗਏ। ਹਿੰਦੀ ਫਿਲਮਾਂ ਲਈ ਵੀ ਗੀਤ ਲਿਖੇ ਜੋ ਰਿਕਾਰਡ ਹੋਏ। ਗਾਏ ਵੀ ਗਏ ਜਿਵੇਂ ਭੁਪਿੰਦਰ ਮਿਤਾਲੀ, ਸੁਰੇਸ਼ ਵਾਡੇਕਰ, ਸਾਧਨਾ ਸਰਗਮ, ਮੁਹੰਮਦ ਅਜ਼ੀਜ਼, ਉਦਿਤ ਨਰਾਇਣ, ਕੁਮਾਰ ਸਾਨੂੰ, ਅਲਕਾ ਯਾਗਨਿਕ, ਕਵਿਤਾ ਕ੍ਰਿਸ਼ਨਾ-ਮੂਰਤੀ, ਅਭੀਜੀਤ ਅਤੇ ਸਪਨਾ ਮੁਖਰਜੀ ਆਦਿ।

1956 ਵਿਚ ਪੰਜਾਬੀ ਕਵੀ ਸਭਾ ਦਾ ਜਨਰਲ ਸਕੱਤਰ ਚੁਣੇ ਗਏ। ਸੰਨ 1957 ਵਿਚ ਗ੍ਰਹਿ ਮੰਤਰਾਲੇ ਵੱਲੋਂ ਹਰ ਸਾਲ ਉਰਦੂ, ਪੰਜਾਬੀ ਅਤੇ ਹਿੰਦੀ ਦੇ ਮੁਕਾਬਲੇ ਕਰਵਾਏ ਜਾਂਦੇ ਸਨ। ਆਪ ਜੀ ਨੂੰ ਇੰਤਜਾਮੀਆ ਕਮੇਟੀ ਦਾ ਮੈਂਬਰ ਬਣਾਇਆ। ਉਹਨਾਂ ਕਾਵਿ-ਪ੍ਰੋਗਰਾਮਾਂ ਵਿਚ ਜਿਗਰ ਮੁਰਾਦਾਬਾਦੀ, ਸਾਗਰ ਨਿਜ਼ਾਮੀ, ਮਖਮੂਰ ਦੇਹਲਵੀ, ਨਰੇਸ਼ ਕੁਮਾਰ ਸ਼ਾਦ, ਗੁਲਜ਼ਾਦ ਦੇਹਲਵੀ, ਹਰਿਵੰਸ਼ ਰਾਏ ਬੱਚਨ, ਨੀਰਜ, ਅੰਮ੍ਰਿਤਾ ਪ੍ਰੀਤਮ, ਪ੍ਰਭਜੋਤ ਕੌਰ, ਭਾਈਆ ਈਸ਼ਰ ਸਿੰਘ, ਗੁਰਮੁਖ ਸਿੰਘ ਮੁਸਾਫਰ, ਪ੍ਰੀਤਮ ਸਿੰਘ ਸਫੀਰ ਆਦਿ ਦਾ ਸਾਥ ਰਿਹਾ। ਇਹਨਾਂ ਮੁਕਾਬਲਿਆਂ ਵਿਚ 1958, 1959 ਅਤੇ 1962 ਵਿਚ ਜਿੱਤ ਪ੍ਰਾਪਤ ਹੋਈ।

ਸੰਨ 1958 ਵਿਚ ਸਾਰ ਸ਼ਬਦ ਮਿਸ਼ਨ, ਰਾਜੌਰੀ ਗਾਰਡਨ ਨਵੀਂ ਦਿੱਲੀ ਵੱਲੋਂ ਹਿੰਦੀ ਦਾ ਮਾਸਿਕ ਰਸਾਲਾ 'ਗੰਗੋਤਰੀ' ਸ਼ੁਰੂ ਹੋਇਆ। ਜੋ ਅੱਜ ਤੱਕ ਚੱਲ ਰਿਹਾ ਹੈ। ਸੰਨ 1998 ਵਿਚ ਸ਼ਕਤੀ ਸੇਵਾ ਸੰਮਤੀ ਚੈਰੀਟੇਬਲ ਟਰੱਸਟ ਦਿੱਲੀ ਵੱਲੋਂ ਤ੍ਰੈਮਾਸਿਕ ਰਸਾਲਾ 'ਮਨਨਦੀਪ' ਸ਼ੁਰੂ ਕੀਤਾ ਜੋ ਦੇਸ਼-ਵਿਦੇਸ਼ ਵਿਚ ਬੜੀ ਸਫਲਤਾ ਨਾਲ ਚੱਲ ਰਿਹਾ ਹੈ, ਨਾਲ ਜੁੜੇ ਹੋਏ ਹਨ।

ਸੰਨ 1978 ਵਿਚ ਨੌਕਰੀ ਤੋਂ ਅਸਤੀਫਾ ਦੇ ਕੇ ਆਪਣੇ ਪਰਿਵਾਰ ਸਹਿਤ ਸੈਨਹੋਜ਼ੇ (ਕੈਲੇਫੋਰਨੀਆ) ਆਣ ਵੱਸੇ।ਕਲਮ ਦਾ ਸਫਰ ਜਾਰੀ ਰਿਹਾ। ਗੁਰੂ ਘਰਾਂ ਵਿਚ ਕੀਰਤਨ ਦੀ ਸੇਵਾ ਨਿਭਾਈ।

ਪੰਜਾਬੀ ਸਾਹਿਤ, ਸਭਿਆਚਾਰਕ, ਧਾਰਮਿਕ ਸੰਸਥਾਵਾਂ ਨਾਲ ਜੁੜ ਗਏ। ਸ਼ਾਨ-ਏ-ਪੰਜਾਬ ਸੰਗੀਤ ਗਰੁੱਪ ਲਈ ਗੀਤ ਲਿਖੇ, ਜਿਹਨਾਂ ਨੂੰ ਇੱਥੋਂ ਗਾਇਕਾਂ ਨੇ ਗਾਇਆ ਜਿਵੇਂ: ਹਰਭਜਨ ਸਿੰਘ 'ਭਜਨ', ਸਤਪਾਲ ਸਿੰਘ 'ਦਿਓਲ', ਸੋਹਣ ਸਿੰਘ ਢੋਲਾ ਆਦਿ। ਗੀਤਾਂ ਦੀਆਂ ਕੈਸਟਾਂ ਵੀ ਬਣੀਆਂ। ਪੰਜਾਬੀ, ਹਿੰਦੀ, ਉਰਦੂ ਮੁਸ਼ਾਇਰਿਆਂ ਵਿਚ ਸ਼ਿਰਕਤ ਕੀਤੀ। ਬੜਾ ਪਿਆਰ ਸਤਿਕਾਰ ਮਿਲਿਆ। ਸੰਨ 1999 ਵਿਚ ਸ਼੍ਰੋਮਣੀ ਕਵੀ ਦਾ ਸਨਮਾਨ ਮਿਲਿਆ। ਹਿੰਦੀ, ਪੰਜਾਬੀ, ਉਰਦੂ ਵਿਚ ਡੇਢ ਦਰਜਨ ਤੋਂ ਵੱਧ ਪੁਸਤਕਾਂ ਲਿਖੀਆਂ। ਕਈ ਪੁਸਤਕਾਂ ਛਪਾਈ ਅਧੀਨ ਹਨ।ਜੰਗ ਸਿੰਘ ਗਿਆਨੀ ਜੀ ਨਾਲ ਮਿਲ ਕੇ ਧਾਰਮਿਕ ਪੁਸਤਕ 'ਸੱਚੀ ਪ੍ਰੀਤ' ਲਿਖੀ। ਵਡੇਰੀ ਉਮਰ ਹੋਣ ਕਰਕੇ ਕਾਰਵਾਈਆਂ ਮੱਧਮ ਹਨ ਪਰ ਉਹਨਾਂ ਦੀ ਨੇੜਤਾ ਮੇਰੇ ਜਿਹੇ ਸਾਹਿਤਕਾਰਾਂ ਨਾਲ ਕਾਇਮ ਹੈ। ਲੰਮੀ ਉਮਰ ਦੀ ਦੁਆ ਹੈ।

**ਜੰਗ ਸਿੰਘ ਗਿਆਨੀ:** ਅਮਰੀਕਾ ਆਉਣ ਤੋਂ ਪਹਿਲਾਂ ਗਿਆਨੀ ਜੀ ਲੇਖਕ ਤੋਂ ਇਲਾਵਾ ਪ੍ਰੋੜ੍ਹ ਪੱਤਰਕਾਰ ਸਥਾਪਤ ਹੋ ਚੁੱਕੇ ਸਨ। ਗਿਆਨੀ ਜੀ ਨੇ ਆਪਣੀਆਂ ਲਿਖਤਾਂ, ਭਾਸ਼ਣ, ਧਰਮ ਪ੍ਰਚਾਰ, ਪੱਤਰਕਾਰਿਤਾ ਅਤੇ ਧਾਰਮਿਕ ਮੰਚ ਸੰਚਾਲਨ ਰਾਹੀਂ ਕੌਮ ਦੀ ਸੇਵਾ ਵਿਚ ਯੋਗਦਾਨ ਪਾਇਆ ਹੈ। ਆਪ ਜੀ ਦਾ ਜਨਮ 25 ਦਸੰਬਰ, 1913 ਨੂੰ ਮਾਤਾ ਦਾਨ ਦੇ ਗ੍ਰਹਿ ਵਿਖੇ ਹੋਇਆ। ਪਿੰਡ ਸੁਖਨਾ ਜ਼ਿਲ੍ਹਾ ਫਰੀਦਕੋਟ ਦੇ ਇਕ ਗਰੀਬ ਕਿਰਸਾਨ ਸੰਤਾ ਸਿੰਘ ਜੀ ਆਪ ਜੀ ਦੇ ਪਿਤਾ ਸਨ। ਗਿਆਨੀ ਜੀ ਦੀ ਮਾਤਾ ਜੀ ਅਕਾਲ ਚਲਾਣਾ ਕਰ ਗਏ ਜਦੋਂ ਆਪ ਜੀ ਦੀ ਉਮਰ 5 ਕੁ ਸਾਲ ਸੀ। ਇਸ ਨਾਲ ਉਹ ਛੋਟੀ ਉਮਰ ਵਿਚ ਹੀ ਕ੍ਰਿਤ ਬਣ ਗਏ ਸਨ। ਪਿੰਡ ਵਿਚ ਕੋਈ ਸਕੂਲ ਨਹੀਂ ਸੀ। ਉਦਾਸੀ ਸੰਤਾਂ ਦੇ ਡੇਰੇ ਤੋਂ ਗੁਰਮੁਖੀ ਦੇ ਅੱਖਰ ਉਠਾਉਣੇ ਸਿੱਖੇ। ਫਿਰ ਪਿੰਡ ਵਿਚ ਸਕੂਲ ਖੁੱਲ੍ਹਣ 'ਤੇ ਮੁਢਲੀ ਵਿੱਦਿਆ ਪ੍ਰਾਪਤ ਕੀਤੀ। ਅੰਮ੍ਰਿਤ ਵੀ ਛਕ ਲਿਆ। ਅਕਾਲ ਕਾਲਜ ਗੁਰਸਾਗਰ ਮਸਤੂਆਣਾ (ਸੰਗਰੂਰ) ਤੋਂ 1931 ਵਿਚ ਗਿਆਨੀ ਪਾਸ ਕੀਤੀ। ਉਦੋਂ ਬਰਤਾਨਵੀ ਸਰਕਾਰ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਕੌਮੀ ਆਜ਼ਾਦੀ ਆਗੂਆਂ ਨੂੰ ਫਾਂਸੀ ਦਿੱਤੀ ਸੀ। ਇਸਦਾ ਗਿਆਨੀ ਜੀ ਦੇ ਮਨ 'ਤੇ ਬਹੁਤ ਪ੍ਰਭਾਵ ਪਿਆ। ਆਪ ਜੀ ਨੇ ਦੇਸ਼ ਭਗਤਾਂ ਦਾ ਇਤਿਹਾਸ ਪੜ੍ਹਿਆ। ਉਸ ਸਮੇਂ ਨੌਜਵਾਨਾਂ ਨੂੰ ਫੜਿਆ ਜਾਂਦਾ ਸੀ ਤਾਂ ਗਿਆਨੀ ਜੀ ਨੂੰ ਬਾਮੁਸ਼ੱਕਤ ਇਕ ਸਾਲ ਦੀ ਸਜ਼ਾ ਹੋਈ। ਲਾਹੌਰ ਅਤੇ ਮੁਲਤਾਨ ਸੈਂਟਰਲ ਜੇਲ੍ਹ ਵਿਚ ਕੈਦ ਕੱਟੀ। ਆਪ ਆਜ਼ਾਦੀ ਦੇ ਮੋਰਚਿਆਂ ਵਿਚ ਵੀ ਸ਼ਾਮਲ ਹੁੰਦੇ ਰਹੇ।

ਪਿੰਡ ਧਰਾਗਵਾਲਾ (ਅਬੋਹਰ) ਪੰਜਾਬੀ ਦੇ ਅਧਿਆਪਕ ਲੱਗੇ। ਅੰਮ੍ਰਿਤਸਰ ਤੋਂ ਬੈਚੂਲਰ ਆਫ ਸਿੱਖ ਡਿਵਨਟੀ ਦਾ ਕੋਰਸ ਕੀਤਾ। ਆਪ ਅਕਾਲੀ ਜਥਾ ਤਹਿਸੀਲ ਮੁਕਤਸਰ ਸਾਹਿਬ ਦੇ ਸਕੱਤਰ ਬਣ ਗਏ। ਆਪ ਬਤੌਰ ਸਿੱਖ ਮਿਸ਼ਨਰੀ ਪ੍ਰਚਾਰਕ ਉਤਰ ਪ੍ਰਦੇਸ਼ ਬਾਂਸ ਬਰੇਲੀ ਬੰਦਾਯੂ ਤੇ ਬੁਲੰਦ ਸ਼ਹਿਰ ਅੰਮ੍ਰਿਤ ਸੰਚਾਰ ਦੀ ਸੇਵਾ ਨਿਭਾਈ। ਆਪ ਜੀ ਨੇ ਮਲੇਸ਼ੀਆ ਦਾ ਵੀ ਪ੍ਰਚਾਰਕ ਦੌਰਾ ਕੀਤਾ। ਆਪ ਨੇ ਖਾਲਸਾ ਸੇਵਕ ਅਖਬਾਰ ਰਾਹੀਂ ਪੱਤਰਕਾਰੀ ਦਾ ਕੰਮ ਸ਼ੁਰੂ ਕੀਤਾ। ਫਿਰ ਅਕਾਲੀ ਪੱਤ੍ਰਿਕਾ, ਕੌਮੀ ਦਰਦ ਆਦਿ ਅਖਬਾਰਾਂ ਵਚ ਪੱਤਰਕਾਰੀ ਦਾ ਹੁਨਰ ਅਜ਼ਮਾਇਆ। ਪੱਤਰਕਾਰੀ ਵਿਚ ਆਪ ਜੀ ਦਾ ਵਿਸ਼ੇਸ਼ ਸਥਾਨ ਸੀ। ਆਪ ਜੀ ਨੂੰ 1976-77 ਵਿਚ ਸਿੱਖ ਰੈਫਰੈਂਸ ਲਾਇਬ੍ਰੇਰੀ ਤੇ ਸਿੱਖ ਇਤਿਹਾਸ ਰਿਸਰਚ ਬੋਰਡ ਦਾ ਮੁਖੀ ਬਣਾਇਆ ਗਿਆ। ਸੰਨ 1977 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਵਿੱਤਰ ਨਗਰ ਅੰਮ੍ਰਿਤਸਰ ਸ਼ਹਿਰ ਦਾ 400 ਸਾਲਾ ਸਥਾਪਨਾ ਦਿਵਸ ਤੇ ਆਪ ਜੀ ਕੋਲੋਂ 'ਅੰਮ੍ਰਿਤਸਰ ਸਿਫਤੀ ਦਾ ਘਰ' ਪੁਸਤਕ ਲਿਖਵਾਈ। ਗਿਆਨੀ ਜੀ ਨੇ ਉਭਰਦੇ ਲੇਖਕਾਂ ਦੀਆਂ ਰਚਨਾਵਾਂ ਛਾਪਣ ਲਈ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਟਿਡ ਲੁਧਿਆਣਾ ਦੀ ਸਥਾਪਨਾ ਕੀਤੀ। ਇਹ ਭਾਰਤ ਵਿਚ ਉਹਨਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਸੀ।

ਸੰਨ 1982 ਵਿਚ ਅਮਰੀਕ ਆਣ ਵੱਸੇ। ਇੱਥੋਂ ਦੀ ਸਭ ਤੋਂ ਵੱਡੀ ਪ੍ਰਾਪਤੀ ਰਹੀ ਕਿ ਉਹਨਾਂ ਨੇ ਪੰਜਾਬੀ ਸਾਹਿਤ ਪਬਲੀਕੇਸ਼ਨ ਅਮਰੀਕਾ ਦੀ ਸਥਾਪਨਾ ਕੀਤੀ।ਜਿਸਦਾ ਮਨੋਰਥ ਸੀ ਕਿ ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਕੋਲ ਬਹੁਤ ਸਾਰਾ ਸਾਹਿਤ ਅਣਛਪਿਆ ਹੈ। ਉਹ ਆਪਣੀਆਂ ਮਜਬੂਰੀਆਂ ਕਰਕੇ ਜਾਂ ਕਿਸੇ ਹੋਰ ਕਾਰਨ ਛਪਵਾਉਣ ਤੋਂ ਅਸਮਰੱਥ ਹਨ। ਜੇਕਰ ਟਰੱਸਟ ਅਜਿਹਾ ਸਾਹਿਤ ਛਾਪਣ ਦਾ ਉਪਰਾਲਾ ਕਰੇ ਤਾਂ ਉਹਨਾਂ ਦੀ ਮਿਹਨਤ ਦੇ ਬੜੇ ਸਾਰਥਕ ਨਤੀਜੇ ਨਿਕਲ ਸਕਦੇ ਹਨ। ਪੰਜਾਬੀ ਮਾਂ ਬੋਲੀ ਅਤੇ ਸਾਹਿਤ ਦਾ ਬੋਲਬਾਲਾ ਪੂਰੇ ਸੰਸਾਰ ਵਿਚ ਹੋ ਸਕਦਾ ਹੈ।

ਟਰਸਟ ਦ ਮੁਢਲੇ ਮੈਂਬਰਾਂ ਵਿਚ ਕੁਲਜੀਤ ਰਾਏ ਪ੍ਰਧਾਨ, ਪ੍ਰਮ੍ਰਿਦਰ ਸਿੰਘ ਪ੍ਰਵਾਨਾ ਜਨਰਲ ਸਕੱਤਰ/ਪ੍ਰੈਸ ਸਕੱਤਰ,ਬਲਦੇਵ ਸਿੰਘ ਮਦਹਾਰ ਲੇਖ ਅਫਸਰ, ਸਰਪ੍ਰਸਤਾਂ ਵਿਚ ਜੰਗ ਸਿੰਘ ਗਿਆਨੀ, ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ, ਹਰਭਜਨ ਸਿੰਘ ਬੈਂਸ, ਡਾ. ਗੁਰੂਮੇਲ ਸਿੱਧੂ, ਪ੍ਰੋ. ਡਾ. ਆਤਮਜੀਤ ਸਿੰਘ। ਮੈਂਬਰਾਂ ਵਿਚ ਸਨ: ਡਾ. ਰਾਜਿੰਦਰ ਸਿੰਘ, ਡਾ. ਹਰਦੇਵ ਸਿੰਘ ਮਾਂਗਟ, ਡਾ. ਅਜੀਤ ਪਾਲ ਸਿੰਘ, ਜੂਨ 25, 2005 ਨੂੰ ਟਰੱਸਟ ਦਾ ਪਹਿਲਾ ਵੱਡਾ ਸਮਾਗਮ ਹੋਇਆ, ਜਿਸ ਵਿਚ ਧਾਰਮਿਕ ਵਿਸ਼ਿਆਂ ਤੇ ਪ੍ਰਚਾ-ਪਾਠ, ਧਾਰਮਿਕ ਕਵੀ ਦਰਬਾਰ, ਪੁਸਤਕਾਂ ਲੋਕ ਅਪਣ ਹੋਈਆਂ।ਨਾਮਵਰ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ। ਢਾਡੀ ਵਾਰਾਂ ਕਵੀਸ਼ਰੀ ਦੇ ਪ੍ਰੋਗਰਾਮ ਹੋਏ। ਮੰਚ ਸੰਚਾਲਨ ਪ੍ਰਮਿੰਦਰ ਸਿੰਘ ਪ੍ਰਵਾਨਾ ਵੱਲੋਂ ਨਿਭਾਇਆ ਗਿਆ।

ਆਪ ਜੀ ਦੀ ਲੇਖਣੀ ਦਾ ਸਫਰ ਸੱਤ ਦਹਾਕਿਆਂ ਤੋਂ ਉਪਰ ਦਾ ਹੈ। ਆਪਣੀ ਉਮਰ ਦੇ 93 ਸਾਲ ਵਿਚ 23 ਜਨਵਰੀ 2006 ਨੂੰ ਅਕਾਲ ਚਲਾਣਾ ਕਰ ਗਏ। ਆਪਣੀ ਲੇਖਣ ਦੀ ਸਾਂਝ ਨਾਲ ਹਮੇਸ਼ਾ ਯਾਦ ਰਹਿਣਗੇ।

ਆਮ ਤੌਰ ਤੇ ਅਭਿਨੰਦਨ ਗ੍ਰੰਥ ਕਿਸੇ ਸਾਹਿਤਕਾਰ ਦੇ ਤੁਰ ਜਾਣ ਬਾਅਦ ਕਿਸੇ ਸੰਸਥਾ ਵੱਲੋਂ ਤਿਆਰ ਕਰਵਾਇਆ ਜਾਂਦਾ ਹੈ। ਪਰ ਆਪ ਦੋਵੇਂ ਖੁਸ਼ਕਿਸਮਤ ਸਨ ਕਿ ਜਿਉਂਦੇ ਜੀਅ ਸਮਕਾਲੀ ਪ੍ਰੇਮੀ ਸਾਹਿਤਕਾਰਾਂ ਵੱਲੋਂ ਉਹਨਾਂ ਦੇ ਸਨਮਾਨ ਵਿਚ ਛਾਪਿਆ ਗਿਆ।

ਦੋ ਦੋਸਤ ਸ਼੍ਰੋਮਣੀ ਕਵੀ ਅਜ਼ਾਦ ਜਲੰਧਰੀ,
ਜੰਗ ਸਿੰਘ ਗਿਆਨੀ ਆਪਣੀ ਲਿਖਤਾਂ
ਨਾਲ ਜਨ ਸਧਾਰਨ ਦੇ ਰਹਿਬਰ ਹੋ ਨਿੱਬੜੇ।

## 10 ਜਨਵਰੀ, 2021 ਨੂੰ ਜਨਮ ਦਿਨ 'ਤੇ ਵਿਸ਼ੇਸ਼

# ਵਿਸ਼ਵ ਪ੍ਰਸਿੱਧ ਲੇਖਕ ਪਦਮਸ਼੍ਰੀ ਗਿਆਨਪੀਠ ਨਾਵਲਕਾਰ ਪ੍ਰੋ: ਗੁਰਦਿਆਲ ਸਿੰਘ



ਪ੍ਰਮੋਦ ਧੀਰ
91-98550-31081

ਸਮਾਜ ਦੇ ਹਾਸ਼ੀਆਗਤ ਵਰਗਾਂ ਦੇ ਹਮਦਰਦ, ਕਿਰਤੀ ਕਾਮਿਆਂ ਨੂੰ ਅਦਬੀ ਆਭਾ ਪ੍ਰਦਾਨ ਕਰਨ ਵਾਲੇ ਅਤੇ ਆਪਣੀ ਵੱਡਮੁੱਲੀ ਸਾਹਿਤਕ ਘਾਲਣਾ ਦੀ ਬਦੌਲਤ ਸਾਹਿਤ ਜਗਤ ਦਾ ਵੱਕਾਰੀ ਪੁਰਸਕਾਰ ਗਿਆਨਪੀਠ ਮਾਂ ਬੋਲੀ ਪੰਜਾਬੀ ਦੀ ਝੋਲੀ ਪੁਆਉਣ ਵਾਲੇ ਪੰਜਾਬੀ ਸਾਹਿਤ ਜਗਤ ਦੇ ਅਜ਼ੀਮ ਹਸਤਾਖਰ ਵਿਸ਼ਵ ਪ੍ਰਸਿਧ ਲੇਖਕ ਪਦਮਸ਼੍ਰੀ ਨਾਵਲਕਾਰ ਪ੍ਰੋਫ਼ੈਸਰ ਗੁਰਦਿਆਲ ਸਿੰਘ ਗਿਆਨਪੀਠ ਪੁਰਸਕਾਰ ਵਿਜੇਤਾ ਦਾ ਜਨਮ ਮਿਤੀ 10 ਜਨਵਰੀ, 1933 ਨੂੰ ਪਿਤਾ ਜਗਤ ਸਿੰਘ ਅਤੇ ਮਾਤਾ ਨਿਹਾਲ ਕੌਰ ਦੀ ਕੁੱਖੋਂ ਹੋਇਆ। ਇਹਨਾਂ ਦੀ ਸ਼ਾਦੀ 13 ਸਾਲ ਦੀ ਉਮਰ ਵਿੱਚ ਬਲਵੰਤ ਕੌਰ ਨਾਲ ਹੋਈ ਅਤੇ 16 ਅਗਸਤ,2016 ਨੂੰ ਉਹ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ਼ ਗਏ ਸਨ। ਉਹ ਪਰਿਵਾਰ 'ਚ ਪਤਨੀ ਬਲਵੰਤ ਕੌਰ, ਬੇਟਾ ਰਵਿੰਦਰ ਸਿੰਘ ਰਾਹੀ, ਦੋ ਬੇਟੀਆਂ ਮਨਜੀਤੀ ਅਤੇ ਸੁਮੀਤੀ ਅਤੇ ਪੋਤਰਿਆਂ ਨੂੰ ਛੱਡ ਗਏ ਹਨ। ਉਹਨਾਂ ਨੇ ਮੁਢਲੀ ਸਿੱਖਿਆ ਜੈਤੋ ਦੇ ਸਰਕਾਰੀ ਸਕੂਲ ਤੋਂ ਪ੍ਰਾਪਤ ਕੀਤੀ, ਫਿਰ ਉਹਨਾਂ ਨੇ ਗਿਆਨੀ,ਬੀ.ਏ ਅਤੇ ਐਮ.ਏ (ਪੰਜਾਬੀ) ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪਾਸ ਕੀਤੀ। ਉਹ 1945 ਤੋਂ 1953 ਤੱਕ ਕਾਰਪੇਂਟਰ ਦਾ ਕੰਮ ਕਰਦੇ ਰਹੇ,ਫਿਰ 1954 ਤੋਂ 62 ਤੱਕ ਪ੍ਰਾਇਮਰੀ ਸਕੂਲ ਦੇ ਅਧਿਆਪਕ,1963 ਤੋਂ 1970 ਤੱਕ ਸਰਕਾਰੀ ਸਕੂਲਾਂ ਵਿੱਚ ਪੰਜਾਬੀ ਟੀਚਰ, 1970 ਤੋਂ 86 ਤੱਕ ਸਰਕਾਰੀ ਬਰਜਿੰਦਰਾ ਕਾਲਜ ਫਰੀਦਕੋਟ ਵਿਖੇ ਪੰਜਾਬੀ ਲੈਕਚਰਾਰ, 1987 ਤੋਂ 1992 ਤੱਕ ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ ਬਠਿੰਡਾ ਵਿਖੇ ਰੀਡਰ,1992 ਤੋਂ 1995 ਤੱਕ ਉੱਥੇ ਹੀ ਪੰਜਾਬੀ ਦੇ ਪ੍ਰੋਫੈਸਰ ਰਹੇ। ਉਹ ਭਾਰਤ ਦੇ ਮਹਾਨ ਲੇਖਕ ਸਨ ਜਿਨ੍ਹਾਂ ਨੂੰ ਨਾਵਲ ਲਿਖਣ ਤੇ ਭਾਰਤ ਦੇ ਪ੍ਰਸਿੱਧ ਗਿਆਨ ਪੀਠ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਅਤੇ ਭਾਰਤ ਦੇ ਰਾਸ਼ਟਰਪਤੀ ਵੱਲੋ ਉਹਨਾਂ ਨੂੰ ਪਦਮ ਸ਼੍ਰੀ ਐਵਾਰਡ ਨਾਲ ਵੀ ਨਿਵਾਜਿਆ ਗਿਆ,'ਜਵਾਹਰ ਲਾਲ ਨਹਿਰੂ' ਐਵਾਰਡ ਸਮੇਤ ਅਨੇਕਾਂ ਕੌਮੀ ਤੇ ਕੌਮਾਂਤਰੀ ਪੁਰਸਕਾਰਾਂ ਨਾਲ ਸੁਸਜਤ ਮਾਂ-ਬੋਲੀ ਦੇ ਸਮਰੱਥ ਨਾਵਲਕਾਰ ਗੁਰਦਿਆਲ ਸਿੰਘ ਦੇ ਅੰਦਰਲੇ ਕਲਾਕਾਰ ਨੂੰ ਬਹੁਤ ਚਿਰ ਰਚਨਾਤਮਿਕ ਆਪੇ ਦੇ ਪ੍ਰਗਟਾਵੇ ਦਾ ਮਾਧਿਅਮ ਨਹੀਂ ਮਿਲਿਆ। ਉਨ੍ਹਾਂ ਚਿਤਰਕਾਰੀ ਆਰੰਭੀ ਤੇ ਇਸ ਉਪਰੰਤ ਉਨ੍ਹਾਂ ਗਾਇਕੀ ਸ਼ੁਰੂ ਕੀਤੀ ਤੇ ਆਪਣੇ ਨਗਰ ਜੈਤੋ ਦੇ ਗੁਰਦੁਆਰਾ ਗੰਗਸਰ ਵਿਚ ਉਹ ਕੀਰਤਨ ਵੀ ਕਰਦੇ ਰਹੇ। ਇੱਥੇ ਵੀ ਜਦ ਉਨ੍ਹਾਂ ਦੀ ਤ੍ਰਿਪਤੀ ਨਾ ਹੋਈ ਤਾਂ ਉਹ ਲਿਖਣ ਕਲਾ ਵੱਲ ਮੁੜੇ ਤੇ 'ਰਾਹੀ' ਦੇ ਤਖ਼ੱਲਸ ਨਾਲ ਲਿਖਣਾ ਆਰੰਭਿਆ। ਉਨ੍ਹਾਂ ਦੀ ਪਹਿਲੀ ਪੁਸਤਕ ਸੀ 'ਗੰਗਸਰ ਦੇ ਸ਼ਹੀਦ'। ਕਲਮ ਨਾਲ ਉਨ੍ਹਾਂ ਦਾ ਸਬੰਧ ਜੁੜਿਆ ਤਾਂ ਇਹ ਸਦੀਵੀ ਬਣ ਗਿਆ ਤੇ ਉਨ੍ਹਾਂ ਜੋ ਵੀ ਲਿਖਿਆ ਉਸਨੇ ਆਲੋਚਕ ਅਤੇ ਪਾਠਕ ਜਗਤ ਵਿਚ ਮਾਣ-ਮੱਤੀਆਂ ਤਰੰਗਾਂ ਛੇੜੀਆਂ। ਉਨ੍ਹਾਂ ਦੇ ਪਹਿਲੇ ਕਹਾਣੀ-ਸੰਗ੍ਰਿਹ 'ਸੱਗੀ ਫ਼ੁੱਲ' ਨਾਲ ਉਹ ਕਹਾਣੀਕਾਰ ਤੇ 'ਸੱਗੀ-ਫ਼ੁੱਲ ਵਾਲਾ ਗੁਰਦਿਆਲ ਸਿੰਘ' ਬਣ ਗਏ। ਉਨ੍ਹਾਂ ਦੀਆਂ ਅਨੇਕਾਂ ਕਹਾਣੀਆਂ ਲਗਾਤਾਰ ਉਸ ਵੇਲੇ ਦੇ ਨਾਮਵਰ ਰਸਾਲਿਆਂ ਵਿਚ ਛਪਦੀਆਂ ਰਹੀਆਂ। 1964 ਵਿਚ ਉਨ੍ਹਾਂ ਦਾ ਪਲੇਠਾ ਨਾਵਲ 'ਮੜ੍ਹੀ ਦਾ ਦੀਵਾ' ਪ੍ਰਕਾਸ਼ਿਤ ਹੋਇਆ ਜਿਸਨੂੰ ਡਾ. ਨਾਮਵਰ ਸਿੰਘ, ਡਾ. ਅਤਰ ਸਿੰਘ, ਡਾ. ਅਮਰੀਕ ਸਿੰਘ ਅਤੇ ਡਾ. ਜੋਗਿੰਦਰ ਸਿੰਘ ਰਾਹੀ ਵਰਗੇ ਸਮਰੱਥ ਆਲੋਚਕਾਂ ਨੇ ਪੰਜਾਬੀ ਨਾਵਲਕਾਰੀ ਵਿਚ 'ਟ੍ਰੈਂਡ ਸੈੱਟਰ' ਕਰਾਰ ਦਿੱਤਾ। ਹਿੰਦੀ ਅਤੇ ਅੰਗਰੇਜ਼ੀ ਤੋਂ ਇਲਾਵਾ ਰੂਸੀ ਭਾਸ਼ਾ ਵਿਚ ਇਸਦੀਆਂ ਪੰਜ ਲੱਖ ਕਾਪੀਆਂ ਵਿਕੀਆਂ। ਉਨ੍ਹਾਂ ਦੇ ਨਾਵਲ 'ਅੱਧ ਚਾਨਣੀ ਰਾਤ' ਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ। ਨਾਵਲ 'ਅੰਨ੍ਹੇ ਘੋੜੇ ਦਾ ਦਾਨ' 'ਤੇ ਆਧਾਰਿਤ ਪਹਿਲੀ ਪੰਜਾਬੀ ਫ਼ਿਲਮ ਹੈ ਜਿਹੜੀ 68 ਸਾਲਾਂ ਬਾਅਦ ਇਟਲੀ ਦੇ ਅੰਤਰ-ਰਾਸ਼ਟਰੀ ਫ਼ਿਲਮ ਮੇਲੇ ਵਿਚ ਵਿਖਾਈ ਗਈ। ਇਸ ਤੋਂ ਇਲਾਵਾ ਪੰਜ ਹੋਰ ਦੇਸ਼ਾਂ ਵਿਚ ਪ੍ਰਦਰਸ਼ਿਤ ਕੀਤੀ ਜਾ ਚੁੱਕੀ ਹੈ। ਅਤਿ ਨਿਮਨ ਪੇਂਡੂ ਵਰਗ ਦੇ ਜੀਵਨ ਅਤੇ ਉਸਨੂੰ ਦਰਪੇਸ਼ ਦੀਰਘ ਮੁਸ਼ਕਲਾਂ ਦੇ ਚਿਤੇਰੇ ਗੁਰਦਿਆਲ ਸਿੰਘ ਨੇ ਸਦਾ ਇਕ ਪ੍ਰਤੀਬੱਧ ਲੇਖਕ ਵੱਜੋਂ ਆਪਣਾ ਅਕਸ ਬਰਕਰਾਰ ਰੱਖਿਆ। ਉਨ੍ਹਾਂ ਦੇ ਨਾਵਲ 'ਅਣਹੋਏ', 'ਕੁਵੇਲਾ', 'ਪਹੁ ਫ਼ੁਟਾਲੇ ਤੋਂ ਪਹਿਲਾਂ', 'ਪਰਸਾ', 'ਰੇਤੇ ਦੀ ਇਕ ਮੁੱਠੀ' ਅਤੇ 'ਆਹਣ' ਤੋਂ ਇਲਾਵਾ ਕਈ ਕਹਾਣੀ-ਸੰਗ੍ਰਹਿਾਂ ਨੂੰ ਵੀ ਪੰਜਾਬੀ ਪਾਠਕਾਂ ਦਾ ਭਰਪੂਰ ਪਿਆਰ ਮਿਲਿਆ ਹੈ। ਮਾਂ-ਬੋਲੀ ਦੀ ਝੋਲੀ ਵਿਚ 'ਗਿਆਨਪੀਠ ਪੁਰਸਕਾਰ' ਪਾਉਣ ਵਾਲੇ ਪੰਜਾਬੀ ਦੇ ਉਹ ਦੂਜੇ ਮਾਣਯੋਗ ਲੇਖਕ ਸਨ। ਉਨ੍ਹਾਂ ਸੰਸਾਰ ਸਾਹਿਤ ਦੀਆਂ ਕਈ ਉਚਤਮ ਕਿਰਤਾਂ ਦੇ ਪੰਜਾਬੀ ਅਨੁਵਾਦ ਕਰਕੇ ਪਾਠਕਾਂ ਦੀ ਭੇਟ ਕੀਤੇ। ਹਾਲ ਹੀ ਵਿਚ ਉਨ੍ਹਾਂ ਦੀ ਸਵੈ-ਜੀਵਨੀ 'ਨਿਆਣਮੱਤੀਆਂ' ਅੰਗਰੇਜ਼ੀ ਵਿਚ ਅਨੁਵਾਦ ਹੋ ਕੇ ਛਪੀ ਹੈ। ਭਾਰਤ ਸਰਕਾਰ ਨੇ ਉਨ੍ਹਾਂ ਨੂੰ 'ਪਦਮ ਸ਼੍ਰੀ' ਦੇ ਵੱਕਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ।

ਮੈਂ 2002 ਵਿੱਚ ਐੱਮ. ਐਸ.ਸੀ (ਆਈ .ਟੀ) ਕਰਨ ਦੌਰਾਨ ਆਪਣਾ ਪ੍ਰੋਜੈਕਟ ਤਿਆਰ ਕਰਨਾ ਸੀ ਤਾਂ ਮੇਰੇ ਖਿਆਲ ਵਿੱਚ ਆਇਆ ਕਿ ਕਿਉਂ ਨਾ ਸਾਡੀ ਜੈਤੋ ਮੰਡੀ ਦਾ ਨਾਮ ਪੂਰੇ ਸੰਸਾਰ ਵਿੱਚ ਪ੍ਰਸਿੱਧ ਕਰਨ ਵਾਲੇ ਪ੍ਰੋ: ਗੁਰਦਿਆਲ ਸਿੰਘ ਜੀ ਦੀ ਜੀਵਣੀ ਤੇ ਹੀ ਪ੍ਰੋਜੈਕਟ ਤਿਆਰ ਕੀਤਾ ਜਾਵੇ ਤਾਂ ਮੈਂ ਆਪਣੇ ਸਾਥੀ ਪੰਕਜ ਮਿੱਤਲ ਨਾਲ ਰਲ ਕੇ ਇਹ ਪ੍ਰੋਜੈਕਟ ਤਿਆਰ ਕਰਨ ਸਬੰਧੀ ਪ੍ਰੋ. ਗੁਰਦਿਆਲ ਸਿੰਘ ਜੀ ਨੂੰ ਮਿਲੇ 'ਤੇ ਉਹਨਾਂ ਦੀ ਸਹਿਮਤੀ ਲਈ। ਉਨਾਂ ਸਾਨੂੰ ਆਪਣੀ ਪੂਰੀ ਜੀਵਣੀ, ਪ੍ਰਾਪਤੀਆਂ, ਲਿਟਰੇਚਰ ਵਰਕ ਆਦਿ ਸਬੰਧੀ ਭਰਪੂਰ ਜਾਣਕਾਰੀ, ਫੋਟੋ ਆਦਿ ਮੁਹੱਈਆ ਕਰਵਾਏ। ਅਸੀਂ ਜਦੋਂ ਵੀ ਉਹਨਾਂ ਨੂੰ ਮਿਲਣ ਜਾਣਾ ਤਾਂ ਉਹ ਹਰ ਵਕਤ ਆਪਣੇ ਘਰ ਦੇ ਉੱਪਰ ਬਣੇ ਚੁਬਾਰੇ ਵਿੱਚ ਲਿਖ ਰਹੇ ਹੁੰਦੇ ਸਨ ਜਿੱਥੇ ਕਿ ਅੱਜ ਕੱਲ ਪ੍ਰੋ. ਗੁਰਦਿਆਲ ਸਿੰਘ ਮਿਊਜ਼ੀਅਮ ਖੋਲਿਆ ਹੋਇਆ ਹੈ। ਉਹ ਬੜੇ ਹੀ ਪਿਆਰ ਨਾਲ ਹੋਲੀ ਹੋਲੀ ਬੋਲ ਕੇ ਸਾਡੇ ਨਾਲ ਗੱਲਾਂ ਕਰਦੇ ਤੇ ਨਸੀਹਤ ਦਿੰਦੇ ਸਨ ਤੇ ਉਹਨਾਂ ਦੀ ਧਰਮ ਪਤਨੀ ਮਾਤਾ ਬਲਵੰਤ ਕੌਰ ਜੀ ਸਾਨੂੰ ਸਵਾਦ ਜਿਹੀ ਚਾਹ ਤੇ ਘਰ ਦੀ ਬਣੀ ਬਰਫੀ ਖਵਾਏ ਬਿਨਾਂ ਘਰੋਂ ਜਾਣ ਨਹੀਂ ਦਿੰਦੇ ਸਨ। ਜਦੋਂ ਸਾਡਾ ਇਹ ਪ੍ਰੋਜੈਕਟ "ਬਾਇਓਗ੍ਰਾਫੀ ਆਫ ਪ੍ਰੋ. ਗੁਰਦਿਆਲ ਸਿੰਘ" ਯੂਨੀਵਰਸਿਟੀ ਵਿੱਚ ਸਬਮਿਟ ਕਰਵਾਇਆ ਗਿਆ ਤਾਂ ਨਤੀਜਾ ਆਉਣ ਤੇ ਇਸ ਪ੍ਰੋਜੈਕਟ ਵਿੱਚੋਂ ਅਸੀਂ ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ। ਨਤੀਜੇ ਵਜੋਂ ਅੱਜ ਅਸੀਂ ਦੋਨੋਂ ਸਾਥੀ ਸਰਕਾਰੀ ਅਧਿਆਪਕ ਦੀ ਨੌਕਰੀ ਕਰ ਰਹੇ ਹਾਂ।

ਇੱਕ ਘਟਨਾ ਹੋਰ ਮੈਂ ਆਪ ਜੀ ਨਾਲ ਸਾਂਝੀ ਕਰਨੀ ਚਾਹਾਂਗਾ ਕਿ ਇੱਕ ਵਾਰ ਅਸੀਂ ਕੁਝ ਸਾਥੀਆਂ ਨੇ ਰਲ ਕੇ 2006 ਵਿੱਚ ਇੱਕ ਸੈਮੀਨਾਰ ਕਰਵਾਇਆ ਜਿਸ ਦੇ ਮੁੱਖ ਮਹਿਮਾਨ ਅਤੇ ਬੁਲਾਰੇ ਪ੍ਰੋ. ਗੁਰਦਿਆਲ ਸਿੰਘ ਜੀ ਸਨ, ਸਮਾਗਮ ਵਾਲੇ ਦਿਨ ਇਹਨਾਂ ਨੂੰ ਘਰੋਂ ਲੈ ਕੇ ਆਉਣ ਤੇ ਛੱਡਣ ਦੀ ਜਿੰਮੇਵਾਰੀ ਮੇਰੀ ਲਗਾਈ ਗਈ। ਮੈਂ ਉਹਨਾਂ ਨੂੰ ਪੁੱਛਿਆ ਕਿ ਸਰ ਤੁਹਾਨੂੰ ਘਰੋਂ ਲੈ ਜਾਂ ਆਕੇ ? ਉਹਨਾਂ ਕਿਹਾ ਬੇਟਾ ਲੈ ਜੋ ਪਰ ਕੋਈ ਸਪੈਸ਼ਲ ਖੇਚਲ ਨਹੀਂ ਕਰਨੀ ਜੋ ਤੁਹਾਡੇ ਕੋਲ ਆਪਣਾ ਸਾਧਨ ਹੈ ਉਸੇ ਤੇ ਆ ਕੇ ਲੈ ਜਾਵੋ ਮੈਨੂੰ ਕੋਈ ਫੋਰਮੈਲਟੀ ਦੀ ਲੋੜ ਨਹੀਂ ਤਾਂ ਮੈਂ ਦੱਸਿਆ ਕਿ ਸਰ ਮੇਰੇ ਕੋਲ ਤਾਂ ਆਪਣਾ ਮੋਟਰ ਸਾਈਕਲ ਹੈ ਜੀ ਤਾਂ ਉਹ ਮੇਰੇ ਨਾਲ ਬੈਠ ਕੇ ਬਾਈਕ ਤੇ ਹੀ ਚਲੇ ਗਏ ਤੇ ਵਾਪਸੀ ਤੇ ਵੀ ਬਾਈਕ ਤੇ ਹੀ ਆਏ, ਨਹੀਂ ਤਾਂ ਅਸੀਂ ਦੇਖਦੇ ਹਾਂ ਕਿ ਅੱਜ ਕੱਲ ਦੇ ਮੁੱਖ ਮਹਿਮਾਨ ਕਾਰ ਤੋਂ ਘੱਟ ਗੱਲ ਨੀਂ ਕਰਦੇ। ਪ੍ਰੋਫ਼ੈਸਰ ਗੁਰਦਿਆਲ ਸਿੰਘ ਨੇ ਜੈਤੋ ਮੰਡੀ ਦਾ ਨਾਮ ਪੂਰੇ ਸੰਸਾਰ ਵਿੱਚ ਪ੍ਰਸਿੱਧ ਕੀਤਾ ਜਿਸ ਤੇ ਸਮੂਹ ਇਲਾਕਾ ਨਿਵਾਸੀਆਂ ਨੂੰ ਮਾਣ ਹੈ । ਮਿਤੀ 10 ਜਨਵਰੀ 2022 ਦਿਨ ਸੋਮਵਾਰ ਨੂੰ ਸਵੇਰੇ 11 ਵਜੇ ਉਹਨਾਂ ਦੇ ਜਨਮ ਦਿਨ ਮੌਕੇ ਪੰਜਾਬ ਸਟੂਡੈਂਟਸ ਯੂਨੀਅਨ ਸ਼ਹੀਦ ਰੰਧਾਵਾ ਵੱਲੋਂ ਸ਼ਹੀਦ ਭਗਤ ਸਿੰਘ ਵਿਚਾਰ ਮੰਚ ਜੈਤੋ,ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾ, ਪੰਜਾਬ ਖੇਤ ਮਜਦੂਰ ਯੂਨੀਅਨ ਦੇ ਸਹਿਯੋਗ ਨਾਲ ਸਾਂਝੇ ਤੌਰ ਤੇ ਯੂਨੀਵਰਸਿਟੀ ਕਾਲਜ ਜੈਤੋ (ਫਰੀਦਕੋਟ) ਵਿਖੇ ਸਮਾਗਮ ਕਰਕੇ ਸੰਵਾਦ ਰਚਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਦੇ ਮੁੱਖ ਬੁਲਾਰੇ ਨਿਰੰਜਣ ਬੋਹਾ ਹੋਣਗੇ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸਾਹਿਤਕ ਪ੍ਰੇਮੀ ਤੇ ਸਰੋਤੇ ਸ਼ਾਮਲ ਹੋਣਗੇ।











# ਕਿਸਾਨ-ਮਜ਼ਦੂਰਾਂ ਦੇ ਸਵਾ ਸਾਲ ਚੱਲੇ ਅੰਦੋਲਨ ਦੀ ਹਮਾਇਤ ਵਿਚ ਕੋਈ ਵੀ ਅਖੌਤੀ ਦੇਹਧਾਰੀ ਬਾਬਾ ਨਹੀਂ ਨਿਤਰਿਆ

ਕੁਲਦੀਪ ਸਿੰਘ, ਲੁਧਿਆਣਾ
91-94630-59296

ਜਦੋਂ 2020 ਵਿਚ ਭਾਰਤ ਦੀ ਕੇਂਦਰ ਸਰਕਾਰ ਨੇ ਕਿਸਾਨਾਂ, ਮਜ਼ਦੂਰਾਂ ਤੇ ਵਪਾਰੀਆਂ ਦੇ ਹਿਤਾਂ ਵਿਰੁੱਧ ਤਿੰਨ ਖੇਤੀ ਕਾਨੂੰਨ, ਪਰਾਲੀ ਸਾੜਨ ਦਾ ਕਾਨੂੰਨ ਤੇ ਬਿਜਲੀ ਬਾਰੇ ਕਾਨੂੰਨ ਬਣਾਏ, ਉਦੋਂ ਤੋਂ ਹੀ ਕਿਸਾਨ ਨੇਤਾਵਾਂ ਨੇ ਪੜਚੋਲ ਕਰਕੇ ਲੋਕਾਂ ਨੂੰ ਇਹਨਾਂ ਕਾਲੇ ਕਾਨੂੰਨਾਂ ਪ੍ਰਤੀ ਜਾਗਰੂਕ ਕਰਨਾ ਆਰੰਭ ਕਰਕੇ ਤੇ ਲਾਮਬੰਦ ਕਰਕੇ ਦਿੱਲੀ ਦੀਆਂ ਸਰਹੱਦਾਂ 'ਤੇ ਮੋਰਚਾ ਗੱਡ ਦਿੱਤਾ। ਕਿਸਾਨ ਅੰਦੋਲਨ ਦੌਰਾਨ ਬੜੀਆਂ ਕਠਿਨਾਈਆਂ ਤੇ ਤਸ਼ੱਦਦ ਝੱਲੇ। ਸਰਕਾਰੀ ਮੀਡੀਆ, ਟੁਕੜ ਬੋਚ ਮੀਡੀਆ ਵਲੋਂ ਝੂਠਾ ਤੇ ਮਕਾਰੀ ਭਰਿਆ ਪ੍ਰਚਾਰ ਕੀਤਾ ਗਿਆ, ਅੰਦੋਲਨ ਵਿਰੁੱਧ ਭਾੜੇ ਦੇ ਟੱਟੂਆਂ ਵੱਲੋਂ ਅੰਦੋਲਨਕਾਰੀਆਂ 'ਤੇ ਹਮਲੇ ਕੀਤੇ ਗਏ, ਬੀਬੀਆਂ ਨੂੰ ਮੰਦੇ ਬੋਲ ਬੋਲੇ, ਮਿਹਣੇ ਦਿੱਤੇ ਗਏ, ਟਰੱਕ ਥੱਲੇ ਕੁਚਲਿਆ ਗਿਆ, ਬਿਜਲੀ-ਪਾਣੀ ਦੇ ਕੁਨੈਕਸ਼ਨ ਕੱਟੇ ਗਏ, ਅੰਦੋਲਨਕਾਰੀਆਂ ਦੇ ਹੌਸਲੇ ਪਸਤ ਕਰਨ ਲਈ ਹਰ ਕੋਝੀ ਚਾਲ ਚੱਲੀ ਗਈ। ਪਰ ਇਸ ਔਕੜਾਂ ਭਰੇ ਸਮੇਂ ਵਿਚ ਕਿਸੇ ਵੀ ਅਖੌਤੀ ਦੇਹਦਾਰੀ ਗੁਰੂ ਬਾਬੇ ਨੇ ਅੰਦੋਲਨਕਾਰੀਆਂ ਦੀ ਬਾਂਹ ਫੜਨ ਦੀ ਜੁਰਅਤ ਨਹੀਂ ਕੀਤੀ। ਆਪਣੇ ਚੇਲਿਆਂ ਬਾਲਕਾਂ ਦੀ 10-12 ਕਰੋੜ ਦੀ ਗਿਣਤੀ ਦੱਸਣ ਵਾਲੇ ਅਖੌਤੀ 'ਰੱਬਾਂ' ਨੇ ਮੂੰਹ ਹੀ ਸੀਅ ਲਏ। ਗੁਰੂ ਅਖਵਾ-ਅਖਵਾ ਕੇ ਵੱਡੇ ਵੱਡੇ ਡੇਰੇ ਮਲੀ ਬੈਠੇ, ਜਹਾਜ਼ ਝੂਟਣ ਵਾਲੇ ਇਹ ਅਖੌਤੀ ਹਜ਼ੂਰ ਮਹਾਰਾਜ, ਮੌਜੂਦਾ ਸਰਕਾਰਾਂ ਤੇ ਕੁੱਲ ਆਲਮ ਦੇ ਗੁਰੂ ਅਖਵਾਉਣ ਵਾਲੇ, ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਜਿੰਨੀ ਆਵਾਜ਼ ਵੀ ਨਾ ਕੱਢ ਸਕੇ ਮੂੰਹੋਂ, ਹੋਰ ਤਾਂ ਇਹਨਾਂ ਕਿਹੜੀ ਜੰਗ ਲੜ ਲੈਣੀ ਸੀ ਸਰਕਾਰ ਨਾਲ। ਹੋਰ ਤਾਂ ਹੋਰ ਇਕ ਅਖੌਤੀ ਗੁਰੂ ਜੋ ਪੰਜਾਬ ਦੇ ਸਭ ਦੇ ਵੱਡੇ ਡੇਰੇ ਤੇ ਸਭ ਤੋਂ ਵੱਡੀ ਭੀੜ ਦਾ ਗੁਰੂ ਬਣਿਆ ਬੈਠਾ ਹੈ, ਉਹਦੇ ਨਾਲ ਕੀਤੇ ਜਾਂਦੇ ਸਵਾਲ-ਜਵਾਬਾਂ ਦੇ ਪ੍ਰੋਗਰਾਮ ਵਿਚ ਜਦੋਂ ਉਹਦੇ ਇਕ ਸ਼ਰਧਾਲੂ ਨੇ ਕਾਨੂੰਨਾਂ ਵਿਰੁੱਧ ਕਿਸਾਨਾਂ ਦੇ ਦਰਦ ਦੀ ਗੱਲ ਕੀਤੀ ਤਾਂ ਇਸ ਅਖੌਤੀ ਗੁਰੂ ਨੇ ਜਵਾਬ ਵਿਚ ਇਹੀ ਆਖਿਆ ਬਈ ਸਰਕਾਰਾਂ ਬੜੀ ਸੋਚ-ਵਿਚਾਰ ਨਾਲ ਕਾਨੂੰਨ ਬਣਾਉਂਦੀਆਂ ਨੇ, ਇਸ ਕਰਕੇ ਸਾਨੂੰ ਕਾਨੂੰਨਾਂ (ਸਰਕਾਰ ਦਾ) ਵਿਰੋਧ ਨਹੀਂ ਕਰਨਾ ਚਾਹੀਦਾ। ਇਹ ਹੈ, ਇਹਨਾਂ ਅਖੌਤੀ ਗੁਰੂਆਂ ਦਾ ਹਾਲ। ਕਿਸੇ ਕਵੀ ਨੇ ਠੀਕ ਹੀ ਆਖਿਆ ਏ, "ਨਕਲੀ ਗੁਰੂ ਤੇ ਲੋਕੋ, ਨਕਲੀ ਦਵਾਈ ਭੁੱਲ ਕੇ ਵੀ ਜਿਸ ਭਾਈ, ਭੈਣ, ਬੱਚੇ ਨੇ ਖਾਈ। ਰੋਗ ਤੇ ਗਿਆ ਨਾ, ਹੱਥੋਂ ਜਾਨ ਵੀ ਗੁਆਈ।" ਲੋਕ, ਪਰਲੋਕ ਵਿਚ ਰੱਖਿਆ ਦੀ ਆਸ ਲਾਈ ਬੈਠੇ ਨੇ ਉਹਨਾਂ ਤੋਂ ਜੋ ਇਸ ਜਹਾਨ ਵਿਚ ਕੁਝ ਲਫਜ਼ (ਹਮਦਰਦੀ ਦੇ) ਬੋਲਣ ਦੀ ਤਾਕਤ ਵੀ ਨਹੀਂ ਰੱਖਦੇ।



# ਸਭ ਨੂੰ ਹੋਵੇ ਵਧਾਈ ਰੁੱਤ ਵੋਟਾਂ ਦੀ ਆਈ



ਕੁਲਦੀਪ ਚੰਦ
91-9417563054

ਲੋਕਤੰਤਰ ਵਿੱਚ ਚੋਣਾਂ ਦਾ ਵਿਸ਼ੇਸ਼ ਮਹੱਤਬ ਹੈ। ਜੇਕਰ ਪੰਜਾਬ ਵਿੱਚ ਚੋਣਾਂ ਦਾ ਇਤਿਹਾਸ ਵੇਖੀਏ ਤਾਂ ਸਭ ਤੋਂ ਪਹਿਲਾਂ 1937 ਵਿੱਚ ਗਰੇਟਰ ਪੰਜਾਬ ਦੀਆਂ 175 ਵਿਧਾਨ ਸਭਾ ਸੀਟਾਂ ਲਈ ਚੋਣਾਂ ਹੋਈਆਂ ਸਨ ਜਿਨ੍ਹਾਂ ਵਿੱਚੋਂ ਯੂਨੀਅਨਨਿਸਟ ਪਾਰਟੀ ਨੇ 95 ਸੀਟਾਂ, ਇੰਡੀਅਨ ਨੈਸ਼ਨਲ ਕਾਂਗਰਸ ਨੇ 18 ਸੀਟਾਂ, ਸ਼੍ਰੋਮਣੀ ਅਕਾਲੀ ਦਲ ਨੇ 10 ਸੀਟਾਂ, ਆਲ ਇੰਡੀਆ ਮੁਸਲਿਮ ਲੀਗ ਨੇ 01 ਸੀਟ ਤੇ ਜਿੱਤ ਹਾਸਲ ਕੀਤੀ ਸੀ ਅਤੇ 50 ਸੀਟਾਂ ਤੇ ਅਜਾਦ ਅਤੇ ਹੋਰ ਉਮੀਦਵਾਰ ਜੇਤੂ ਰਹੇ ਸਨ। ਸਾਲ 1946 ਵਿੱਚ 175 ਵਿਧਾਨ ਸਭਾ ਸੀਟਾਂ ਲਈ ਚੋਣਾਂ ਹੋਈਆਂ ਸਨ ਜਿਨ੍ਹਾਂ ਵਿੱਚ ਯੂਨੀਅਨਨਿਸਟ ਪਾਰਟੀ ਨੇ 20 ਸੀਟਾਂ, ਇੰਡੀਅਨ ਨੈਸ਼ਨਲ ਕਾਂਗਰਸ ਨੇ 51 ਸੀਟਾਂ, ਸ਼੍ਰੋਮਣੀ ਅਕਾਲੀ ਦਲ ਨੇ 22 ਸੀਟਾਂ, ਆਲ ਇੰਡੀਆ ਮੁਸਲਿਮ ਲੀਗ ਨੇ 73 ਸੀਟਾਂ ਤੇ ਜਿੱਤ ਹਾਸਲ ਕੀਤੀ ਅਤੇ 09 ਸੀਟਾਂ ਤੇ ਅਜਾਦ ਅਤੇ ਹੋਰ ਉਮੀਦਵਾਰ ਜੇਤੂ ਰਹੇ ਸਨ। ਵਰਣਨਯੋਗ ਹੈ ਕਿ 24 ਸਤੰਬਰ 1932 ਨੂੰ ਡਾਕਟਰ ਅੰਬੇਡਕਰ ਅਤੇ ਮਹਾਤਮਾ ਗਾਂਧੀ ਵਿਚਕਾਰ ਹੋਏ ਪੂਨਾ ਪੈਕਟ ਅਨੁਸਾਰ ਉਸ ਵੇਲੇ ਦੇ ਪੰਜਾਬ ਵਿੱਚ ਐਮ ਐਲ ਏ ਦੀਆਂ 08 ਸੀਟਾਂ ਅਨੁਸੂਚਿਤ ਜਾਤਾਂ ਲਈ ਰਾਖਵੀਆਂ ਰੱਖੀਆਂ ਗਈਆਂ ਸਨ। ਸਾਲ 1937 ਵਿੱਚ ਪੰਜਾਬ ਵਿੱਚ ਹੋਇਆ ਚੋਣਾਂ ਵਿੱਚ ਆਦਿ ਧਰਮ ਮੰਡਲ ਆਗੂਆਂ ਨੇ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ ਸੀ ਅਤੇ 8ਵੀਂ ਸੀਟ ਜੋਕਿ ਸਿਰਫ 07 ਵੋਟਾਂ ਨਾਲ ਹਾਰੀ ਸੀ ਜਿੱਤਣ ਵਾਲਾ ਮੂਲਾ ਸਿੰਘ ਬਲਾਚੌਰ ਵੀ ਬਾਦ ਵਿੱਚ ਆਦਿ ਧਰਮ ਮੰਡਲ ਵਿੱਚ ਸ਼ਾਮਿਲ ਹੋ ਗਿਆ ਸੀ। 1942 ਵਿੱਚ ਦੂਜੀ ਸੰਸਾਰਿਕ ਜੰਗ ਹੋਣ ਕਾਰਨ ਚੋਣਾਂ ਨਹੀਂ ਹੋਈਆਂ ਸਨ। 1946 ਵਿੱਚ ਆਦਿ ਧਰਮ ਮੰਡਲ ਆਗੂ ਬਾਬੂ ਮੰਗੂ ਰਾਮ ਆਪਣੇ 04 ਹੋਰ ਸਾਥੀਆਂ ਨਾਲ ਵਿਧਾਇਕ ਬਣੇ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਪੰਜਾਬ ਵਿੱਚ ਪਹਿਲੀ ਵਾਰ 1952 ਵਿੱਚ ਚੋਣਾਂ ਹੋਈਆਂ। ਇਹਨਾਂ ਚੋਣਾਂ ਵਿੱਚ 126 ਸੀਟਾਂ ਤੇ ਚੋਣਾਂ ਲੜੀਆਂ ਗਈਆਂ। ਇਹਨਾਂ ਚੋਣਾਂ ਵਿੱਚ 843 ਉਮੀਦਵਾਰ ਚੁਨਾਵੀ ਮੈਦਾਨ ਵਿੱਚ ਨਿਤਰੇ। ਕੁੱਲ ਵੋਟਰ 6522434 ਸਨ ਜਿਹਨਾਂ ਵਿੱਚੋਂ 4989077 ਵੋਟਰਾਂ ਨੇ ਆਪਣੀਆਂ ਵੋਟਾਂ ਪਾਈਆਂ ਭਾਵ ਮਤਦਾਨ 57.85 ਫਿਸਦੀ ਰਿਹਾ। ਇਹਨਾਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੇ 96 ਸੀਟਾਂ, ਸ਼੍ਰੋਮਣੀ ਅਕਾਲੀ ਦਲ ਨੇ 13, ਆਜ਼ਾਦ ਉਮੀਦਵਾਰਾਂ ਨੇ 9 ਅਤੇ ਬਾਕੀ 8 ਸੀਟਾਂ ਤੇ ਹੋਰ ਪਾਰਟੀਆਂ ਦੇ ਉਮੀਦਵਾਰਾਂ ਨੇ ਜਿੱਤ ਪ੍ਰਾਪਤ ਕੀਤੀ। ਸੰਨ 1957 ਵਿੱਚ 154 ਸੀਟਾਂ ਤੇ ਚੋਣਾਂ ਲੜੀਆਂ ਗਈਆਂ। ਇਹਨਾਂ ਚੋਣਾਂ ਵਿੱਚ 660 ਉਮੀਦਵਾਰਾਂ ਨੇ ਚੋਣਾਂ ਲੜੀਆਂ। ਕੁੱਲ ਵੋਟਰਾਂ ਦੀ ਗਿਣਤੀ 9208926 ਸੀ ਜਿਸ ਵਿੱਚੋਂ 7603890 ਵੋਟਰਾਂ ਨੇ ਵੋਟਾਂ ਪਾਈਆਂ ਭਾਵ ਮਤਦਾਨ 57.72 ਫਿਸਦੀ ਰਿਹਾ। ਇਹਨਾਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੇ 120 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਜਦਕਿ 13 ਸੀਟਾਂ ਤੇ ਆਜ਼ਾਦ ਉਮੀਦਵਾਰ ਅਤੇ ਬਾਕੀ 21 ਸੀਟਾਂ ਤੇ ਹੋਰ ਦਲਾਂ ਦੇ ਉਮੀਦਵਾਰ ਜੇਤੂ ਰਹੇ। ਸੰਨ 1962 ਵਿੱਚ 154 ਸੀਟਾਂ ਤੇ ਚੋਣਾਂ ਲੜੀਆਂ ਗਈਆਂ। ਇਹਨਾਂ ਚੋਣਾਂ ਵਿੱਚ 756 ਉਮੀਦਵਾਰ ਚੁਣਾਵੀ ਮੈਦਾਨ ਵਿੱਚ ਨਿਤਰੇ। 154 ਸੀਟਾਂ ਵਿੱਚੋਂ 121 ਜਨਰਲ ਵਰਗ ਲਈ ਅਤੇ 33 ਸੀਟਾਂ ਐਸ ਸੀ ਵਰਗ ਲਈ ਰਾਖਵੀਆਂ ਰੱਖੀਆਂ ਗਈਆਂ। ਕੁੱਲ ਵੋਟਰਾਂ ਦੀ ਗਿਣਤੀ 10745652 ਸੀ ਜਿਸ ਵਿੱਚੋਂ 6816763 ਵੋਟਰਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ ਭਾਵ ਮਤਦਾਨ 63.44 ਫਿਸਦੀ ਰਿਹਾ। ਇਹਨਾਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੇ 90 ਸੀਟਾਂ, ਸ਼੍ਰੋਮਣੀ ਅਕਾਲੀ ਦਲ ਨੇ 19 ਸੀਟਾਂ, ਆਜ਼ਾਦ ਉਮੀਦਵਾਰਾਂ ਨੇ 18 ਸੀਟਾਂ ਅਤੇ ਬਾਕੀ 27 ਸੀਟਾਂ ਤੇ ਹੋਰ ਦਲਾਂ ਦੇ ਉਮੀਦਵਾਰਾਂ ਨੇ ਜਿੱਤ ਪ੍ਰਾਪਤ ਕੀਤੀ। 1966 ਵਿੱਚ ਪੰਜਾਬ ਦਾ ਪੁਨਰਗਠਨ ਕੀਤਾ ਗਿਆ ਅਤੇ ਮੌਜੂਦਾ ਪੰਜਾਬ ਵਿੱਚ 1967 ਵਿੱਚ 104 ਸੀਟਾਂ ਤੇ ਚੋਣਾਂ ਲੜੀਆਂ ਗਈਆਂ। ਇਹਨਾਂ 104 ਸੀਟਾਂ ਵਿੱਚੋਂ 81 ਜਨਰਲ ਅਤੇ 23 ਐਸ ਸੀ ਵਰਗ ਲਈ ਸਨ। ਇਹਨਾਂ ਚੋਣਾਂ ਵਿੱਚ 602 ਉਮੀਦਵਾਰਾਂ ਨੇ ਚੋਣਾਂ ਲੜੀਆਂ। ਕੁੱਲ ਵੋਟਰਾਂ ਦੀ ਗਿਣਤੀ 6311063 ਸੀ ਜਿਸ ਵਿੱਚੋਂ 4492366 ਭਾਵ 71.18 ਫਿਸਦੀ ਵੋਟਰਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ। ਇਹਨਾਂ ਚੋਣਾਂ ਵਿੱਚ ਕਾਂਗਰਸ ਪਾਰਟੀ 48 ਸੀਟਾਂ, ਸ਼੍ਰੋਮਣੀ ਅਕਾਲੀ ਦਲ 24 ਸੀਟਾਂ, ਆਜ਼ਾਦ ਉਮੀਦਵਾਰ 9 ਸੀਟਾਂ ਅਤੇ ਬਾਕੀ 23 ਸੀਟਾਂ ਤੇ ਹੋਰ ਦਲਾਂ ਦੇ ਉਮੀਦਵਰ ਜੇਤੂ ਰਹੇ। ਸੰਨ 1969 ਵਿੱਚ 104 ਸੀਟਾਂ ਤੇ ਚੋਣਾਂ ਲੜੀਆਂ ਗਈਆਂ ਜਿਸ ਵਿੱਚੋਂ 81 ਜਨਰਲ ਵਰਗ ਅਤੇ 23 ਐਸ ਸੀ ਵਰਗ ਲਈ ਸਨ। ਇਹਨਾਂ ਚੋਣਾਂ ਵਿੱਚ 471 ਉਮੀਦਵਾਰਾਂ ਨੇ ਚੋਣਾਂ ਲੜੀਆਂ। ਇਹਨਾਂ ਚੋਣਾਂ ਵਿੱਚ ਵੋਟਰਾਂ ਦੀ ਗਿਣਤੀ 6692111 ਸੀ ਜਿਸ




ਵਿੱਚੋਂ 4836135 ਭਾਵ 72.27 ਫਿਸਦੀ ਵੋਟਰਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ। ਇਹਨਾਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੂੰ 38 ਸੀਟਾਂ, ਸ਼੍ਰੋਮਣੀ ਅਕਾਲੀ ਦਲ ਨੂੰ 43 ਸੀਟਾਂ, ਆਜ਼ਾਦ ਉਮੀਦਵਾਰਾਂ ਨੂੰ 4 ਸੀਟਾਂ ਅਤੇ ਹੋਰ ਦਲਾਂ ਨੂੰ 19 ਸੀਟਾਂ ਪ੍ਰਾਪਤ ਹੋਈਆਂ। ਸੰਨ 1972 ਵਿੱਚ 104 ਸੀਟਾਂ ਤੇ ਚੋਣਾਂ ਲੜੀਆਂ ਗਈਆਂ ਜਿਸ ਵਿੱਚੋਂ 81 ਜਨਰਲ ਵਰਗ ਅਤੇ 23 ਐਸ ਸੀ ਵਰਗ ਲਈ ਸਨ। ਇਹਨਾਂ ਚੋਣਾਂ ਵਿੱਚ 468 ਉਮੀਦ-ਵਾਰਾਂ ਨੇ ਚੋਣਾਂ ਲੜੀਆਂ। ਕੁੱਲ ਵੋਟਰਾਂ ਦੀ ਗਿਣਤੀ 7244663 ਸੀ ਜਿਸ ਵਿੱਚੋਂ 4972374 ਭਾਵ 68.63 ਫਿਸਦੀ ਵੋਟਰਾਂ ਨੇ ਵੋਟਾਂ ਪਾਈਆਂ। ਇਹਨਾਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੇ 66 ਸੀਟਾਂ, ਸੀ ਪੀ ਆਈ ਨੇ 10 ਸੀਟਾਂ ਅਤੇ ਸ਼੍ਰੋਮਣੀ ਅਕਾਲੀ ਦਲ ਨੇ 24 ਸੀਟਾਂ ਅਤੇ ਹੋਰ ਦਲਾਂ ਨੇ 4 ਸੀਟਾਂ ਪ੍ਰਾਪਤ ਕੀਤੀਆਂ। ਸੰਨ 1977 ਵਿੱਚ 117 ਸੀਟਾਂ ਤੇ ਚੋਣਾਂ ਲੜੀਆਂ ਗਈਆਂ ਜਿਸ ਵਿੱਚੋਂ 88 ਜਨਰਲ ਵਰਗ ਅਤੇ 29 ਐਸ ਸੀ ਵਰਗ ਲਈ ਸਨ। ਇਹਨਾਂ ਚੋਣਾਂ ਵਿੱਚ 682 ਉਮੀਦਵਾਰਾਂ ਨੇ ਚੋਣਾਂ ਲੜੀਆਂ। ਕੁੱਲ ਵੋਟਰਾਂ ਦੀ ਗਿਣਤੀ 8764980 ਸੀ ਜਿਸ ਵਿੱਚੋਂ 5729424 ਭਾਵ 65.37 ਫਿਸਦੀ ਵੋਟਰਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ। ਇਹਨਾਂ ਵੋਟਾਂ ਵਿੱਚ ਕਾਂਗਰਸ ਨੇ 7 ਸੀਟਾਂ, ਸ਼੍ਰੋਮਣੀ ਅਕਾਲੀ ਦਲ ਨੇ 58, ਸੀ ਪੀ ਆਈ ਨੇ 7, ਸੀ ਪੀ ਐਮ ਨੇ 8 ਜਨਤਾ ਪਾਰਟੀ ਨੇ 25 ਅਤੇ ਹੋਰ ਦਲਾਂ ਨੇ 2 ਸੀਟਾਂ ਪ੍ਰਾਪਤ ਕੀਤੀਆਂ। ਸੰਨ 1980 ਵਿੱਚ 117 ਸੀਟਾਂ ਤੇ ਚੋਣਾਂ ਲੜੀਆਂ ਗਈਆਂ ਜਿਸ ਵਿੱਚੋਂ 88 ਜਨਰਲ ਵਰਗ ਅਤੇ 29 ਐਸ ਸੀ ਵਰਗ ਲਈ ਸਨ। ਇਹਨਾਂ ਚੋਣਾਂ ਵਿੱਚ 722 ਉਮੀਦਵਾਰਾਂ ਨੇ ਚੋਣਾਂ ਲੜੀਆਂ। ਕੁੱਲ ਵੋਟਰਾਂ ਦੀ ਗਿਣਤੀ 9857288 ਸੀ ਜਿਸ ਵਿੱਚੋਂ 6341549 ਭਾਵ 64.33 ਫਿਸਦੀ ਵੋਟਰਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ। ਇਹਨਾਂ ਵੋਟਾਂ ਵਿੱਚ ਕਾਂਗਰਸ ਨੇ 63 ਸੀਟਾਂ, ਸ਼੍ਰੋਮਣੀ ਅਕਾਲੀ ਦਲ ਨੇ 37, ਸੀ ਪੀ ਆਈ ਨੇ 9, ਅਤੇ ਹੋਰ ਦਲਾਂ ਨੇ 8 ਸੀਟਾਂ ਪ੍ਰਾਪਤ ਕੀਤੀਆਂ। ਸੰਨ 1985 ਵਿੱਚ 117 ਸੀਟਾਂ ਤੇ ਚੋਣਾਂ ਲੜੀਆਂ ਗਈਆਂ ਜਿਸ ਵਿੱਚੋਂ 88 ਜਨਰਲ ਵਰਗ ਅਤੇ 29 ਐਸ ਸੀ ਵਰਗ ਲਈ ਸਨ। ਇਹਨਾਂ ਚੋਣਾਂ ਵਿੱਚ 857 ਉਮੀਦਵਾਰਾਂ ਨੇ ਚੋਣਾਂ ਲੜੀਆਂ। ਕੁੱਲ ਵੋਟਰਾਂ ਦੀ ਗਿਣਤੀ 10728825 ਸੀ ਜਿਸ ਵਿੱਚੋਂ 7245281 ਭਾਵ 67.53 ਫਿਸਦੀ ਵੋਟਰਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ। ਇਹਨਾਂ ਵੋਟਾਂ ਵਿੱਚ ਕਾਂਗਰਸ ਨੇ 32 ਸੀਟਾਂ, ਸ਼੍ਰੋਮਣੀ ਅਕਾਲੀ ਦਲ ਨੇ 73, ਅਤੇ ਹੋਰ ਦਲਾਂ ਨੇ 12 ਸੀਟਾਂ ਪ੍ਰਾਪਤ ਕੀਤੀਆਂ। ਪੰਜਾਬ ਵਿੱਚ ਲੰਬਾ ਸਮਾਂ ਰਾਸ਼ਟਰਪਤੀ ਰਹਿਣ ਤੋਂ ਬਾਦ ਸੰਨ 1992 ਵਿੱਚ 117 ਸੀਟਾਂ ਤੇ ਚੋਣਾਂ ਲੜੀਆਂ ਗਈਆਂ ਜਿਸ ਵਿੱਚੋਂ 88 ਜਨਰਲ ਵਰਗ ਅਤੇ 29 ਐਸ ਸੀ ਵਰਗ ਲਈ ਸਨ। ਇਹਨਾਂ ਚੋਣਾਂ ਵਿੱਚ 579 ਉਮੀਦਵਾਰਾਂ ਨੇ ਚੋਣਾਂ ਲੜੀਆਂ। ਕੁੱਲ ਵੋਟਰਾਂ ਦੀ ਗਿਣਤੀ 13171851 ਸੀ ਜਿਸ ਵਿੱਚੋਂ 3137915 ਭਾਵ 23.82 ਫਿਸਦੀ ਵੋਟਰਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ। ਇਹਨਾਂ ਵੋਟਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਚੋਣਾਂ ਦਾ ਬਾਇਕਾਟ ਕੀਤਾ ਸੀ ਅਤੇ ਕਾਂਗਰਸ ਨੇ 87 ਸੀਟਾਂ ਅਤੇ ਹੋਰ ਦਲਾਂ ਨੇ 30 ਸੀਟਾਂ ਪ੍ਰਾਪਤ ਕੀਤੀਆਂ। ਸੰਨ 1997 ਵਿੱਚ 117 ਸੀਟਾਂ ਤੇ ਚੋਣਾਂ ਲੜੀਆਂ ਗਈਆਂ ਜਿਸ ਵਿੱਚੋਂ 88 ਜਨਰਲ ਵਰਗ ਅਤੇ 29 ਐਸ ਸੀ ਵਰਗ ਲਈ ਸਨ। ਇਹਨਾਂ ਚੋਣਾਂ ਵਿੱਚ 693 ਉਮੀਦਵਾਰਾਂ ਨੇ ਚੋਣਾਂ ਲੜੀਆਂ। ਕੁੱਲ ਵੋਟਰਾਂ ਦੀ ਗਿਣਤੀ 15225395 ਸੀ ਜਿਸ ਵਿੱਚੋਂ 10463868 ਭਾਵ 68.73 ਫਿਸਦੀ ਵੋਟਰਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ। ਇਹਨਾਂ ਵੋਟਾਂ ਵਿੱਚ ਕਾਂਗਰਸ ਨੇ 14 ਸੀਟਾਂ, ਸ਼੍ਰੋਮਣੀ ਅਕਾਲੀ ਦਲ ਨੇ 75, ਭਾਜਪਾ ਨੇ 18 ਅਤੇ ਹੋਰ ਦਲਾਂ ਨੇ 10 ਸੀਟਾਂ ਪ੍ਰਾਪਤ ਕੀਤੀਆਂ। ਸੰਨ 2002 ਵਿੱਚ 117 ਸੀਟਾਂ ਤੇ ਚੋਣਾਂ ਲੜੀਆਂ ਗਈਆਂ ਜਿਸ ਵਿੱਚੋਂ 88 ਜਨਰਲ ਵਰਗ ਅਤੇ 29 ਐਸ ਸੀ ਵਰਗ ਲਈ ਸਨ। ਇਹਨਾਂ ਚੋਣਾਂ ਵਿੱਚ 923 ਉਮੀਦ-ਵਾਰਾਂ ਨੇ ਚੋਣਾਂ ਲੜੀਆਂ। ਕੁੱਲ ਵੋਟਰਾਂ ਦੀ ਗਿਣਤੀ 15816169 ਸੀ ਜਿਸ ਵਿੱਚੋਂ 10303081 ਭਾਵ 65.14 ਫਿਸਦੀ ਵੋਟਰਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ। ਇਹਨਾਂ ਵੋਟਾਂ ਵਿੱਚ ਕਾਂਗਰਸ ਨੇ 62 ਸੀਟਾਂ, ਸ਼੍ਰੋਮਣੀ ਅਕਾਲੀ ਦਲ ਨੇ 41, ਭਾਜਪਾ ਨੇ 3 ਅਤੇ ਹੋਰ ਦਲਾਂ ਨੇ 11 ਸੀਟਾਂ ਪ੍ਰਾਪਤ ਕੀਤੀਆਂ। ਸੰਨ 2007 ਵਿੱਚ 116 ਸੀਟਾਂ ਤੇ ਚੋਣਾਂ ਲੜੀਆਂ ਗਈਆਂ ਜਿਸ ਵਿੱਚੋਂ 87 ਜਨਰਲ ਵਰਗ ਅਤੇ 29 ਐਸ ਸੀ ਵਰਗ ਲਈ ਸਨ। ਇਹਨਾਂ ਚੋਣਾਂ ਵਿੱਚ 1043 ਉਮੀਦਵਾਰਾਂ ਨੇ ਚੋਣਾਂ ਲੜੀਆਂ। ਕੁੱਲ ਵੋਟਰਾਂ ਦੀ ਗਿਣਤੀ 16775702 ਸੀ ਜਿਸ ਵਿੱਚੋਂ 12657285 ਭਾਵ 75.45 ਫਿਸਦੀ ਵੋਟਰਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ। ਇਹਨਾਂ ਵੋਟਾਂ ਵਿੱਚ ਕਾਂਗਰਸ ਨੇ 44, ਸ਼੍ਰੋਮਣੀ ਅਕਾਲੀ ਦਲ ਨੇ 48 ਅਤੇ ਭਾਜਪਾ ਨੇ 19 ਸੀਟਾਂ ਅਤੇ ਹੋਰ ਦਲਾਂ ਨੇ 5 ਸੀਟਾਂ ਪ੍ਰਾਪਤ ਕੀਤੀਆਂ। 30 ਜਨਵਰੀ 2012 ਨੂੰ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ 17682363 ਵੋਟਰਾਂ ਵਿੱਚੋਂ 13892749 ਵੋਟਰਾਂ ਨੇ 117 ਵਿਧਾਨ ਸਭਾ ਹਲਕਿਆਂ ਵਿੱਚ ਵੋਟ ਪਾਈ। ਇਨ੍ਹਾਂ ਚੋਣਾਂ ਵਿੱਚ ਕੁੱਲ 1078 ਉਮੀਦਵਾਰਾਂ ਨੇ ਅਪਣੀ ਕਿਸਮਤ ਅਜ਼ਮਾਈ ਜਿਸ ਵਿੱਚ ਕਾਂਗਰਸ ਪਾਰਟੀ, ਸ਼੍ਰੋਮਣੀ ਅਕਾਲੀ ਦੱਲ, ਭਾਰਤੀ ਜਨਤਾ ਪਾਰਟੀ, ਬਹੁਜਨ ਸਮਾਜ ਪਾਰਟੀ, ਪੀ ਪੀ ਪੀ, ਅਕਾਲੀ ਦੱਲ ਮਾਨ ਆਦਿ ਪਾਰਟੀਆਂ ਦੇ ਆਗੂ ਸ਼ਾਮਿਲ ਸਨ। ਇਨ੍ਹਾਂ ਚੋਣਾਂ ਵਿੱਚ ਕਾਂਗਰਸ ਨੇ 46, ਸ਼੍ਰੋਮਣੀ ਅਕਾਲੀ ਦਲ ਨੇ 56, ਭਾਜਪਾ ਨੇ 12 ਸੀਟਾਂ ਅਤੇ ਹੋਰ ਦਲਾਂ ਅਤੇ ਉਮੀਦਵਾਰਾਂ ਨੇ 3 ਸੀਟਾਂ ਪ੍ਰਾਪਤ ਕੀਤੀਆਂ। ਇਨ੍ਹਾਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੂੰ 40.11 ਫਿਸਦੀ, ਸ਼੍ਰੋਮਣੀ ਅਕਾਲੀ ਦੱਲ ਨੂੰ 34.75, ਭਾਰਤੀ ਜਨਤਾ ਪਾਰਟੀ ਨੂੰ 7.13 ਫਿਸਦੀ, ਬਹੁਜਨ ਸਮਾਜ ਪਾਰਟੀ ਨੂੰ 4.30 ਫਿਸਦੀ, ਪੀ ਪੀ ਪੀ ਨੂੰ 5.17 ਫਿਸਦੀ, ਅਕਾਲੀ ਦੱਲ ਮਾਨ ਨੂੰ 0.28 ਫਿਸਦੀ, ਸੀ ਪੀ ਆਈ 0.82 ਫਿਸਦੀ, ਸੀ ਪੀ ਆਈ ਐਮ ਨੂੰ 0.16 ਫਿਸਦੀ ਵੋਟਾਂ ਮਿਲੀਆਂ। 04 ਫਰਵਰੀ 2017 ਨੂੰ ਹੋਈਆਂ ਵਿਧਾਨ ਸਭਾ ਚੋਣਾਂ ਲਈ ਪੰਜਾਬ ਵਿੱਚ ਕੁੱਲ 20029646 ਰਜਿਸਟਰਡ ਵੋਟਰ ਸਨ ਜਿਨ੍ਹਾਂ ਵਿੱਚੋਂ 153879764 ਭਾਵ 76.83 ਫਿਸਦੀ ਵੋਟਰਾਂ ਨੇ ਵੱਖ ਵੱਖ ਪਾਰਟੀਆਂ ਅਤੇ ਅਜਾਦ 1145 ਉਮੀਦਵਾਰਾਂ ਵਿੱਚੋਂ 117 ਉਮੀਦਵਾਰਾਂ ਨੂੰ ਜਿਤਾਕੇ ਵਿਧਾਨ ਸਭਾ ਵਿੱਚ ਭੇਜਿਆ। ਇਨ੍ਹਾਂ ਚੋਣਾਂ ਵਿੱਚ ਕਾਂਗਰਸ ਨੇ 77, ਸ਼੍ਰੋਮਣੀ ਅਕਾਲੀ ਦਲ ਨੇ 15, ਭਾਜਪਾ ਨੇ 03, ਆਮ ਆਦਮੀ ਪਾਰਟੀ ਨੇ 20 ਸੀਟਾਂ, ਲੋਕ ਇਨਸਾਫ ਪਾਰਟੀ ਨੇ 02 ਸੀਟਾਂ ਪ੍ਰਾਪਤ ਕੀਤੀਆਂ। ਇਨ੍ਹਾਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੂੰ 5945899 ਲੱਗਭੱਗ 40.11 ਫਿਸਦੀ ਵੋਟਾਂ ਮਿਲੀਆਂ, ਸ਼੍ਰੋਮਣੀ ਅਕਾਲੀ ਦੱਲ ਨੂੰ 3898161 ਲੱਗਭੱਗ 25.2 ਫਿਸਦੀ ਵੋਟਾਂ ਮਿਲੀਆਂ, ਭਾਰਤੀ ਜਨਤਾ ਪਾਰਟੀ ਨੂੰ 833092 ਲੱਗਭੱਗ 5.4 ਫਿਸਦੀ ਵੋਟਾਂ ਮਿਲੀਆਂ, ਆਮ ਆਦਮੀ ਪਾਰਟੀ ਨੂੰ ਲੱਗਭੱਗ 23.7 ਫਿਸਦੀ ਵੋਟਾਂ ਮਿਲੀਆਂ, ਬਹੁਜਨ ਸਮਾਜ ਪਾਰਟੀ ਨੂੰ 1.5 ਫਿਸਦੀ ਵੋਟਾਂ ਮਿਲੀਆਂ, ਲੋਕ ਇਨਸਾਫ ਪਾਰਟੀ ਨੂੰ 1.2 ਫਿਸਦੀ ਵੋਟਾਂ ਮਿ-ਲੀਆਂ ਅਤੇ ਸ਼੍ਰੋਮਣੀ ਅਕਾਲੀ ਦਲ ਮਾਨ ਸਮੇਤ ਦੂਜੀਆਂ ਹੋਰ ਕਈ ਪਾਰਟੀਆਂ ਨੂੰ 01 ਫਿਸਦੀ ਤੋਂ ਘੱਟ ਵੋਟਾਂ ਹੀ ਮਿਲੀਆਂ ਸਨ ਜਦਕਿ 108471 ਵੋਟਰਾਂ ਨੇ ਨੋਟਾ ਨੂੰ ਪਸੰਦ ਕੀਤਾ ਸੀ। ਇਨ੍ਹਾਂ ਚੋਣਾਂ ਵਿੱਚ 824 ਉਮੀਦਵਾਰਾਂ ਦੀਆਂ ਜਮਾਨਤਾਂ ਜਬਤ ਹੋ ਗਈਆਂ ਸਨ। ਮਿਤੀ 08 ਜਨਵਰੀ ਨੂੰ ਚੋਣ ਆਯੋਗ ਵਲੋਂ ਘੋਸ਼ਿਤ ਕੀਤੀਆਂ ਚੋਣਾਂ ਅਨੁਸਾਰ ਦੇਸ਼ ਦੇ 05 ਰਾਜਾਂ ਵਿੱਚ ਚੋਣਾਂ ਹੋਣ ਜਾ ਰਹੀਆਂ ਹਨ।

ਪੰਜਾਬ ਵਿੱਚ ਵੀ 16ਵੀਂ ਵਿਧਾਨ ਸਭਾ ਦੇ ਗਠਨ ਲਈ 14 ਫਰਵਰੀ 2022 ਨੂੰ ਵੋਟਾਂ ਪੈਣਗੀਆਂ ਅਤੇ ਇਨ੍ਹਾਂ ਚੋਣਾਂ ਲਈ 21275066 ਵੋਟਰ ਰਜਿਸਟਰਡ ਹਨ ਜੋਕਿ 117 ਵਿਧਾਨ ਸਭਾਵਾਂ ਜਿਨ੍ਹਾਂ ਵਿੱਚੋਂ 34 ਵਿਧਾਨ ਸਭਾ ਹੱਲਕੇ ਅਨੁਸੂਚਿਤ ਜਾਤਾਂ ਲਈ ਰਾਖਵੇਂ ਹਨ ਤੋਂ ਵੱਖ ਵੱਖ ਉਮੀਦਵਾਰਾਂ ਦੀ ਕਿਸਮਤ ਦਾ ਫੈਸਲਾ ਕਰਨਗੇ। ਇਨ੍ਹਾਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦੱਲ ਬਹੁਜਨ ਸਮਾਜ ਪਾਰਟੀ ਦਾ ਗੱਠਜੋੜ, ਭਾਰਤੀ ਜਨਤਾ ਪਾਰਟੀ ਪੰਜਾਬ ਲੋਕ ਕਾਂਗਰਸ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦੱਲ ਸੰਯੁਕਤ ਦਾ ਗੱਠਜੋੜ, ਕਾਂਗਰਸ ਪਾਰਟੀ, ਆਮ ਆਦਮੀ ਪਾਰਟੀ ਆਦਿ ਸਮੇਤ ਕਈ ਰਾਜਨੀਤਿਕ ਪਾਰਟੀਆਂ ਭਾਗ ਲੈ ਰਹੀਆਂ ਹਨ। ਇਨ੍ਹਾਂ ਚੋਣਾਂ ਵਿੱਚ ਪੰਜਾਬ ਦੇ ਲੋਕ ਕਿਸ ਪਾਰਟੀ ਨੂੰ ਸਮੱਰਥਨ ਦਿੰਦੇ ਹਨ ਅਤੇ ਕਿਨ੍ਹਾਂ ਉਮੀਦਵਾਰਾਂ ਨੂੰ ਵਿਧਾਨ ਸਭਾ ਵਿੱਚ ਭੇਜਦੇ ਹਨ ਇਹ 10 ਮਾਰਚ 2022 ਨੂੰ ਚੋਣ ਨਤੀਜਿਆਂ ਤੋਂ ਬਾਦ ਪਤਾ ਚੱਲੇਗਾ।

# ਗੁਰੂ ਰਵਿਦਾਸ ਜੀ ਦੇ ਗੁਰਪੁਰਬ ਦੇ ਮੱਦੇਨਜ਼ਰ ਪੰਜਾਬ ਵਿੱਚ ਚੋਣ ਤਾਰੀਖ਼ ਬਦਲਣ ਦੀ ਕੀਤੀ ਮੰਗ

## ਅਕਾਲੀ- ਬਸਪਾ ਗਠਜੋੜ ਵਫਦ ਨੇ ਐਸਡੀਐਮ ਨੂੰ ਦਿੱਤਾ ਮੰਗ ਪੱਤਰ

**ਫਗਵਾੜਾ/ਜਲੰਧਰ-** ਬਹੁਜਨ ਸਮਾਜ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ (ਬ) ਦਾ ਸਾਂਝਾ ਵਫਦ ਅੱਜ ਗੱਠਜੋੜ ਦੇ ਉਮੀਦਵਾਰ ਤੇ ਪੰਜਾਬ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਦੀ ਅਗਵਾਈ 'ਚ ਐਸਡੀਐਮ ਕੁਲਪ੍ਰੀਤ ਸਿੰਘ ਨੂੰ ਮਿਲਿਆ ਅਤੇ ਉਨ੍ਹਾਂ ਨੂੰ ਦੇਸ਼ ਦੇ ਮੁੱਖ ਚੋਣ ਕਮਿਸ਼ਨ ਦੇ ਨਾਮ ਤੇ ਇੱਕ ਮੰਗ ਪੱਤਰ ਦਿੱਤਾ। ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ (ਬ) ਅਤੇ ਬਸਪਾ ਨੇ ਪੰਜਾਬ ਵਿੱਚ ਹੋਣ ਵਾਲੀਆਂ ਵਿਧਾਨਸਭਾ ਚੋਣਾਂ ਦੀ ਮਿਤੀ ਨੂੰ 14 ਫਰਵਰੀ ਦੀ ਬਜਾਏ 20 ਫਰਵਰੀ ਕਰਨ ਦੀ ਮੰਗ ਕੀਤੀ। ਐਸਡੀਐਮ ਫਗਵਾੜਾ ਨੂੰ ਮੰਗ ਪੱਤਰ ਦੇਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਅਕਾਲੀ-ਬਸਪਾ ਦੇ ਸਾਂਝੇ ਉਮੀਦਵਾਰ ਸਰਦਾਰ ਜਸਵੀਰ ਸਿੰਘ ਗੜੀ ਨੇ ਕਿਹਾ ਕਿ ਭਾਰਤੀ ਚੋਣ ਕਮਿਸ਼ਨ ਵਲੋਂ 8 ਜਨਵਰੀ ਨੂੰ ਪੰਜਾਬ ਸਹਿਤ ਹੋਰ 5 ਰਾਜਾਂ ਵਿੱਚ ਵਿਧਾਨਸਭਾ ਦੀਆਂ ਚੋਣਾਂ ਕਰਵਾਉਣ ਨੂੰ ਲੈ ਕੇ ਮਿਤੀਆਂ ਦਾ ਐਲਾਨ ਕੀਤਾ ਗਿਆ ਹੈ ਜਿਸਦੇ ਤਹਿਤ ਪੰਜਾਬ ਵਿੱਚ 14 ਫਰਵਰੀ ਨੂੰ ਵੋਟ ਪਾਏ ਜਾਣਗੇ। ਸ। ਗੜ੍ਹੀ ਨੇ ਕਿਹਾ ਕਿ ਇਸ ਸਾਲ 16 ਫਰਵਰੀ ਨੂੰ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 645ਵਾਂ ਪ੍ਰਕਾਸ਼ ਪਰਵ ਪੰਜਾਬ ਸਹਿਤ ਪੂਰੇ ਦੇਸ਼ ਵਿੱਚ 16 ਫਰਵਰੀ ਨੂੰ ਮਨਾਇਆ ਜਾ ਰਿਹਾ ਹੈ। ਪੰਜਾਬ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪਰਵ ਦੇ ਮੌਕੇ ਉੱਤੇ ਉਨ੍ਹਾਂ ਦੀ ਜਨਮ ਸਥਲੀ ਸ਼ੀਰ ਗੋਵਰਧਨਪੁਰ ਕਾਂਸ਼ੀ ਬਨਾਰਸ ਵਿੱਚ ਨਤਮਸਤਕ ਹੋਣ ਜਾਂਦੇ ਹੈ । ਸ ਗੜ੍ਹੀ ਨੇ ਕਿਹਾ ਕਿ ਇਸ ਵਾਰ ਵੀ ਪੰਜਾਬ ਤੋਂ 13 ਅਤੇ 14 ਫਰਵਰੀ ਨੂੰ ਭਾਰੀ ਗਿਣਤੀ ਵਿੱਚ ਸੰਗਤ ਵਿਸ਼ੇਸ਼ ਟ੍ਰੈਨਾਂ ਰਾਹੀਂ ਸ਼ੀਰ ਗੋਵਰਧਨ ਬਨਾਰਸ ਜਾਵੇਗੀ। ਸ। ਗੜ੍ਹੀ ਨੇ ਕਿਹਾ ਕਿ ਲੱਖਾਂ ਦੀ ਗਿਣਤੀ ਵਿੱਚ ਸੰਗਤ ਗੁਰੂ ਮਹਾਰਾਜ ਦੇ ਪ੍ਰਕਾਸ਼ ਪਰਵ ਦੇ ਮੌਕੇ ਉੱਤੇ ਸ਼ੀਰ ਗੋਵਰਧਨ ਬਨਾਰਸ ਪੁੱਜਣ ਦੀ ਸੰਭਾਵਨਾ ਹੈ। ਅਜਿਹੇ ਵਿੱਚ ਵੱਡੀ ਗਿਣਤੀ ਵਿੱਚ ਪੰਜਾਬ ਦੇ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੀ ਰਵਿਦਾਸੀਆ ਕੌਮ ਆਪਣੀ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਣ ਤੋਂ ਵਾਞੇਂ ਰਹਿ ਜਾਣਗੇ।



ਇਸ ਲਈ ਉਨ੍ਹਾਂ ਐਸਡੀਐਮ ਨੂੰ ਇੱਕ ਮੰਗ ਪੱਤਰ ਦੇਸ਼ ਦੇ ਮੁੱਖ ਚੋਣ ਕਮਿਸ਼ਨ ਨੂੰ ਭੇਜਕੇ ਪੰਜਾਬ ਵਿੱਚ ਵਿਧਾਨਸਭਾ ਚੋਣਾਂ ਦੀ ਮਿਤੀ 14 ਫਰਵਰੀ ਦੀ ਬਜਾਏ 20 ਫਰਵਰੀ ਕਰਨ ਦੀ ਮੰਗ ਕਰਦੇ ਹੋਏ ਪੰਜਾਬ ਦੀਆਂ ਚੋਣਾਂ ਨੂੰ ਅਗਲੇ ਪੜਾਅ ਵਿੱਚ ਕਰਵਾਉਣ ਦੀ ਅਪੀਲ ਕੀਤੀ ਹੈ। ਇਸ ਮੌਕੇ ਓਹਨਾ ਨਾਲ ਅਕਾਲੀ ਦਲ ਦੇ ਸ਼ਹਿਰੀ ਪ੍ਰਧਾਨ ਸਤਨਾਮ ਸਿੰਘ ਅਰਸ਼ੀ, ਸਾਬਕਾ ਡਿਪਟੀ ਮੇਅਰ ਰਣਜੀਤ ਖੁਰਾਣਾ, ਇੰ ਪਰਦੀਪ ਮੱਲ, ਮਨੋਹਰ ਜੱਖੁ, ਪਰਨਿਸ਼ ਬੰਗਾ, ਅਰੁਣ ਕੁਮਾਰ, ਸਿੰਗਾਰਾ ਸਿੰਘ, ਠੇਕੇਦਾਰ ਬਲਜਿੰਦਰ ਸਿੰਘ, ਬੰਟੀ ਮੋਰਾਂਵਾਲੀ, ਸੰਦੀਪ ਕੌਲਸਰ, ਮੁਨੀਸ਼, ਚਰਨਜੀਤ ਚਕ ਹਕੀਮ, ਬੰਟੀ ਟਿੱਬੀ, ਗੁਰਦਿੱਤਾ ਬੰਗੜ, ਆਦਿ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਿਰ ਸਨ।

# ਪਿੰਡ ਚੱਕ ਕਲਾਲ ਵਿੱਚ ਸਾਲ 1981 'ਚ ਬਾਬਾ ਸਾਹਿਬ ਦੇ ਮਨਾਏ ਗਏ ਪਰਿਨਿਰਵਾਣ ਦੀ ਰਿਪੋਰਟ




ਸੰਤੋਖ ਸਿੰਘ ਜੱਸੀ
91-70876-19800

ਬਾਬਾ ਸਾਹਿਬ ਉਹਨਾਂ ਲੋਕਾਂ ਨੂੰ ਸਮਰਪਿਤ ਸਨ, ਜਿਹਨਾਂ ਨੂੰ ਸਦੀਆਂ ਤੋਂ ਇਹ ਸਮਾਜ, ਮਨੁੱਖ ਮੰਨਣ ਤੋਂ ਹੀ ਇਨਕਾਰੀ ਸੀ। 1979 ਵਿੱਚ ਬਾਮਸੇਫ ਅਤੇ ਪੜ੍ਹੇ ਲਿਖੇ ਮੁਲਾਜ਼ਮ ਪ੍ਰਭਾਵਿਤ ਹੋਏ।ਜਿੱਥੇ ਉਹਨਾਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਰਸੀ ਮਨਾਉਣ ਬਾਰੇ ਸਲਾਹ ਮਸ਼ਵਰਾ ਕੀਤਾ, ਉੱਥੇ ਨਾਲ ਹੀ ਬਾਬਾ ਸਾਹਿਬ ਡਾ.ਅੰਬੇਡਕਰ ਬਾਰੇ ਵੀ ਵਿਚਾਰਾਂ ਹੋਈਆਂ। ਉਨ੍ਹਾਂ ਬਾਬਾ ਸਾਹਿਬ ਡਾ.ਅੰਬੇਡਕਰ ਜੀ ਦੀ ਜ਼ਿੰਦਗੀ ਬਾਰੇ ਬਹੁਤ ਵਿਸਥਾਰ ਨਾਲ ਦੱਸਿਆ। ਅਸੀਂ ਉਹਨਾਂ ਦੀ ਜੀਵਨੀ ਬਾਰੇ ਸੁਣ ਕੇ ਦੁੱਖੀ ਵੀ ਹੋਏ ਅਤੇ ਮਾਣ ਵੀ ਮਹਿਸੂਸ ਕੀਤਾ ਕਿ ਬਾਬਾ ਸਾਹਿਬ ਨੇ ਜ਼ਿੰਦਗੀ ਵਿੱਚ ਦੱਬੇ ਕੁਚਲੇ ਤੇ ਲਤਾੜੇ ਲੋਕਾਂ ਲਈ ਆਪਣਾ ਜੀਵਨ ਲੇਖੇ ਲਗਾ ਦਿੱਤਾ।

ਬਾਬਾ ਸਾਹਿਬ ਡਾ. ਅੰਬੇਡਕਰ ਨੇ ਦੁਨੀਆਂ ਭਰ ਦੀ ਉੱਚ ਦਰਜੇ ਦੀ ਰਾਜਨੀਤਿਕ, ਸਮਾਜਿਕ, ਧਾਰਮਿਕ ਤੇ ਆਰਥਿਕ ਹਰ ਪ੍ਰਕਾਰ ਦੀ ਪੜ੍ਹਾਈ ਕਰਕੇ ਡੂੰਘੀ ਜਾਣਕਾਰੀ ਪ੍ਰਾਪਤ ਕੀਤੀ। ਉਹਨਾਂ ਆਪਣਾ ਜਾਂ ਆਪਣੇ ਪਰਿਵਾਰ ਦਾ ਪੇਟ ਪਾਲਣ ਦੀ ਬਜਾਏ, ਉਹਨਾਂ ਲੋਕਾਂ ਨੂੰ ਜ਼ਿੰਦਗੀ ਸਮਰਪਿਤ ਕਰ ਦਿੱਤੀ,ਜਿਹਨਾਂ ਨੂੰ ਸਦੀਆਂ ਤੋਂ ਅਖੌਤੀ ਉੱਚੀਆਂ ਜਾਤਾਂ ਵਾਲੇ ਲੋਕ ਮਨੁੱਖ ਮੰਨਣ ਤੋਂ ਹੀ ਇਨਕਾਰੀ ਸਨ। ਪਸ਼ੂਆਂ ਸਮਾਨ ਜੀਵਨ ਬਤੀਤ ਕਰਨ ਵਾਲੇ ਇਹਨਾਂ ਇਨਸਾਨਾਂ ਨੂੰ ਇਨਸਾਨ ਦਾ ਦਰਜ਼ਾ ਦਿਵਾਉਣ ਲਈ ਬਾਬਾ ਸਾਹਿਬ ਨੇ ਆਪਣੀ ਸਾਰੀ ਯੋਗਤਾ, ਸਾਰਾ ਜੀਵਨ ਨੀਂਦ, ਅਰਾਮ ਇੱਥੋਂ ਤੱਕ ਕਿ ਖਾਣਾ-ਪੀਣਾ ਵੀ ਸਮਾਜ ਦੇ ਲੇਖੇ ਲਗਾ ਦਿੱਤਾ। ਉਹਨਾਂ ਦੁਆਰਾ ਕੀਤੀ ਸਖਤ ਮਿਹਨਤ ਅਤੇ ਸੰਘਰਸ਼ ਸਦਕਾ ਹੀ ਉਹ ਇੰਨੇ ਵੱਡੇ ਸਮਾਜ ਨੂੰ ਅਧਿਕਾਰ ਦਿਵਾਉਣ ਵਿੱਚ ਕਾਮਯਾਬ ਹੋਏ ਜਿਨ੍ਹਾਂ ਤੋਂ ਸਮਾਜ ਦੇ ਇੱਕ ਖਾਸ ਵਰਗ ਨੂੰ ਵਾਂਝਾ ਰੱਖਿਆ ਹੋਇਆ ਸੀ।ਪਰ ਆਉਣ ਵਾਲੀਆਂ ਪੀੜ੍ਹੀਆਂ ਉਹਨਾਂ ਅਧਿਕਾਰਾਂ ਤੋਂ ਪੂਰੀ ਤਰ੍ਹਾਂ ਲਾਭ ਉਠਾਉਣ ਦੇ ਯੋਗ ਨਹੀਂ ਬਣ ਸਕੀਆਂ।ਇਹ ਸਭ ਕੁੱਝ ਨੂੰ ਜਾਣ ਕੇ ਮੇਰਾ ਮਨ ਬਹੁਤ ਦੁੱਖੀ ਹੋਇਆ।

ਇਸ ਤੋਂ ਬਾਅਦ ਬਾਬਾ ਸਾਹਿਬ ਦੀਆਂ ਲਿਖੀਆਂ ਕਈ ਕਿਤਾਬਾਂ ਪੜ੍ਹੀਆਂ ਤੇ ਉਹਨਾਂ ਦੀ ਜੀਵਨੀ ਨੂੰ ਹੋਰ ਵੀ ਵੱਧ ਕੇ ਜਾਣਿਆਂ ਤੇ ਸਿੱਖਿਆ ਪ੍ਰਾਪਤ ਕੀਤੀ।ਜਿਵੇਂ ਇਸ ਸਮਾਜ ਦੇ ਲੋਕ ਪੜ੍ਹ ਲਿਖ ਕੇ ਵੱਡੀਆਂ-ਵੱਡੀਆਂ ਡਿਗਰੀਆਂ ਲੈ ਕੇ, ਆਪਣੀ ਤਰੱਕੀ ਦਾ ਸਿਹਰਾ ਕਿਸੇ ਦੇਵੀ-ਦੇਵਤੇ ਅਤੇ ਪੀਰ-ਫਕੀਰ ਦੇ ਸਿਰ ਬੰਨਦੇ ਹਨ ਪਰ ਉਹ ਇਸ ਸਮਾਜ ਦੀ ਹਾਲਤ ਨੂੰ ਸੁਧਾਰ ਨਹੀਂ ਸਕੇ।ਕੁੱਝ ਕੁ ਮਹਾਂਪੁਰਖ ਗੁਰੂ ਸਾਹਿਬਾਨਾਂ ਨੇ ਹੀ ਇਸ ਸਮਾਜ ਦੀ ਸਥਿਤੀ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਤੇ ਉਪਰਾਲੇ ਵੀ ਕੀਤੇ। ਭਾਰਤ ਦਾ ਸੰਵਿਧਾਨ ਲਿਖਣ ਵੇਲੇ ਬਾਬਾ ਸਾਹਿਬ ਦੀ ਸਿਹਤ ਠੀਕ ਨਾ ਹੋਣ ਦੇ ਬਾਵਜੂਦ ਵੀ ਉਹਨਾਂ ਨੇ ਲਗਾਤਾਰ ਦਿਨ-ਰਾਤ ਇੱਕ ਕਰਕੇ ਇਸ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਇਆ। ਉਹਨਾਂ ਇਸ ਕਾਰਜ ਨੂੰ 02 ਸਾਲ 11 ਮਹੀਨੇ ਅਤੇ 18 ਦਿਨਾਂ ਵਿੱਚ ਪੂਰਾ ਕੀਤਾ। ਇਹ ਸਭ ਕੁੱਝ ਜਾਣ ਕੇ ਲੋਕ ਬਾਬਾ ਸਾਹਿਬ ਦੇ ਪੈਰੋਕਾਰ ਬਣ ਗਏ ਅਤੇ ਉਹਨਾਂ ਦੀ




ਬਰਸੀ ਜਾਂ ਜਨਮ ਦਿਨ ਮਨਾਉਣ ਲਈ ਉਪਰਾਲੇ ਕਰਨ ਲੱਗੇ। ਡਾ. ਅੰਬੇਡਕਰ ਸਾਹਿਬ ਦਾ ਪਰਿਨਿਰਵਾਣ ਦਿਵਸ ਮਨਾਉਣ ਲਈ ਪਿੰਡ ਵਾਸੀਆਂ ਨੂੰ ਸਾਰੀ ਇਤਿਹਾਸਿਕ ਜਾਣਕਾਰੀ ਦੇਣ ਲਈ ਬਹੁਤ ਮਿਹਨਤ ਕਰਨੀ ਪਈ। ਕਿਉਂਕਿ ਪਿੰਡ ਦੇ ਕੁੱਝ ਪੜ੍ਹੇ-ਲਿਖੇ ਲੜਕੇ ਤਾਂ ਗੱਲ ਨੂੰ ਸਮਝਦੇ ਸਨ ਪਰ ਬੁਹਤੇ ਅਨਪੜ੍ਹ ਲੋਕਾਂ ਨੂੰ ਨਹੀਂ ਪਤਾ ਸੀ ਕਿ ਡਾ. ਅੰਬੇਡਕਰ ਸਾਹਿਬ ਕੌਣ ਸਨ? ਪਿੰਡ ਦੀਆਂ ਬਹੁਤ ਸਾਰੀਆਂ ਔਰਤਾਂ, ਧੀਆਂ-ਭੈਣਾਂ ਤੇ ਸਿਆਣੇ ਲੋਕਾਂ ਨੂੰ ਵੀ ਸਮਝਾਇਆ ਕਿ ਬਾਬਾ ਸਾਹਿਬ ਨੇ ਹੀ ਸਾਨੂੰ ਆਜ਼ਾਦੀ ਲੈ ਕੇ ਦਿੱਤੀ ਹੈ ਤੇ ਉਹਨਾਂ ਨੇ ਹੀ ਸਾਨੂੰ ਸਾਰਿਆਂ ਨੂੰ ਵੋਟ ਪਾਉਣ ਦਾ ਅਧਿਕਾਰ ਲੈ ਕੇ ਦਿੱਤਾ। ਅੱਜ ਭਾਵੇਂ ਅਸੀਂ ਗੱਡੀਆ ਕਾਰਾਂ ਦੇ ਮਾਲਕ ਤੇ ਚੰਗੇ ਮਕਾਨਾਂ ਵਾਲੇ ਬਣ ਗਏ ਹਾਂ। ਉਹਨਾਂ ਨੇ ਹੀ ''ਜਾਤ-ਪਾਤ ਦਾ ਬੀਜ ਨਾਸ਼'' ਕਰਨ ਦਾ ਉਪਰਾਲਾ ਕੀਤਾ ਹੈ ਤੇ ਔਰਤਾਂ ਨੂੰ ਆਦਮੀਆਂ ਦੇ ਬਰਾਬਰ ਹੱਕ ਲੈ ਕੇ ਦਿੱਤੇ ਹਨ।ਬੱਚਿਆਂ ਨੂੰ ਵਿੱਦਿਆ ਪੜ੍ਹਾਉਣ ਦਾ ਉਪਰਾਲਾ ਕੀਤਾ ਹੈ। ਬਾਬਾ ਸਾਹਿਬ ਨੇ ਸਾਨੂੰ ਸਭ ਨੂੰ ਪੜ੍ਹ-ਲਿਖ ਕੇ ਜੁੜਨ ਦਾ ਅਤੇ ਸੰਘਰਸ਼ ਕਰਨ ਦਾ ਨਾਅਰਾ ਵੀ ਦਿੱਤਾ ਹੈ। ਕੁੱਝ ਮਿਸ਼ਨਰੀ ਕਲਾਕਾਰਾਂ ਨਾਲ ਆਪਣੇ ਪਿੰਡ ਚੱਕ ਕਲਾਲ (ਬੰਗਾ) 6 ਦਸੰਬਰ ਨੂੰ ਬਾਬਾ ਸਾਹਿਬ ਜੀ ਦਾ ਮਨਾਇਆ ਗਿਆ।ਇਸ ਸਮਾਗਮ ਵਿੱਚ ਮਿਸ਼ਨਰੀ ਕਲਾਕਾਰ ਸ਼੍ਰੀ ਕੇਵਲ ਸਾਂਵਰਾ ਐਂਡ ਪਾਰਟੀ ਅਤੇ ਸ਼੍ਰੀ ਰਾਮ ਸ਼ਰਨ ਜੋਸ਼ੀਲਾ ਜੀ, ਜੋ ਇੱਕ ਮਿਸ਼ਨਰੀ ਕਵੀ ਸਨ, ਨੂੰ ਬੁਲਾਇਆ। ਪਿੰਡ ਵਿੱਚ ਬਾਕਾਇਦਾ ਸਟੇਜ ਬਣਾ ਕੇ ਉਸਨੂੰ ਲੜੀਆਂ ਨਾਲ ਸਜਾਇਆ ਗਿਆ। ਕਲਾਕਾਰਾਂ ਨੂੰ ਬੇਨਤੀ ਕੀਤੀ ਕਿ ਮਿਸ਼ਨਰੀ ਗੀਤਾਂ ਦੇ ਨਾਲ-ਨਾਲ ਬਾਬਾ ਸਾਹਿਬ ਦੀ ਜੀਵਨੀ ਅਤੇ ਉਹਨਾਂ ਨੇ ਦਲਿਤਾਂ ਲਈ ਜੋ ਕੰਮ ਕੀਤੇ ਹਨ,ਉਹਨਾਂ ਤੇ ਜ਼ਿਆਦਾ ਚਾਨਣਾ ਪਾਇਆ ਜਾਵੇ ਤਾਂ ਕਿ ਸਭ ਨੂੰ ਪਤਾ ਲਗ ਸਕੇ ਕਿ ਬਾਬਾ ਸਾਹਿਬ ਜੀ ਨੇ ਸਾਨੂੰ ਅਧਿਕਾਰ ਦਿਵਾਉਣ ਲਈ ਕਿੰਨੇ ਤਸੀਹੇ ਝੱਲੇ। ਉਹਨਾਂ ਭਾਰਤ ਦਾ ਸੰਵਿਧਾਨ ਬਣਾ ਕੇ ਜਾਤ-ਪਾਤ ਖਤਮ ਕਰਨ ਦਾ ਉਪਰਾਲਾ ਕੀਤਾ।

06 ਦਸੰਬਰ ਵਾਲੇ ਦਿਨ ਪਿੰਡ ਦੇ ਲੋਕਾਂ ਨੇ ਪੰਡਾਲ ਵਿੱਚ ਬੈਠ ਕੇ ਰੌਣਕ ਨੂੰ ਵਧਾਇਆ। ਸਟੇਜ ਦਾ ਪ੍ਰੋਗਰਾਮ ਰਾਤ 9 ਵਜੇ ਸ਼ੁਰੂ ਕੀਤਾ ਗਿਆ ਅਤੇ ਸਵੇਰੇ 4 ਵਜੇ ਤੱਕ ਚਲਦਾ ਰਿਹਾ। ਲੋਕਾਂ ਨੇ ਪੂਰੀ ਰੀਝ ਨਾਲ ਦੇਖਿਆ ਅਤੇ ਸੁਣਿਆਂ। ਸਟੇਜ ਤੋਂ ਬਾਬਾ ਸਾਹਿਬ ਦੀ ਵਿੱਦਿਆ ਪ੍ਰਾਪਤੀ, ਸੰਸਾਰ ਦੇ ਸਭ ਤੋਂ ਵੱਧ ਗਿਆਨੀ, 6 ਬੰਦਿਆਂ ਵਿੱਚੋਂ ਬਾਬਾ ਸਾਹਿਬ ਇੱਕ ਸਨ, ਬਾਰੇ ਲੋਕਾਂ ਨੂੰ ਪਤਾ ਲੱਗਿਆ।ਬੜੀ ਖੁਸ਼ੀ ਦੀ ਗੱਲ ਹੈ ਕਿ ਸਵੇਰ ਨੂੰ ਬਹੁਤ ਸਾਰੇ ਲੋਕਾਂ ਨੇ ਮੁਬਾਰਕਾਂ ਦਿੱਤੀਆਂ ਅਤੇ ਕਿਹਾ ਕਿ ਸਾਨੂੰ ਵੀ ਪਤਾ ਲੱਗ ਗਿਆ ਕਿ ਬਾਬਾ ਸਾਹਿਬ ਡਾ.ਅੰਬੇਡਕਰ ਜੀ ਨੇ ਸਾਡੇ ਲੋਕਾਂ ਲਈ ਬਹੁਤ ਕੁਝ ਕੀਤਾ ਤੇ ਸਾਨੂੰ ਆਜ਼ਾਦੀ ਦਿਵਾਈ। ਉਸ ਤੋਂ ਬਾਅਦ ਹਰ ਸਾਲ ਸਾਡੇ ਪਿੰਡ ਵਿੱਚ ਬਾਬਾ ਸਾਹਿਬ ਜੀ ਦਾ ਜਨਮ ਦਿਨ ਅਤੇ ਪਰਿਨਿਰਵਾਣ ਦਿਵਸ ਸਾਰੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਮਨਾਇਆ ਜਾਂਦਾ ਹੈ। ਦਲਿਤ ਸਮਾਜ ਅਤੇ ਰਾਸ਼ਟਰ ਲਈ ਕੀਤੇ ਉਪਕਾਰਾਂ ਨੂੰ ਵਰਤਮਾਨ ਵਿੱਚ ਬਹੁਤ ਸਲਾਹਿਆ ਜਾਣ ਲੱਗਾ ਹੈ।

ਹੁਣ ਪਿੰਡ ਦੇ ਚੌਂਕ ਵਿੱਚ ਬਾਬਾ ਸਾਹਿਬ ਜੀ ਦਾ ਆਦਮ ਕੱਦ ਬੁੱਤ ਵੀ ਲਗਾ ਦਿੱਤਾ ਹੈ। ਜਿਸਦਾ ਉਦਘਾਟਨ 10 ਫਰਵਰੀ 2017 ਨੂੰ ਬੜੇ ਉਤਸ਼ਾਹ ਨਾਲ ਸੰਤ ਸ਼੍ਰੀ ਕੁਲਵੰਤ ਰਾਮ ਜੀ ਪਿੰਡ ਭਰੋਮਜਾਰੇ ਵਾਲਿਆਂ ਤੋਂ ਕਰਵਾਇਆ ਗਿਆ। ਹੁਣ ਇਹ ਬੁੱਤ ਪਿੰਡ ਵਾਸੀਆਂ ਲਈ ਪ੍ਰੇਰਣਾ ਸ੍ਰੋਤ ਹੈ ਅਤੇ ਇੱਥੋਂ ਬਾਬਾ ਸਾਹਿਬ ਦੀ ਵਿਚਾਰਧਾਰਾ ਦਾ ਪ੍ਰਚਾਰ-ਪ੍ਰਸਾਰ ਕੀਤਾ ਜਾਂਦਾ ਹੈ। 11 ਸਤੰਬਰ 1983 ਨੂੰ ਸਾਡੇ ਪਿੰਡ ਚੱਕ ਕਲਾਲ ਵਿਖੇ ਬਹੁਜਨ ਨਾਇਕ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਆਏ।ਉਹਨਾਂ ਪਿੰਡ ਵਾਸੀਆਂ ਨਾਲ ਮੀਟਿੰਗ ਕੀਤੀ ਤੇ ਲੋਕਾਂ ਨੂੰ ਬਾਬਾ ਸਾਹਿਬ ਬਾਰੇ ਵਡਮੁੱਲੀ ਜਾਣਕਾਰੀ ਦਿੱਤੀ।

ਉਹਨਾਂ ਦੱਸਿਆ ਕਿ ਬਾਬਾ ਸਾਹਿਬ ਜੀ ਦੇ ਸੰਘਰਸ਼ ਦੀ ਬਦੌਲਤ ਅੱਜ ਸਾਨੂੰ ਵੋਟ ਪਾਉਣ ਦਾ ਤੇ ਆਜ਼ਾਦੀ ਨਾਲ ਜਿਉਣ ਦਾ ਹੱਕ ਮਿਲਿਆ ਹੈ।

ਇਸ ਸਾਰੀ ਮੀਟਿੰਗ ਦੀ ਸਟੇਜ ਸਕੱਤਰ ਦੀ ਭੂਮਿਕਾ ਨਿਭਾਉਣ ਦਾ ਮੌਕਾ ਵੀ ਕਰਮਚੰਦ ਦੀਵਾਨ ਨੂੰ ਦਿੱਤਾ ਗਿਆ। ਇਸ ਤੋਂ ਬਾਅਦ ਪਿੰਡ ਦੇ ਲੋਕਾਂ ਨਾਲ ਸਲਾਹ- ਮਸ਼ਵਰਾ ਕਰਕੇ ਕੌਮ ਦੇ ਮਿਹਨਤੀ ਤੇ ਸਿਰੜੀ ਬਹੁਜਨ ਜਨਰੈਲ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦਾ ਆਦਮ ਕੱਦ ਬੁੱਤ ਵੀ ਪਿੰਡ ਵਿਚ ਲਗਾ ਦਿੱਤਾ। ਜਿਸ ਦਾ ਉਦਘਾਟਨ 14 ਅਪ੍ਰੈਲ 2018 ਨੂੰ ਸ਼੍ਰੀ ਰਛਪਾਲ ਸਿੰਘ ਰਾਜੂ ਪ੍ਰਧਾਨ, ਬਹੁਜਨ ਸਮਾਜ ਪਾਰਟੀ, ਪੰਜਾਬ ਅਤੇ ਚੌਧਰੀ ਮੋਹਣ ਲਾਲ ਸਾਬਕਾ ਐਮ.ਐਲ.ਏ. ਬੰਗਾ ਅਤੇ ਪੰਚਾਇਤ ਨੇ ਸਾਂਝੇ ਤੌਰ ਤੇ ਆਪਣੇ ਕਰ ਕਮਲਾ ਨਾਲ ਕੀਤਾ। ਪੰਚਾਇਤ ਤੇ ਹੋਰ ਮੋਹਤਬਰ ਵਿਅਕਤੀਆਂ ਨੇ ਪਿੰਡ ਵਿੱਚ ਬਹੁਤ ਸਾਰੀਆਂ ਕਿਤਾਬਾਂ ਵੀ ਵੰਡੀਆਂ ਹਨ ਤਾਂ ਕਿ ਸਾਰਿਆਂ ਨੂੰ ਬਾਬਾ ਸਾਹਿਬ ਬਾਰੇ ਵੱਧ ਤੋਂ ਵੱਧ ਜਾਣਕਾਰੀ ਮਿਲ ਸਕੇ।

# ਲੋਕ ਇਨਸਾਫ ਪਾਰਟੀ ਦੇ ਵਫਦ ਨੇ ਐਸਡੀਐਮ ਰਾਹੀਂ ਮੁੱਖ ਚੋਣ ਕਮਿਸ਼ਨ ਭਾਰਤ ਨੂੰ ਮੰਗ ਪੱਤਰ ਭੇਜ ਕੇ ਕੀਤੀ ਮੰਗ

## ਗੁਰਪੁਰਬ ਕਰਕੇ ਪੰਜਾਬ ਦੀਆਂ ਚੋਣਾਂ ਅਗਲੇ ਗੇੜ ਚ ਕਰਵਾਈਆਂ ਜਾਣ - ਜਰਨੈਲ ਨੰਗਲ

**ਫਗਵਾੜਾ 10 ਜਨਵਰੀ (ਬੀ ਕੇ ਰੱਤੂ)** ਲੋਕ ਇਨਸਾਫ ਪਾਰਟੀ ਦਾ ਇੱਕ ਵਫਦ ਜਰਨੈਲ ਨੰਗ਼ਲ ਉਮੀਦਵਾਰ ਵਿਧਾਨ ਸਭਾ ਹਲਕਾ ਫਗਵਾੜਾ ਲੋਕ ਇਨਸਾਫ ਪਾਰਟੀ ਦੀ ਅਗੁਵਾਈ ਹੇਠ ਐਸਡੀਐਮ ਫਗਵਾੜਾ ਨੂੰ ਮਿਲਿਆ ਅਤੇ ਸ਼੍ਰੀ ਗੁਰੂ ਰਵਿਦਾਸ ਜੀ ਦੇ 645ਵੇਂ ਪ੍ਰਕਾਸ਼ ਉਤਸਵ 16 ਫਰਵਰੀ 2022 ਨੂੰ ਧਿਆਨ ਚ ਰੱਖਦਿਆਂ ਪੰਜਾਬ ਅੰਦਰ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ 14 ਫਰਵਰੀ 2022 ਨੂੰ ਅੱਗੇ ਕਰਵਾਉਣ ਲਈ ਮੰਗ ਪੱਤਰ ਦਿੱਤਾ।ਜਰਨੈਲ ਨੰਗ਼ਲ ਨੇ ਕਿਹਾ ਕਿ ਪੰਜਾਬ ਸਮੇਤ ਭਾਰਤ ਦੇ 5 ਸੂਬਿਆਂ ਅੰਦਰ ਵਿਧਾਨ ਸਭਾ ਚੋਣਾਂ 7 ਗੇੜਾਂ ਚ ਹੋਣ ਜਾ ਰਹੀਆਂ ਹਨ ਜਿਸ ਦੇ ਤਹਿਤ ਚੋਣ ਕਮਿਸ਼ਨ ਵਲੋਂ ਪੰਜਾਬ ਦੀਆਂ ਚੋਣਾਂ 14 ਫਰਵਰੀ ਨੂੰ ਦੂਜੇ ਗੇੜ ਕਰਵਾਉਣ ਦਾ ਐਲਾਨ ਕੀਤਾ ਗਿਆ ਹੈ।ਉਹਨਾਂ ਕਿਹਾ ਕਿ 16 ਫਰਵਰੀ ਨੂੰ ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਹੈ ਜੋ ਕਿ ਪੰਜਾਬ ਸਮੇਤ ਪੂਰੀ ਦੁਨੀਆ ਵਿੱਚ ਵਸਦੀਆਂ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਵਲੋਂ ਬੜੀ ਸ਼ਰਧਾ ਅਤੇ ਉਤਸ਼ਾਹ



ਨਾਲ ਮਨਾਇਆ ਜਾਂਦਾ ਹੈ ਅਤੇ ਪੰਜਾਬ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਗੁਰਪੁਰਬ ਤੋਂ ਕੁਝ ਦਿਨ ਪਹਿਲਾਂ ਹੀ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਅਸਥਾਨ ਸੀਰ ਗੋਵ-ਰਧਨਪੁਰ ਕਾਂਸ਼ੀ ਬਨਾਰਸ(ਉੱਤਰ ਪ੍ਰਦੇਸ਼) ਵਿਖੇ ਗੁਰਪੁਰਬ ਮਨਾਉਣ ਲਈ ਚਲੀਆਂ ਜਾਂਦੀਆਂ ਹਨ ਅਤੇ ਲਗਭਗ ਇੱਕ ਹਫਤੇ ਬਾਅਦ ਵਾਪਿਸ ਆਉਂਦੀਆਂ ਹਨ।ਜਿਸ ਕਾਰਨ ਉਹ ਆਪਣੇ ਵੋਟ ਦੇ ਅਧਿਕਾਰ ਤੋਂ ਵਾਂਝੀਆ ਰਹਿ ਜਾਣਗੀਆਂ।ਪੰਜਾਬ ਅੰਦਰ ਵੀ ਸੰਗਤਾਂ ਵਲੋਂ ਆਪਣੇ ਪਿੰਡਾਂ ਅਤੇ ਮੁਹੱਲਿਆਂ ਵਿੱਚ ਗੁਰਪੁਰਬ ਦੇ ਸਮਾਗਮ ਕਰਵਾਏ ਜਾਂਦੇ ਹਨ ਅਤੇ ਸੰਗਤਾਂ ਸਮਾਗਮਾਂ ਚ ਵਿਅਸਤ ਹੁੰਦੀਆਂ ਹਨ।ਉਹਨਾਂ ਕਿਹਾ ਕਿ ਅੱਜ ਅਸੀਂ ਇੱਕ ਮੰਗ ਪੱਤਰ ਮਾਨਯੋਗ ਮੁੱਖ ਚੋਣ ਕਮਿਸ਼ਨ ਭਾਰਤ,ਮੁੱਖ ਚੋਣ ਕਮਿਸ਼ਨ ਪੰਜਾਬ,ਐਸ ਸੀ ਕਮਿਸ਼ਨ ਚੇਅਰਮੈਨ ਭਾਰਤ ਸਰਕਾਰ ਵਿਜੇ ਸਾਂਪਲਾ ਅਤੇ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਦੇ ਨਾਮ ਦਿੱਤਾ ਹੈ ਅਤੇ ਮੰਗ ਕੀਤੀ ਹੈ ਕਿ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਚ ਰੱਖਦਿਆਂ ਪੰਜਾਬ ਦੀਆਂ ਚੋਣਾਂ ਅਗਲੇ ਗੇੜ ਚ ਕਰਵਾਈਆਂ ਜਾਣ ਤਾਂ ਜੋ ਲੋਕ ਆਪਣੀ ਵੋਟ ਦਾ ਇਸਤੇਮਾਲ ਕਰ ਸਕਣ।ਉਹਨਾ ਕਿਹਾ ਕਿ ਸਾਨੂੰ ਐਸਡੀਐਮ ਸਾਹਿਬ ਨੇ ਭਰੋਸਾ ਦਿੱਤਾ ਹੈ ਕਿ ਜਲਦ ਹੀ ਉਹਨਾਂ ਦੀ ਮੰਗ ਨੂੰ ਅੱਗੇ ਭੇਜ ਦਿੱਤਾ ਜਾਵੇਗਾ ਅਤੇ ਸਾਨੂੰ ਆਸ ਹੈ ਕਿ ਸੰਗਤਾਂ ਦੀਆਂ ਭਾਵਨਾਵਾਂ ਨੂੰ ਧਿਆਨ ਚ ਰੱਖਦਿਆਂ ਸਾਡੀ ਮੰਗ ਨੂੰ ਸਵੀਕਾਰ ਕੀਤਾ ਜਾਵੇਗਾ। ਇਸ ਮੌਕੇ ਤੇ ਜਤਿੰਦਰ ਮੋਹਨ ਡੁਮੇਲੀ, ਬਲਵੀਰ ਠਾਕੁਰ,ਬਲਰਾਜ ਬਾਊ, ਵਿਜੇ ਪੰਡੋਰੀ, ਆਜ਼ਾਦ ਅਲੀ,ਸ਼ਸ਼ੀ ਬੰਗੜ ਚੱਕ ਹਕੀਮ, ਸਮਰ ਗੁਪਤਾ, ਅਨਿਲ ਸ਼ਰਮਾ,ਬਲਜਿੰਦਰ ਝੱਲੀ, ਸ਼ਾਮ ਸੁੰਦਰ ਅਤੇ ਹੋਰ ਹਾਜ਼ਰ ਸਨ।

# ਮਿਸ਼ਨਰੀ ਗਾਇਕ ਪੰਮਾ ਸੁੰਨੜ ਦਾ ਸਿੰਗਲ ਟਰੈਕ "ਮੇਰਾ ਦੇਸ਼ ਵੇਚਤਾ" ਰਿਲੀਜ਼

**ਫਗਵਾੜਾ (ਬੀ ਕੇ ਰੱਤੂ)** ਮਿਸ਼ਨਰੀ ਗੀਤਾਂ ਰਾਹੀਂ ਇੰਟਰਨੈਸ਼ਨਲ ਪੱਧਰ ਤੇ ਪ੍ਰਸਿੱਧੀ ਪ੍ਰਾਪਤ ਕਰਨ ਵਾਲੇ ਮਿਸ਼ਨਰੀ ਗਾਇਕ ਪੰਮਾ ਸੁੰਨੜ ਦਾ ਸਿੰਗਲ ਟਰੈਕ " ਮੇਰਾ ਦੇਸ਼ ਵੇਚਤਾ " ਐਮ ਟਰੈਕ ਇੰਨਟੈਰਨਮੈਂਟ ਅਤੇ ਮੱਖਣ ਲੁਹਾਰ ਯੂ ਐੱਸ ਏ ਵੱਲੋਂ ਵੱਡੇ ਪੱਧਰ ਤੇ ਰਿਲੀਜ਼ ਕੀਤਾ ਗਿਆ। ਮਿਸ਼ਨਰੀ ਗਾਇਕ ਪੰਮਾ ਸੁੰਨੜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ "ਮੇਰਾ ਦੇਸ਼ ਵੇਚਤਾ " ਗੀਤ ਨੂੰ ਕਲਮਬੰਦ ਮਿਸ਼ਨਰੀ ਗੀਤਕਾਰ ਖੁਸ਼ਵਿੰਦਰ ਬਿੱਲਾ ਯੂ ਕੇ। ਨੇ ਕੀਤਾ ਹੈ ਜਦ ਕਿ ਇਸ ਗੀਤ ਦਾ ਮਿਊਜ਼ਿਕ ਕਰਨੈਲ ਦਾ ਮਿਊਜ਼ਿਕ ਫੈਕਟਰੀ ਨੇ ਤਿਆਰ ਕੀਤਾ ਹੈ ਅਤੇ ਵੀਡੀਓ ਆਰ ਕੇ ਬਾਸਲ ਨੇ ਤਿਆਰ ਕੀਤਾ ਹੈ। ਗਾਇਕ ਪੰਮਾ ਨੇ ਇਸ ਸਿੰਗਲ ਟਰੈਕ ਲਈ ਵਿਸ਼ੇਸ਼ ਤੋਰ 'ਤੇ ਬਲਜਿੰਦਰ ਭੱਟੀ ਤੇ ਰਾਕੇਸ਼ ਕੁਮਾਰ ਕੈਡੀ ਦਾ ਧੰਨਵਾਦ ਕੀਤਾ। ਸੁੰਨੜ ਨੇ ਕਿਹਾ ਕਿ ਉਕਤ ਗੀਤ ਬਹੁਤ ਵਧੀਆ ਗੀਤ ਹੈ ਅਤੇ ਇਸ ਗੀਤ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਉਨ੍ਹਾਂ ਕਿਹਾ ਕਿ ਮੈਂ ਧੰਨਵਾਦੀ ਹਾਂ ਸਰੋਤਿਆਂ ਦਾ ਜੋ ਮੇਰੇ ਪਹਿਲਾਂ ਰਿਲੀਜ਼ ਹੋ ਹੋ ਚੁੱਕੇ ਮਿਸ਼ਨਰੀ ਗੀਤਾਂ ਵਾਂਗ ਇਸ ਸਿੰਗਲ ਟਰੈਕ " ਮੇਰਾ ਦੇਸ਼ ਵੇਚਤਾ " ਨੂੰ ਭਰਵਾਂ ਹੁੰਗਾਰਾ ਦੇ ਰਹੇ ਹਨ।



# ਸਕਾਟਲੈਂਡ: ਕੋਰੋਨਾ ਕਾਰਨ ਹਵਾਈ ਅੱਡਿਆਂ 'ਤੇ ਖਤਮ ਹੋਈਆਂ ਹਜ਼ਾਰਾਂ ਨੌਕਰੀਆਂ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)-** ਕੋਰੋਨਾ ਮਹਾਂਮਾਰੀ ਨੇ ਪੂਰੇ ਵਿਸ਼ਵ ਵਿੱਚ ਲੱਖਾਂ ਲੋਕਾਂ ਦੀ ਜਾਨ ਲੈਣ ਦੇ ਨਾਲ ਨਾਲ ਲੱਖਾਂ ਹੀ ਵੱਖ ਵੱਖ ਖੇਤਰਾਂ ਨਾਲ ਸਬੰਧਿਤ ਲੋਕਾਂ ਨੂੰ ਨੌਕਰੀਆਂ ਤੋਂ ਵੀ ਵਾਂਝੇ ਕੀਤਾ ਹੈ। ਕੋਰੋਨਾ ਮਹਾਂਮਾਰੀ ਕਾਰਨ ਹਵਾਈ ਯਾਤਰਾ ਅਤੇ ਇਸ ਨਾਲ ਜੁੜੀਆਂ ਨੌਕਰੀਆਂ ਵੀ ਵੱਡੇ ਪੱਧਰ 'ਤੇ ਪ੍ਰਭਾਵਿਤ ਹੋਈਆਂ ਹਨ। ਸਕਾਟਲੈਂਡ ਦੇ ਹਾਵਾਈ ਅੱਡੇ ਵੀ ਕੋਰੋਨਾ ਦੀ ਇਸ ਮਾਰ ਤੋਂ ਬਚੇ ਨਹੀਂ ਹਨ। ਅੰਕੜਿਆਂ ਅਨੁਸਾਰ ਕੋਰੋਨਾ ਦੌਰਾਨ ਸਕਾਟਲੈਂਡ ਦੇ ਹਵਾਈ ਅੱਡਿਆਂ 'ਤੇ ਤਕਰੀਬਨ 4400 ਲੋਕਾਂ ਦੀਆਂ ਨੌਕਰੀਆਂ ਖਤਮ ਹੋਈਆਂ ਹਨ ਅਤੇ ਕੋਰੋਨਾ ਪਾਬੰਦੀਆਂ ਕਰਕੇ ਲੋਕਾਂ ਵਿੱਚ ਸਕਾਟਲੈਂਡ ਪ੍ਰਤੀ ਪਹਿਲਾਂ ਵਾਲੀ ਖਿੱਚ ਵੀ ਨਹੀਂ ਰਹੀ। ਕੋਵਿਡ -19 ਨੇ ਮਾਰਚ 2020 ਵਿੱਚ ਅੰਤਰਰਾਸ਼ਟਰੀ ਯਾਤਰਾ ਨੂੰ ਲਗਭਗ ਪੂਰੀ ਤਰ੍ਹਾਂ ਰੋਕਣ ਤੋਂ ਬਾਅਦ ਗਲਾਸਗੋ, ਐਡਿਨਬਰਾ ਅਤੇ ਐਬਰਡੀਨ ਹਵਾਈ ਅੱਡਿਆਂ 'ਤੇ ਲਗਭਗ 4400 ਲੋਕਾਂ ਦੀ ਰੋਜ਼ੀ-ਰੋਟੀ ਖੋਹ ਲਈ ਹੈ। ਇਸ ਸਬੰਧ ਵਿੱਚ ਹੋਈ ਸਕਾਟਿਸ਼ ਅਫੇਅਰਜ਼ ਕਮੇਟੀ ਦੀ ਮੀਟਿੰਗ ਅਨੁਸਾਰ 2025/26 ਤੱਕ ਅਧਿਕਾਰੀਆਂ ਨੂੰ ਆਮ ਵਾਂਗ ਅੰਤਰਰਾਸ਼ਟਰੀ ਯਾਤਰਾ ਦੀ ਵਾਪਸੀ ਦੀ ਉਮੀਦ ਨਹੀਂ ਹੈ। ਗਲਾਸਗੋ ਅਤੇ ਐਬਰਡੀਨ ਹਵਾਈ ਅੱਡਿਆਂ ਦੀ



ਮਾਲਕੀ ਵਾਲੀ ਕੰਪਨੀ ਏ ਜੀ ਐਸ ਏਅਰਪੋਰਟਸ ਲਿਮਟਿਡ ਦੇ ਸੰਚਾਰ ਨਿਰਦੇਸ਼ਕ ਬ੍ਰਾਇਨ ਮੈਕਲੀਨ ਅਨੁਸਾਰ ਕੋਵਿਡ ਨੇ ਹਵਾਈ ਉਦਯੋਗ ਨੂੰ ਦਹਾਕਿਆਂ ਪਿੱਛੇ ਧਕੇਲ ਕੀਤਾ ਹੈ। ਹਵਾਈ ਅੱਡਿਆਂ ਨੇ ਸਕਾਟਿਸ਼ ਸਰਕਾਰ ਤੋਂ ਯੂਕੇ ਫਰਲੋ ਸਕੀਮ ਅਤੇ ਵਪਾਰਕ ਦਰਾਂ ਵਿੱਚ ਰਾਹਤ ਦਾ ਲਾਭ ਲਿਆ, ਪਰ ਉਹਨਾਂ ਕੋਲ ਕੋਈ ਸੈਕਟਰ-ਵਿਸ਼ੇਸ਼ ਸਹਾਇਤਾ ਨਹੀਂ ਹੈ।

# ਮਲਿਕਾ ਹਾਂਡਾ ਨੂੰ ਸਮਝਣ ਸਕਣ ਵਿੱਚ ਸਰਕਾਰਾਂ ਲਾਚਾਰ ਕਿਉਂ?

ਮਲਿਕਾ ਹਾਂਡਾ ਬੋਲਣ ਅਤੇ ਸੁਣਨ ਤੋਂ ਕੁਦਰਤੀ ਤੌਰ ‘ਤੇ ਅਸਮਰਥ ਹੈ। ਇਸ ਕਮੀਂ ਦੇ ਬਾਵਜੂਦ ਵੀ ਇਹ 26 ਸਾਲਾ ਮੁਟਿਆਰ ਨੇ ਸ਼ਤਰੰਜ ਦੇ ਅੰਤਰਰਾਸ਼ਟਰੀ ਮੈਦਾਨ ਵਿੱਚੋਂ ਭਾਰਤ ਲਈ ਸੋਨ-ਤਮਗਾ ਜਿੱਤ ਕੇ ਪਹਿਲੀ ਦਿਵਿਆਂਗ ਮਹਿਲਾ ਹੋਣ ਦਾ ਖਿਤਾਬ ਹਾਂਸਲ ਕਰਦੇ ਹੋਏ ਪੰਜਾਬ ਦਾ ਨਾਮ ਕੁੱਲ ਆਲਮ ਵਿਚ ਚਮਕਾਇਆ ਹੈ।

ਜਲੰਧਰ ਸ਼ਹਿਰ ਵਿਖੇ ਪਿਤਾ ਸੁਰੇਸ਼ ਅਤੇ ਮਾਤਾ ਰੇਨੂੰ ਹਾਂਡਾ ਦੇ ਘਰ 20 ਮਾਰਚ 1995 ਨੂੰ ਜਨਮੀਂ ਇਸ ਧੀਅ ਦਾ ਨਾਮ ਮਲਿਕਾ ਰੱਖਦਿਆਂ ਮਾਂ-ਬਾਪ ਨੇ ਆਪਣੇ ਦਿਲ ਦੇ ਸਾਰੇ ਖਜ਼ਾਨੇ ਖੋਲ੍ਹ ਦਿੱਤੇ ਹੋਣਗੇ ਕਿ ਸਾਡੀ ਧੀ ਰਾਣੀ ਦੀ ਜਿੰਦਗੀ ਵਿੱਚ ਕਿਸੇ ਤਰ੍ਹਾਂ ਦੀ ਕੋਈ ਕਮੀਂ ਨਾ ਰਹੇ। ਮਲਿਕਾ ਇੱਕ ਸਾਲ ਦੀ ਹੋਈ ਤਾਂ ਉਸਨੇ ਆਪਣੀ ਸੁਣਨ ਸ਼ਕਤੀ ਗੁਆ ਦਿੱਤੀ ਪਰ ਹੋਸ਼ ਸੰਭਾਲਦਿਆਂ ਮਲਿਕਾ ਹਾਂਡਾ ਨੇ ਆਪਣੇ ਨਾਮ ਦੇ ਅਰਥਾਂ ਨੂੰ ਅਮਲੀ ਜਮਾਂ ਪਹਿਨਾਉਣ ਲਈ ਰਾਤ ਦਿਨ ਇਕ ਕਰ ਦਿੱਤਾ। ਆਪਣਾਂ 18ਵਾਂ ਮਨਾਉਣ ਤੋਂ ਪਹਿਲਾਂ ਮਲਿਕਾ ਨੇ ਵਿਸ਼ਵ ਅਤੇ ਏਸ਼ੀਆਈ ਪੱਧਰ ‘ਤੇ ਸ਼ਤਰੰਜ ਖੇਡਦੇ ਹੋਏ ਸੋਨੇ ਅਤੇ ਚਾਂਦੀ ਦੇ 6 ਮੈਡਲ ਜਿੱਤ ਵਿਖਾਏ। ਗ੍ਰੈਜੂਏਸ਼ਨ ਕਰਨ ਦੇ ਨਾਲ ਨਾਲ਼ ਮਲਿਕਾ All Inida Sports Counicl of the Deaf ਵੱਲੋਂ ਕੌਮੀਂ ਪੱਧਰ ‘ਤੇ Best Sportsperson ਵੀ ਐਲਾਨੀ ਗਈ। ਮਲਿਕਾ ਹਾਂਡਾ ਨੇ Naitonal Chess Chamipons of the Deaf ਨੂੰ ਸੱਤ ਵਾਰ ਜਿੱਤ ਕੇ ਵਿਖਾਇਆ ਹੈ।

ਇਹਨਾਂ ਸਭ ਪ੍ਰਾਪਤੀਆਂ ਦੇ ਬਾਵਜੂਦ ਵੀ ਮਲਿਕਾ ਵੱਲੋਂ ਇਸ਼ਾਰਿਆਂ ਨਾਲ ਸਮਝਾਏ ਜਾ ਰਹੇ ਆਪਣੇ ਮਨੋ-ਭਾਵ ਆਪਣੀਆਂ ਉਂਗਲਾਂ ਨਾਲ ਜੇਤੂਆਂ ਵਾਲ਼ੀ ੜ ਬਨਾਉਣ ਦੀ ਬਜਾਏ ਬੁਰੀ ਤਰ੍ਹਾਂ ਹਾਰੀ ਹੰਭੀ ਹੋਈ ਖਿਡਾਰਨ ਵਜੋਂ ਵੇਖੇ ਜਾ ਸਕਦੇ ਹਨ। ਸ਼ਤਰੰਜ ਦੇ ਮੈਦਾਨ ਵਿੱਚ ਦੁਨੀਆਂ ਦੀ ਪਿੱਠ ਲਵਾਉਣ ਵਾਲ਼ੀ ਮਲਿਕਾ ਹਾਂਡਾ ਆਪਣੇ ਹੀ ਪੰਜਾਬ ਦੇ ਸਿਆਸਤਦਾਨਾਂ ਹੱਥੋਂ ਹਾਰ ਗਈ ਹੈ। ਹੱਥਾਂ ਦੇ ਇਸ਼ਾਰਿਆਂ ਅਤੇ ਕੂਕ ਕੂਕ ਕੇ ਪੱਥਰ ਰੁਆ ਦੇਣ ਵਾਲ਼ੀਆਂ ਭਾਵਨਾਵਾਂ ਪ੍ਰਗਟਾਅ ਰਹੀ ਮਲਿਕਾ ਹਾਂਡਾ ਆਖ ਰਹੀ ਹੈ ਕਿ ਚੰਗਾ ਹੋਇਆ ਮੈਂ ਬੋਲਣ ਅਤੇ ਸੁਣ ਸਕਣ ਤੋਂ ਅਸਮਰਥ ਹਾਂ ਕਿਉਂਕਿ ਇੱਥੇ ਸਾਡੇ ਵਰਗਿਆਂ ਨੂੰ ਸੁਣਨਾ ਜਾਂ ਸਮਝਣਾ ਚਹੁੰਦਾ ਹੀ ਕੌਣ ਹੈ?

31 ਦਸੰਬਰ ਦੀ ਰਾਤ ਨੂੰ ਜਦੋਂ ਸਾਰੀ ਦੁਨੀਆਂ ਇਕ ਦੂਜੇ ਨੂੰ ਇਹ ਸ਼ੁਭ-ਕਾਮਨਾਵਾਂ ਦਿੰਦੇ ਹੋਏ ਸੌਂ ਗਈ ਕਿ ‘ਨਵੇਂ ਵਰ੍ਹੇ ਦਾ ਚੜ੍ਹਦਾ ਸੂਰਜ ਆਪ ਸਭ ਨੂੰ ਮੰਜਿਲ ਪ੍ਰਾਪਤੀ ਵੱਲ ਲੈ ਜਾਵੇ’ ਉਸ ਦਿਨ ਮਲਿਕਾ ਹਾਂਡਾ ਪੰਜਾਬ ਦੇ ਹਾਕਮ ਧਿਰ ਵੱਲੋਂ ਵੱਡੀ ਹਾਰ ਪੱਲੇ ਪਵਾਕੇ ਘਰ ਪਰਤੀ। ਮਲਿਕਾ ਹਾਂਡਾ




ਦੀਆਂ ਜਿੱਤਾਂ ‘ਤੇ ਉਸ ਨਾਲ ਪੰਜਾਬ ਸਰਕਾਰ ਵੱਲੋਂ ਨਕਦ ਇਨਾਮ ਅਤੇ ਸਰਕਾਰੀ ਨੌਕਰੀ ਦੇਣ ਦੇ ਕੀਤੇ ‘ਪੱਕੇ ਵਾਅਦਿਆਂ’ ਤੇ ਆਧਾਰਤ ਸਰਕਾਰੀ ਦਫਤਰਾਂ ਵਿੱਚ ਪੰਜ ਸਾਲ ਠੋਕਰਾਂ ਖਾਣ ਉਪਰੰਤ ਜਦ ਮਲਿਕਾ ਨੇ ਸਰਕਾਰ ਦੇ ਦਰਬਾਰ ਦਾ ਬੂਹਾ ਖੜਕਾਇਆ ਤਾਂ ਅੱਗਿਓ ਠੋਕਵਾਂ ਜੁਵਾਬ ਮਿ਼ਲ ਗਿਆ ਕਿ ਅਸੀ ਤੁਹਾਨੂੰ ਕਿਸੇ ਤਰ੍ਹਾਂ ਦਾ ਨਕਦ ਇਨਾਮ ਜਾਂ ਸਰਕਾਰੀ ਨੌਕਰੀ ਨਹੀਂ ਦੇ ਸਕਦੇ ਕਿਉਂ ਕਿ ਸਾਡੇ ਕੋ਼ਲ ਤੁਹਾਡੇ ਵਰਗੇ ਦਿਵਿਆਂਗ ਖਿਡਾਰੀਆਂ ਲਈ ਕੋਈ ਵਿਧੀ-ਵਿਧਾਨ ਨਹੀਂ ਹੈ। ਆਪਣੇ ਟਵਿਟਰ ਹੈਂਡਲ ‘ਤੇ ਇੱਕ ਵੀਡੀਓ ਪਾ ਕੇ ਮਲਿਕਾ ਨੇ ਆਪਣਾ ਜੋ ਦਰਦ ਬਿਆਨ ਕੀਤਾ ਹੈ ਉਸ ਅਨੁਸਾਰ ਕੈਪਟਨ ਦੀ ਅਗਵਾਈ ਵਾ਼ਲੀ ਸਰਕਾਰ ਸਮੇਂ ਰਹੇ ਖੇਡ ਮੰਤਰੀ ਰਾਣਾ ਗੁਰਜੀਤ ਸਿੰਘ ਵੱਲ੍ਹੋਂ ਮਲਿਕਾ ਹਾਂਡਾ ਨੂੰ ਪੰਜਾਬ ਦਾ ਨਾਮ ਵਿਸ਼ਵ ਪੱਧਰ ‘ਤੇ ਰੌਸ਼ਨ ਕਰਨ ‘ਤੇ ਇਕ ਸਮਾਰੋਹ ਦੌਰਾਨ ਸਰਕਾਰੀ ਨੌਕਰੀ ਦੇਣ ਅਤੇ ਨਗਦ ਇਨਾਮ ਨਾ਼ਲ ਨਵਾਜ਼ਣ ਦਾ ਸੱਦਾ-ਪੱਤਰ ਦਿਤਾ ਗਿਆ। ਪ੍ਰੰਤੂ ਕੋਵਿਡ ਦੇ ਚਲਦਿਆਂ ਉਹ ਸਮਾਰੋਹ ਰੱਦ ਕਰ ਦਿੱਤਾ ਗਿਆ। ਬੀਤੇ ਵਰ੍ਹੇ ਸਿਆਸੀ ਘਟਨਾਕ੍ਰਮ ਦੌਰਾਨ ਜਦੋਂ ਪੰਜਾਬ ਸਰਕਾਰ ਦੀ ਅਗਵਾਈ ਨਵੀਂ ਧਿਰ ਨੇ ਕਰਨੀ ਸ਼ੁਰੂ ਕਰ ਦਿੱਤੀ ਤਾਂ ਬੜੀ ਮੁਸ਼ਕਲ ਨਾ਼ਲ ਮਲਿਕਾ ਦੇ ਪਰਿਵਾਰ ਨੇ ਮੌਜੂਦਾ ਖੇਡ ਮੰਤਰੀ ਤੱਕ ਪਹੁੰਚ ਕੀਤੀ ਗਈ। ਮੰਤਰੀ ਸਾਹਿਬ ਕਿਹਾ ਕਿ ਮਲਿਕਾ ਤੈਨੂੰ ਇੱਕ ਹਫਤੇ ਬਾਅਦ ਬਾਕੀ ਖਿਡਾਰੀਆਂ ਸਮੇਤ ਪਹਿਲ ‘ਤੇ ਅਧਾਰਿਤ ਨਕਦ ਇਨਾਮ ਅਤੇ ਬਣਦੇ ਮਾਣ-ਸਨਮਾਨ ਨਾਲ ਸਨਾਮਨਿਤ ਜਾਵੇਗਾ। ਹਫਤੇ ਬਾਅਦ ਇਹ ਸਨਮਾਨ ਸਮਾਰੋਹ ਹੋਇਆ। ਖਿਡਾਰੀ ਨਕਦ ਇਨਾਮ ਨਾ਼ਲ ਸਨਾਮਨੇ ਵੀ ਗਏ ਪ੍ਰੰਤੂ ਇਸ ਸਮਾਰੋਹ ਵਿੱਚ ਮਲਿਕਾ ਨੂੰ ਸੱਦਾ ਪੱਤਰ ਵੀ ਨਹੀ ਦਿੱਤਾ ਗਿਆ। ਮਲਿਕਾ ਦੀ ਮਾਤਾ ਨੇ ਦਾਅਵਾ ਕੀਤਾ ਹੈ ਉਪਰੋਕਿਤ ਵਾਅਦੇ ਦੀ ਉਨਾਂ ਕੋਲ ਵੀਡੀਓ ਰਿਕਾਡਿੰਗ ਵੀ ਹੈ। ਮਲਿਕਾ ਸਮੇਤ ਉਸਦੇ ਪਰਿਵਾਰ ਵੱਲੋਂ ਪੰਜਾਬ ਰਾਜ ਖੇਡ-ਮੰਤਰੀ ਪਦਮ-ਸ਼੍ਰੀ ਸ ਪਰਗਟ ਸਿੰਘ (ਸਾਬਕਾ ਹਾਕੀ ਕਪਤਾਨ) ‘ਤੇ ਦੋਸ਼ ਲਾਇਆ ਗਿਆ ਹੈ ਕਿ ਉਨ੍ਹਾਂ ਮਲਿਕਾ ਹਾਂਡਾ ਨੂੰ ਸਰਕਾਰੀ ਨੌਕਰੀ ਅਤੇ ਨਕਦ ਇਨਾਮ ਦੇਣ ਤੋਂ ਇਹ ਕਹਿੰਦੇ ਹੋਏ ਦੁਰਕਾਰ ਦਿੱਤਾ ਕਿ ਤੁਹਾਡੇ ਨਾ਼ਲ ਇਹ ਵਾਇਦਾ ਪਹਿਲੇ ਖੇਡ ਮੰਤਰੀ ਨੇ ਕੀਤਾ ਸੀ ਪਰ ਮੈਂ ਨਹੀਂ। ਮਲਿਕਾ ਹਾਂਡਾ ਨੇ ਆਪਣੀ ਇਹ ਵੀਡਿਓ ਟਵਿਟਰ ਰਾਹੀਂ ਮੁੱਖ ਮੰਤਰੀ ਸ ਚਰਨਜੀਤ ਸਿੰਘ ਚੰਨੀ, ਪੰਜਾਬ ਕਾਂਗਰਸ ਪ੍ਰਧਾਨ ਸ। ਨਵਜੋਤ ਸਿੰਘ ਸਿੱਧੂ ਅਤੇ ਕਾਂਗਰਸ ਸਾਂਸਦ ਸ਼੍ਰੀ ਰਾਹੁਲ ਗਾਂਧੀ ਨਾਲ ਵੀ ਸਾਂਝੀ ਕੀਤੀ ਹੈ। ਮਲਿਕਾ ਨੇ ਵੀਡੀਉ ਰਾਹੀਂ ਆਪਣੇ ਵੱਲੋਂ ਜਿੱਤੇ ਮੈਡਲ ਵਿਖਾ-ਵਿਖਾ ਕੇ ਦੁੱਖ ਦਾ ਪ੍ਰਗਟਿਆ ਕਿ ਜੇਕਰ ਪੰਜਾਬ ਸਰਕਾਰ ਸਾਡੇ ਵਰਗੇ ਲੋਕਾਂ ਨੂੰ ਬਣਦਾ ਮਾਣ-ਸਨਮਾਨ ਦੇਣ ਦੀ ਕੋਈ ਤਜ਼ਵੀਜ ਹੀ ਨਹੀਂ ਸੀ ਤਾਂ ਉਸਨੂੰ ਨਾਲ ਲਾਰਿਆਂ ਵਾਲੀ ਖੇਡ ਖੇਡਕੇ ਉਸਦੇ ਪੰਜ ਸਾਲ ਕਿਉਂ ਬਰਬਾਦ ਕਰ ਦਿੱਤੇ ਗਏ। ਮਲਿਕਾ ਦੀ ਮਾਂ ਨੇ ਵੀ ਸਪੱਸ਼ਟ ਕੀਤਾ ਮਲਿਕਾ ਇਸ਼ਾਰਿਆਂ ਨਾਲ ਇਹ ਵੀ ਕਹਿ ਰਹੀ ਹੈ ਕਿ ਜੇਕਰ ਪੰਜਾਬ ਵਿੱਚ ਉਸ ਵਰਗੇ ਖਿਡਾਰੀਂਆਂ ਦੀ ਇਹ ਹੀ ਇੱਜਤ ਹੈ ਤਾਂ ਅਸੀਂ ਪੰਜਾਬ ਵਿੱਚ ਰਹਿਣਾ ਹੀ ਕਿਉਂ ਹੈ? ਮਲਿਕਾ ਨਾਲ ਹੋਈ ਇਸ ਬੇ-ਇਨਸਾਫੀ ਨੂੰ ਕ੍ਰਿਕਟ ਖਿਡਾਰੀ ਹਰਭਜਨ ਸਿੰਘ ਨੇ ਵੀ ਸਰਕਾਰ ਦੇ ਕੰਨਾ ਤੱਕ ਪਹੁੰਚਾਣ ਦੀ ਪੂਰੀ ਕੋਸਿਸ਼ ਕੀਤੀ ਹੈ।



ਰਾਜ ਹੀਉਂ (ਬੰਗਾ)
91-98154-61875

ਮਲਿਕਾ ਹੁਣ ਦੁਬਾਰਾ ਉਲੰਪਿਕ ਖੇਡਣ ਲਈ ਤਿਆਰੀ ਕਰ ਰਹੀ ਸੀ ਪ੍ਰੰਤੂ ਆਣੀ ਇਸ ਖੱਜਲ-ਖੁਆਰੀ ਤੋਂ ਬਾਅਦ ਹੁਣ ਮਲਿਕਾ ਉਲੰਪਿਕ ਖੇਡਣ ਦਾ ਇਰਾਦਾ ਪੂਰੀ ਤਰ੍ਹਾਂ ਤਿਆਗ ਚੁੱਕੀ ਹੈ।

ਸ਼ੀਸ਼ਾ ਟੁੱਟਣ ਉਪਰੰਤ ਮੁੜ ਪਹਿਲਾਂ ਦੀ ਤਰ੍ਹਾਂ ਜੋੜ ਵਿਖਾਉਣ ਦੀ ਕਾਰਾਗਿਰੀ ਤਾਂ ਸ਼ਾਇਦ ਕੋਈ ਕਰ ਹੀ ਵਿਖਾਵੇ ਪ੍ਰੰਤੂ ਅਜਿਹੇ ਹਲਾਤਾਂ ਵਿੱਚ ਮਲਿਕਾ ਹਾਂਡਾ ਵਰਗੀ ਵਿਸ਼ੇਸ਼ ਖਿਡਾਰਨ ਦਾ ਦਿਲ ਜੇਕਰ ਟੁੱਟ ਦਾ ਹੈ ਤਾਂ ਇਸ ਜੋੜ ਸਕਣਾ ਤਾਂ ਨਾ-ਮੁਮਕਿਨ ਹੋ ਜਾਵੇਗਾ ਸਗੋਂ ਇਸ ਟੁੱਟੇ ਦਿਲ ਦੀਆਂ ਕਿਰਚਾਂ ਦੁਨੀਆਂ ਭਰ ਦੇ ਖਿਡਾਰੀਆਂ ਦੇ ਮਨੋਬੱਲ ਨੂੰ ਲਹੂ-ਲੁਹਾਨ ਕਰ ਦੇਣਗੀਆਂ।

ਮਲਿਕਾ ਬੋਲ ਨਾ ਸਕਣ ਦੇ ਬਾਵਜ਼ੂਦ ਵੀ ਆਪਣੀ ਆਵਾਜ਼ ਬੁਲੰਦ ਕਰਨ ਵਿੱਚ ਸਫ਼ਲ ਹੋ ਗਈ ਹੈ ਹੁਣ ਫੈਸਲਾ ਪੰਜਾਬ ਦੀ ਮੌਜੂਦਾ ਸਰਕਾਰ ਦੇ ਹੱਥ ਵਿੱਚ ਹੈ। ਕਿਉਂ ਸੁਣਨ ਅਤੇ ਬੋਲ ਸਕਣ ਤੋਂ ਅਸਮਰਥ ਇਹਨਾਂ ਲੋਕਾਂ ਪ੍ਰਤੀ ਆਪ ਅੱਖਾਂ-ਕੰਨ ਬੰਦ ਕਰ ਲੈਣੇ ਕਿਸੇ ਨੂੰ ਵੀ ਨਹੀਂ ਸ਼ੋਭਦਾ।



# ਮੂਲ ਭਾਰਤੀਆਂ ਦਾ ਸੱਤਾ ਦੇ ਤਬਾਦਲੇ ਵਿੱਚ ਯੋਗਦਾਨ






ਹਰਦੀਪ ਸਿੰਘ ਚੁੰਬਰ
91-94636-01616

ਭਾਰਤ ਦੀ ਅਜਾਦੀ ਦੀ ਲੜਾਈ ਦੀ ਸੁਰੂਆਤ ਪੂਰਬੀ ਭਾਰਤ ਦੇਰਾਜਾਂ ਦੇ ਆਦਿਵਾਸੀ ਕਬੀਲਿਆਂ ਨੇ ਸੁਰੂ ਕੀਤੀ ਸੀ। ਅੰਗਰੇਜਾਂ ਦੇ ਰਾਜ ਵਿੱਚ ਬੰਗਾਲ, ਬਿਹਾਰ, ਉਡੀਸਾ ਦੇ ਆਦਿਵਾਸੀ ਕਬੀਲੇ ਦੂਹਰੀ ਲੁੱਟ ਦਾ ਸ਼ਿਕਾਰ ਹੋ ਰਹੇ ਸਨ। ਆਦਿਵਾਸੀ ਲੋਕ ਭਾਰਤੀ ਸਾਮੰਤਾਂ, ਜਮੀਨਦਾਰਾਂ, ਸ਼ਾਹੂਕਾਰਾਂ ਅਤੇ ਹੋਰ ਉੱਚ ਜਾਤੀ ਦੇ ਲੋਕਾਂ ਦੀ ਦੂਹਰੀ ਲੁੱਟ ਦਾ ਸ਼ਿਕਾਰ ਪਹਿਲਾਂ ਤੋਂ ਹੀ ਆਦਿਵਾਸੀ ਹੁੰਦੇ ਆ ਰਹੇ ਸਨ। ਅੰਗਰੇਜ ਸਰਕਾਰ ਦੇ ਰਾਜ ਵਿੱਚ ਉਹਨਾ ਦੀ ਲੁੱਟ ਵਿੱਚ ਵਾਧਾ ਹੋਇਆ। ਖੇਤੀਬਾੜੀ ਕਰਦੇ ਇਹਨਾ ਕਬੀਲਿਆਂ ਤੋਂ ਮਨਭਾਉਂਦਾ ਲਗਾਨ ਅਤੇ ਮਨ ਭਾਉਂਦੀ ਫਸ਼ਲ ਉਗਵਾਈ ਜਾਣ ਲਗੀ। ਲਗਾਨ ਦੀ ਉਗਰਾਹੀ ਕਰਦੇ ਭਾਰਤੀ ਜਮੀਨਦਾਰ, ਸ਼ਾਹੂਕਾਰ ਅਤੇ ਸਾਮੰਤਾਂ ਨੇ ਵੀ ਇਹਨਾ ਖੇਤੀਹਰ ਕਬੀਲਿਆਂ ਉੱਤੇ ਬਹੁਤ ਵੱਡਾ ਲਗਾਨ ਦਾ ਬੋਝ ਪਾ ਦਿਤਾ। ਲਗਾਨ ਦੇ ਬੋਝ ਨਾਲ ਕਮਰ ਟੁੱਟਦੀ ਹੋਣ ਕਾਰਨ ਮੁੰਡਾ, ਮਾਂਝੀ ਅਤੇ ਹੇਰ ਕਬਲਿਆਂ ਨੇ ਅੰਗਰੇਜਾਂ ਖਿਲਾਫ ਹਥਿਆਰ ਚੁਕਣੇ ਸੁਰੂ ਕਰ ਦਿਤੇ ਸਨ।

ਹਜਾਰਾਂ ਸਾਲਾਂ ਦੇ ਭਾਰਤ ਦੀ ਹਿੰਦੂ ਸੰਸਕਿਰਤੀ ਦੇ ਨਾਲ ਯੁੱਗਾਂ ਯੁਗਾਂਤਰਾਂ ਤੋਂ ਗੁਲਾਮ ਹੀ ਨਹੀਂ ਮਨੁੱਖ ਨੂੰ ਜਾਨਵਰਾਂ ਨਾਲੋਂ ਵੀ ਵੱਧ ਦੁਰਕਾਰ, ਪੜਤਾੜਿਤ ਕਰਨ ਦੀ ਉਧਾਰਨ ਭਾਰਤ ਵਿੱਚ ਪੌਣੀ ਸਦੀ ਪਹਿਲਾਂ ਤਕ ਮੌਜੂਦ ਰਹੀ ਹੈ। ਭਾਰਤ ਦੇ ਉਹ ਹੀ ਅਖੌਤੀ ਸਵਰਣ ਸਮਾਜ ਵਾਲੇ ਆਪਣੇ ਲਈ ਅੰਗਰੇਜਾਂ ਤੋਂ ਅਜਾਦੀ ਮੰਗ ਕਰਨ ਲਗੇ ਜਦੋਂ ਕਿ ਉਹਨਾ ਨਾਲ ਤਾਂ ਮਨੁੱਖਾਂ ਵਾਲਾ ਵਿਵਹਾਰ ਅੰਗਰੇਜ ਕਰ ਹੀ ਰਹੇ ਸਨ, ਲੇਕਿਨ ਆਪ ਇਹ ਅਖੌਤੀ ਸਵਰਣ ਸਮਾਜ ਵਾਲੇ ਭਾਰਤੀ ਮੂਲ ਦੇ ਲੋਕਾਂ ਨਾਲ ਜਾਨਵਰਾਂ ਨਾਲੋਂ ਵੀ ਮਾੜਾ ਸਲੂਕ ਹਜਾਰਾਂ ਸਾਲਾ ਤੋਂ ਕਰਦੇ ਆ ਰਹੇ ਸਨ। ਉਹਨਾ ਨੇ ਭਾਰਤੀ ਮੂਲ ਦੇ ਲੋਕਾਂ ਨੂੰ ਅਛੂੱਤ ਬਣਾਕੇ ਜੀਵਨ ਦੇ ਹਰ ਪਹਿੱਲੂ ਤੋਂ ਬੇਦਖਲ ਕਰ ਰਖਿਆ ਸੀ। ਅਜਿਹੀ ਦੁਰਦਸ਼ਾ ਵਿੱਚ ਰਹਿੰਦੇ ਭਾਰਤ ਦੇ ਦਲਿਤਾਂ ਨੇ ਭਾਰਤ ਦੀ ਅਜਾਦੀ ਵਿੱਚ ਬਹੁਤ ਅਹਿਮ ਯੋਗਦਾਨ ਪਾਇਆ ਹੈ।

ਉਹਨਾ ਦੀਆਂ ਕੁਰਬਾਨੀਆਂ ਨੂੰ ਬਹੁਤ ਕਰਕੇ ਅਣਗੌਲਿਆਂ ਕੀਤਾ ਗਿਆ। 90% ਸ਼ਹੀਦੀਆਂ ਨੂੰ ਦਰਜ ਹੀ ਨਹੀਂ ਕੀਤਾ ਗਿਆ। ਜੋ ਦਰਜ ਵੀ ਸਨ ਉਹਨਾ ਨੂੰ ਵੀ ਭੁਲਾਉਣ ਦੇ ਕੰਮ ਕੀਤੇ ਗਏ। ਅਜਿਹੇ ਹਾਲਾਤ ਹੁੰਦਿਆਂ ਹੋਇਆਂ ਵੀ ਅਗਰ ਸਾਨੂੰ ਦਲਿਤਾਂ ਦੀਆਂ ਕੁਰਬਾਨੀਆਂ ਦੀ ਲੰਬੀ ਸੂੱਚੀ ਮਿਲ ਜਾਂਦੀ ਹੈ ਤਾਂ ਉਸ ਨੂੰ ਸੰਭਾਲ ਕੇ ਰਖਣ ਦਾ ਕਾਰਨ ਇਕ ਦਲਿਤ ਸਮਾਜ ਦੀ ਹਿੰਮਤ ਹੀ ਹੈ, ਜਦੋ ਕਿ ਹਰ ਪਹਿਲੂ ਉਤੇ ਉਹਨਾਂ ਨੂੰ ਅਣਦੇਖਿਆਂ ਹੀ ਕੀਤਾ ਗਿਆ ਹੋਵੇ। ਜਿਹੜਾ ਸਮਾਜ ਕਿਸੇ ਮਨੁੱਖ ਤੋਂ ਕੰਮ ਕਰਾਉਣ ਨੂੰ ਬਗਾਰ ਕਰਾਉਣ ਨੂੰ ਧਰਮ ਸਮਝਦਾ ਹੋਵੇ ਕੀ ਉਮੀਦ ਕੀਤੀ ਜਾ ਸਕਦੀ ਹੈ ਕਿ ਉਹ ਉਹਨਾ ਦੀਆਂ ਕੁਰਬਾਨੀਆਂ ਨੂੰ ਅਹਿਮੀਅਤ ਦੇਵੇਗਾ, ਜਾਂ ਉਸ ਦਾ ਰਿਕਾਰਡ ਸੰਭਾਲਕੇ ਰਖੇਗਾ। ਦਲਿਤਾਂ ਨੂੰ ਤਾਂ ਹਜਾਰਾਂ ਲੱਖਾਂ ਵਰਕੇ ਫਰੋਲਕੇ, ਕਿਤਾਬਾਂ ਵਿੱਚੋਂ ਕਿਧਰੇ ਜਾਣੇ ਅਣਜਣੇ ਜਾ ਬਹੁਤਾ ਕਰਕੇ ਸਵਰਣ ਸਮਾਜ ਦੀਆਂ ਆਪਣੀ ਵਾਹ ਵਾਹ ਲਈ ਲਿਖਤ ਸਹਿਤ ਵਿੱਚੋ ਇਕ- ਦੋ ਲਾਈਨਾ ਮਿਲ ਜਾਂਦੀਆਂ ਹਨ, ਦਲਿਤ ਸਮਾਜ ਉਸ ਨੂੰ ਸੰਜੋਣ ਪਰੋਣ ਵਿੱਚ ਲਗਾ ਹੋਇਆ ਹੈ। ਅਜੋਕੇ ਸਮੇਂ ਨੂੰ ਦਲਿਤ ਇਤਿਹਾਸ ਲਿਖਤਾਂ ਦਾ ਹੁਣ ਬਚਪਨ ਹੀ ਕਿਹਾ ਜਾ ਸਕਦਾ ਹੈ। ਇਹ ਦਲਿਤ ਚਿੰਤਕਾਂ ਲੇਖਿਕਾਂ ਦੀ ਅਥਾਹ ਕੋਸ਼ਿਸ਼ ਹੀ ਹੈ ਜੋ ਬਿਨਾ ਕਿਸੇ ਲਾਭ ਦੀ ਇੱਛਾ ਦੇ ਆਪਣਾ ਇਤਿਹਾਸ ਖੋਜ ਰਹੇ ਹਨ ਅਤੇ ਪ੍ਰਚਾਰ ਕਰ ਰਹੇ ਹਨ। ਬਹੁਤ ਵਾਰ ਅਖੌਤੀ ਉੱਚ ਵਰਗ ਦੁਆਰਾ ਅਕਸਰ ਇਹ ਪੁੱਛਿਆ ਜਾਂਦਾ ਹੈ ਕਿ ਦਲਿਤ ਨੇ ਸੁਤੰਤਰਤਾ ਸੰਗਰਾਮ ਵਿਚ ਕਿਹੜਾ ਯੋਗਦਾਨ ਪਾਇਆ ਹੈ, ਉਹ ਉੱਚ ਜਾਤੀ ਦੀਆਂ ਇਨਕਲਾਬੀਆਂ ਦੀਆਂ ਸੂਚੀ ਦਿਖਾ ਕੇ, ਉਹ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਉਨ੍ਹਾਂ ਨੇ ਆਜ਼ਾਦੀ ਦੀ ਲੜਾਈ ਲੜੀ ਅਤੇ ਬਾਕੀ ਅਛੂਤ ਦਲਿਤਾਂ ਨੇ ਕੁਝ ਨਹੀਂ ਕੀਤਾ। ਇਹ ਮਾਨਸਿਕਤਾ ਉਹ ਹੈ ਜੋ ਹਜ਼ਾਰਾਂ ਸਾਲਾਂ ਤੋਂ ਚਲ ਰਹੀ ਹੈ, ਮਾਨਸਿਕਤਾ ਦੇ ਕਾਰਨ, ਏਕਲਾਵਿਆ ਦੇ ਅੰਗੂਠੇ ਕੱਟਣ ਤੋਂ ਬਾਅਦ ਅਰਜੁਨ ਨੂੰ ਸਰਬੋਤਮ ਹੋਣ ਦਾ ਖਿਤਾਬ ਦਿੱਤਾ ਗਿਆ। ਹਰ ਕੋਈ ਜਾਣਦਾ ਹੈ ਕਿ ਆਜ਼ਾਦੀ ਦੀ ਲੜਾਈ 1857 ਵਿਚ ਮੰਗਲ ਪਾਂਡੇ ਨਾਲ ਸ਼ੁਰੂ ਹੋਈ ਸੀ। ਹਾਲਾਂਕਿ ਮੰਗਲ ਪਾਂਡੇ ਨੂੰ ਮਤਾਦਿਨ ਭੰਗੀ ਉਸ ਦਾ ਗਿਆਨ ਗੁਰੂ ਕਹਿਣਾ ਬਣਦਾ ਹੈ ਜਿਸ ਤੋਂ ਉਸ ਨੂੰਪ੍ਰੇਰਣਾਮਿਲੀ, ਨਹੀਂ ਸ਼ਾਇਦ ਪਾਂਡੇ ਸਾਰੀ ਉਮਰ ਬ੍ਰਿਟਿਸ਼ ਸਰਕਾਰ ਨੌਕਰੀ ਕਰਦੇ ਰਹਿੰਦੇ। ਮਤਾਦੀਨ ਭੰਗੀ ਨੂੰ ਇੱਕ ਅਛੂਤ ਹੋਣ ਦੇ ਵਜੋਂ- ਅਹਿਮੀਅਤ ਨਹੀ ਮਿਲੀ। ਉਸ ਦੀ ਜਿੰਦਗੀ ਵਿੱਚ ਕਿਸੇ ਨੇ ਝਾਤ ਮਾਰਨ ਦੀ ਕੋਸ਼ਿਸ ਨਹੀਂ ਕੀਤੀ। ਸੁਤੰਤਰਤਾ ਸੰਗਰਾਮ ਪੌਣੀ ਸਦੀ ਪਹਿਲਾਂ ਹੀ ਬਿਹਾਰ ਦੇ ਮੁੰਡਾ, ਮਾਂਝੀਆਂ ਅਤੇ ਹੋਰ ਬਹੁਤ ਸਾਰੇ ਕਬੀਲਿਆਂ ਨੇ ਸੁਰੂ ਕਰ ਦਿਤਾ ਸੀ। 1804 ਵਿੱਚ ਇਹ ਲੜਾਈ ਅਗੇ ਵਧਾਉਂਦੇ ਹੋਏ ਯੂਪੀ ਦੇ ਛਤਰੀ ਦੇ ਏਰੀਏ ਵਿੱਚ ਲੜੀ ਗਈ ਸੀ, ਇਹ ਪਰਮਵੀਰ ਯੋਧਾ ਦੁਆਰਾ ਜਿਸ ਨੇ ਛਤਰੀ ਦੇ ਨਵਾਬ ਦੇ ਵਲੋਂ ਅੰਗਰੇਜ਼ਾਂ ਨਾਲ ਲੜੀ ਗਈ। ਛਤਰੀ ਦੇ ਨਵਾਬ ਵਲੋਂ ਲੜਨ ਵਾਲਾ "ਊਧੇ ਚਮਾਰ" ਸੀ, ਜਿਸਨੇ ਸੈਂਕੜੇ ਬ੍ਰਿਟਿਸ਼ ਨੂੰ ਮਾਰਿਆ ਸੀ। ਅਲੀਗੜ ਦੇ ਆਸ ਪਾਸ ਦੇ ਇਲਾਕਿਆਂ ਵਿੱਚ ਅੱਜ ਉਸਦੀ ਬਹਾਦਰੀ ਦੀ ਚਰਚਾ ਹੁੰਦੀ ਰਹਿੰਦੀ ਹੈ। ਉਸਨੂੰ ਅੰਗਰੇਜ਼ਾਂ ਨੇ 1807 ਵਿੱਚ ਫਾਂਸੀ ਦਿੱਤੀ ਸੀ।




ਉਸ ਤੋਂ ਬਾਅਦ ਬਾਂਕੇ ਚਮਾਰ, ਬੰਕੇ ਜੌਨਪੁਰ ਜ਼ਿਲ੍ਹਾ ਮੱਛਲੀ ਤਹਿਸੀਲ ਆਉਂਦੀ ਹੈ ਤਹਿਸੀਲ ਦੇ ਪਿੰਡ ਕੁੰਵਰਪੁਰ ਦੇ ਵਸਨੀਕ ਸਨ, ਉਨ੍ਹਾਂ ਦੇ ਬਹੁਤ ਸਾਰੇ ਅੰਗਰੇਜ਼ੀ ਘਬਰਾਹਟ ਇਹ ਸੀ ਕਿ 1857 ਦੇ ਸਮੇਂ, ਬ੍ਰਿਟਿਸ਼ ਨੇ ਉਨ੍ਹਾਂ 'ਤੇ 50 ਹਜ਼ਾਰ ਦਾ ਇਨਾਮ ਰੱਖਿਆ ਸੀ। ਹੁਣ ਤੁਸੀਂ ਸੋਚਦੇ ਹੋ, ਜਦੋਂ "2 ਪੈਸੇ" ਦੇ ਮੁੱਲ ਨਾਲ ਬਲਦ ਨੂੰ ਖਰੀਦਿਆ ਜਾ ਸਕਦਾ ਸੀ, ਤਾਂ ਉਸ ਸਮੇਂ "50 ਹਜ਼ਾਰ" ਦਾ ਇਨਾਮ ਕਿੰਨਾ ਵੱਡਾ ਹੋਵੇਗਾ। ਵੀਰੰਗਾਣਾ ਝਲਕਾਰੀ ਬਾਈ ਨੂੰ ਕੌਣ ਨਹੀਂ ਜਾਣਦਾ? ਰਾਣੀ ਝਾਂਸੀ ਦੀ ਜਾਨ ਬਚਾਕੇ ਉਸਨੇ ਆਪਣੀ ਜਾਨ ਦਿੱਤੀ ਸੀ, ਉਹ ਐਸਸੀਕੋਰੀ ਜਾਤੀ ਦੇ ਸਨ। ਪਰ ਇੱਕ ਦਲਿਤ ਹੋਣ ਕਾਰਨ ਉਹਨਾਂ ਨੂੰ ਪਿਛਾਂਹ ਧੱਕਿਆ ਗਿਆ ਅਤੇ ਰਾਣੀ ਝਾਂਸੀ ਦੀ ਪ੍ਰਸ਼ੰਸਾ ਕੀਤੀ ਗਈ।

1857 ਵਿਚ, ਰਾਜਾ ਬੇਨੀ ਮਾਧਵ (ਖਲੀਲਾਬਾਦ) ਨੂੰ ਅੰਗਰੇਜ਼ਾਂ ਨੇ ਕੈਦ ਕਰ ਦਿੱਤਾ। ਅਛੂਤ ਵੀਰਾ ਪਾਸੀ ਉਹ ਸੀ ਜਿਸ ਨੇ ਉਨ੍ਹਾਂ ਨੂੰ ਛੁੱਡਾਇਆ ਜਦੋਂ ਉਨ੍ਹਾਂ ਨੇ ਬਚਾਇਆ! ਇਸ ਤੋਂ ਇਲਾਵਾ ਕੁਝ ਹੋਰ ਦਲਿਤ ਇਨਕਲਾਬੀਆਂ ਦਾ ਨਾਮ ਹੈ ਜੋ ਗੋਰਖਪੁਰ ਦੇ ਰਿਕਾਰਡ ਵਿਚ ਕਿਹੜੇ ਦਰਜ ਹਨ।

ਚੌਰਾ-ਚੌਰੀ ਘਟਨਾ ਆਜ਼ਾਦੀ ਸੰਗਰਾਮ ਵਿਚ ਇਕ ਮੀਲ ਪੱਥਰ ਹੈ, "ਰਾਮਾਪਤੀ ਚਮਾਰ" ਇਸ ਚੌਰਾ-ਚੌਰੀ ਘਟਨਾ ਦਾ ਨਾਇਕ ਸੀ ਉਸ ਦੀ ਸਰਪਸਤੀ ਵਿਚ ਹਜ਼ਾਰਾਂ ਦਲਿਤਾਂ ਦੀ ਭੀੜ ਨੇ ਚੌਰਾ-ਚੌਰੀ ਥਾਣੇ ਨੂੰ ਅੱਗ ਲਾ ਦਿੱਤੀ, ਜਿਸ ਕਾਰਨ 23 ਬ੍ਰਿਟਿਸ਼ ਫੌਜਾਂ ਦੀ ਮੌਤ ਹੋ ਗਈ। ਇਤਿਹਾਸਕਾਰ ਸ੍ਰੀ ਡੀਸੀ ਦਿਨਕਰ ਨੇ ਆਪਣੀ ਕਿਤਾਬ "ਆਜ਼ਾਦੀ ਸੰਘਰਸ਼" ਵਿਚ ਅਛੂਤਾਂ ਦੇ ਯੋਗਦਾਨ ਦਾ ਜ਼ਿਕਰ ਕੀਤਾ ਹੈ। ਬ੍ਰਿਟਿਸ਼ ਨੇ ਇਸ ਮਾਮਲੇ ਵਿਚ ਕਈ ਸੌ ਦਲਿਤਾਂ ਨੂੰ ਗ੍ਰਿਫਤਾਰ ਕੀਤਾ ਸੀ। ਜਿਹਨਾ ਵਿੱਚੋਂ 228 ਦਲਿਤਾਂ ਤੇ ਸੈਸ਼ਨ ਦੇ ਹਵਾਲੇ ਕਰ ਦਿੱਤਾ ਅਤੇ ਮੁਕੱਦਮਾ ਚਲਾਇਆ ਹੇਠਲੀ ਅਦਾਲਤ ਨੇ 172 ਦਲਿਤਾਂ ਨੂੰ ਫਾਂਸੀ ਦੀ ਸਜਾ ਸੁਣਾਈ ਗਈ। ਇਸ ਫੈਸਲੇ ਨੂੰ ਉੱਚ ਅਦਾਲਤ ਵਿੱਚ ਅਪੀਲ ਕੀਤੀ ਗਈ, ਅੱਪਰ ਕੋਰਟ ਨੇ 19 ਨੂੰ ਫਾਂਸ਼ੀ, 14 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ, ਬਾਕੀਆਂ ਨੂੰ ਅੱਠ ਤੋਂ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ ਗਈ। 2 ਜੁਲਾਈ 1923 ਨੂੰ ਚੌਰਾ-ਚੌਰੀ ਕਾਂਡ ਦੇ ਨਾਇਕ ਰਾਮਾਪਤੀ ਨੂੰ 18 ਹੋਰ ਦਲਿਤਾਂ ਸਮੇਤ ਫਾਂਸੀ ਦੇ ਦਿੱਤੀ ਗਈ ਸੀ। ਚੌਰਾ-ਚੌਰੀ ਕਾਂਡ ਵਿੱਚ ਇਨਕਲਾਬੀਆਂ ਨੂੰ ਫਾਂਸੀ ਦਿੱਤੀ ਗਈ ਅਤੇ ਜੇਲ੍ਹ ਦੀ ਸਜ਼ਾ ਸੁਣਾਈ ਗਈ ਦਲਿਤਾਂ ਦੇ ਨਾਮ ਸਨ-

1- ਸੰਪਤੀ ਚਮਾਰ - ਥਾਣਾ - ਚੌੜਾ, ਗੋਰਖਪੁਰ, ਅਧੀਨ ਧਾਰਾ 302 ਤਹਿਤ 1923 ਵਿਚ ਫਾਂਸੀ ਦਿੱਤੀ ਗਈ,
2- ਅਯੁੱਧਿਆ ਪ੍ਰਸਾਦ ਪੁੱਤਰ ਮਹਿੰਗਾ ਪਾਸੀ - ਪਿੰਡ - ਮੋਤੀ ਪਕੜ, ਜ਼ਿਲ੍ਹਾ। ਚੌਰਾ, ਗੋਰਖਪੁਰ, ਨੂੰ ਸਜਾ
3- ਕੱਲੂ ਚਮਾਰ ਪੁੱਤਰ ਸੁਮਨ - ਪਿੰਡ ਗੋਗਰਾ, ਥਾਣਾ-ਜਗਾਹਾ ਗੋਰਖਪੁਰ, ਸਜਾ - 8 ਸਾਲ ਦੀ ਕੈਦ
4- ਗਰੀਬ ਦਾਸ, ਬੇਟਾ ਮਹਿੰਗਾ ਪਾਸੀ - ਧਾਰਾ 302 ਅਧੀਨ ਸਜ਼ਾ ਉਮਰ ਕੈਦ
5- ਨੋਹਰਦਾਸ, ਪੁਤ੍ਰ ਡੇਵਿਡਿਨ - ਪਿੰਡ - ਰੇਬਤੀ ਬਾਜ਼ਾਰ, ਥਾਣਾ ਚੌੜਾ-ਚੌਰੀ, ਗੋਰਖਪੁਰ, ਉਮਰ ਕੈਦ
6-ਸ਼੍ਰੀ ਫਲਾਈ, ਪੁੱਤਰ ਘਾਸੀ ਪ੍ਰਸਾਦ- ਪਿੰਡ- ਥਾਣਾ ਚੌੜਾ-ਚੌਰੀ, 8 ਸਖਤ ਕੈਦ ਦਾ ਸਾਲ,
7- ਬਿਰਜਾ ਪੁੱਤਰ ਧਵਲ ਚਮਾਰ - ਪਿੰਡ - ਡੁਮਰੀ, ਥਾਣਾ ਚੌੜਾ, ਧਾਰਾ 302 ਅਧੀਨ 1924 ਵਿਚ ਉਮਰ ਕੈਦ
8- ਸ੍ਰੀ। ਮੇਧਾਈ, ਪੁੱਤਰ ਬੁਧੈ- ਥਾਣਾ ਚੌੜਾ, ਗੋਰਖਪੁਰ, ਉਮਰ ਕੈਦ...।

ਇਸ ਤੋਂ ਇਲਾਵਾ, ਹਜ਼ਾਰਾਂ ਦਲਿਤ ਹਨ ਜਿਨ੍ਹਾਂ ਨੇ 1942 ਦੇ ਭਾਰਤ ਛੱਡੋ ਅੰਦੋਲਨ ਵਿਚ ਸ਼ਹੀਦ ਹੋਏਜਿਨ੍ਹਾਂ ਵਿਚੋਂ ਕੁਝ ਪ੍ਰਮੁੱਖ ਹਨ -

1-ਮੇਨਕੂਲਲ, ਪੁੱਤਰ ਪਨਾ ਲਾਲ, ਜ਼ਿਲ੍ਹਾ ਸੀਤਾ ਪੁਰ ਇਹ ਬਹਾਦਰ ਦਲਿਤ 1932 ਦੇ ਮੋਤੀ ਬਾਗ ਵਿਚ ਸ਼ਹੀਦ ਹੋਇਆ ਸੀ।
2- ਸ਼ਿਵਦਾਨ, ਪੁੱਤਰ ਦੂਬਰ - ਨਿਵਾਸੀ ਪਿੰਡ - ਪਹਾਦੀਪੁਰ, ਮਧੂਬਨ ਆਜ਼ਮਗੜ੍ਹ, ਇਸਨੇ 15 ਅਗਸਤ 1942 ਨੂੰ ਮਧੂਬਨ ਥਾਣੇ ਵਿਚ ਸਵੇਰੇ 10 ਵਜੇ ਅੰਗਰੇਜ਼ਾਂ ਨੇ ਭੜਾਸ ਕੱਢੀ ਅਤੇ ਅੰਗਰੇਜ਼ਾਂ ਨੇ ਉਸ ਨੂੰ ਸ਼ਹੀਦ ਕਰ ਦਿੱਤਾ।

ਇਸ ਤੋਂ ਇਲਾਵਾ, ਦਲਿਤ ਅਮਰ ਸ਼ਹੀਦਾਂ ਦਾ ਭਾਰਤ ਸ਼ਿਲਾਲੇਖ ਤੋਂ ਪ੍ਰਾਪਤ ਹੋਇਆ ਜਾਣ-ਪਛਾਣ ਬਿਹਾਰ ਪ੍ਰਾਂਤ ਤੋਂ ਮੁੰਡਾ, ਮਾਲਦੇਵ, ਸੰਥੇ, ਸਿਨਾਰਾਮ, ਸੁਖਰਾਮ, ਸਾਵਰਾਉ, ਆਦਿ ਵੀ ਸ਼ਹੀਦਾਂ ਦੀ ਕਤਾਰ ਵਿੱਚ ਸ਼ਾਮਲ ਹਨ।

ਆਂਧਰਾ ਪ੍ਰਦੇਸ਼ ਤੋਂ 100 ਤੋਂ ਵੱਧ ਦਲਿਤ ਆਗੂ ਅਤੇ ਕਾਰਕੁਨ ਕੈਦੀ ਦਰਜ ਹਨ। ਬੰਗਾਲ ਦੇ 45 ਦਲਿਤ ਨੇਤਾਵਾਂ ਨੇ ਆਜ਼ਾਦੀ ਸੰਗਰਾਮ ਵਿੱਚ ਕੁਰਬਾਨੀਆਂ ਦਿੱਤੀਆ। ਦੇਸ਼ ਦੇ ਹੋਰ ਰਾਜਾਂ ਵਿਚ ਵੀ ਦਲਿਤਾਂ ਨੇ ਆਜ਼ਾਦੀ ਸੰਗਰਾਮ ਵਿਚ ਹਿੱਸਾ ਲਿਆ ਉਸਨੇ ਆਪਣੀ ਕੁਰਬਾਨੀ ਦਿੱਤੀ।

ਸਭ ਤੋਂ ਮਹੱਤਵਪੂਰਣ ਨਾਮ, ਦਲਿਤ "ਸ਼ਹੀਦ "ਊਧਮ ਸਿੰਘ" ਦਾ ਨਾਮ ਸੁਣਦਿਆਂ ਹੀ ਜਿਸਨੇ ਜਲਿਆਂਵਾਲਾ ਬਾਗ ਦਾਬਦਲਾ ਲਿਆ ਅਤੇ ਲੰਡਨ ਦੇ ਮਾਈਕਲ ਐਡੇਵਿਰ 'ਤੇ ਗੋਲੀ ਮਾਰ ਦਿੱਤੀ। ਅੰਗਰੇਜ਼ਾਂ ਵਿਚ ਡਰ ਦੀ ਲਹਿਰ ਸੀ। ਇਹ ਸਾਰੇ ਦਲਿਤ "ਆਜ਼ਾਦੀ ਘੁਲਾਟੀਆਂ" ਅਤੇ ਹਜ਼ਾਰਾਂ ਅਜਿਹੇ ਅਣਪਛਾਤੇ ਸ਼ਹੀਦ ਜੋ 'ਦਲਿਤ' ਹੋਣ ਕਰਕੇ ਕਦੇ ਵੀ ਮੁੱਖ ਲਾਈਨ ਵਿੱਚ ਨਹੀਂ ਆ ਸਕੇ ਸਨ ਸਿਰਫ ਉੱਚ ਜਾਤੀ ਹੀ ਦੇਸ਼ ਨੂੰ ਵੇਖ ਸਕਦੀ ਹੈ।

ਭਾਰਤ ਨੂੰ ਮਹਾਨ ਬਨਾਉਣ ਲਈ ਮਾਨਵ ਹਿਤ ਸਮਾਜ ਸਿਰਜਣਆ ਲਈ ਮਹਾਨ ਰਹਿਬਰਾਂ ਨੇ ਕਿਹਾ ਸੀ!!

1 "ਸ਼ੂਦਰਾਂ, ਅਤੀਸ਼ੂਦਰਾਂ (ਮੂਲ ਦੇ ਬਹੁਜਨ) ਨੂੰ ਆਪਣੇ ਆਪ ਨੂੰ ਬ੍ਰਾਹਮਣਾਂ ਦੀ ਗੁਲਾਮੀ ਤੋਂ ਮੁਕਤ ਕਰਨ ਲਈ ਜਲਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਜਿੰਨਾ ਚਿਰ ਬ੍ਰਿਟਿਸ਼ ਭਾਰਤ ਵਿੱਚ ਹਨ, ਅਵਸਰ ਹਨ।" - ਰਾਸ਼ਟਰ ਪਿਤਾ ਮਹਾਤਮਾ ਜੋਤੀਰਾਓ ਫੁਲੇ (ਗੁਲਾਮਗਿਰੀ)

2 "ਤੁਸੀਂ ਬ੍ਰਾਹਮਣ ਮੇਰੇ ਵਰਗੇ ਰਾਜੇ ਨੂੰ ਇਹ ਨਹੀਂ ਸੋਚਣ ਦਿੰਦੇ ਕਿ ਮੇਰੇ ਲੋਕਾਂ ਦਾ ਕੀ ਬਣੇਗਾ ਜੇ ਤੁਸੀਂ ਅਜ਼ਾਦੀ ਪ੍ਰਾਪਤ ਕਰੋਗੇ?"- ਲੋਕਾਰਾਜੇ ਰਾਜਸ਼੍ਰੀ ਛਤਰ-ਪਤੀ ਸ਼ਾਹੂ ਮਹਾਰਾਜ (ਤਿਲਕ ਦਾ ਜਵਾਬ)

3 "ਜਿਸ ਦੇ ਬੋਲ ਅਸੀਂ ਗੁਲਾਮੀ ਵਿੱਚ ਸਹਿਣ ਨਹੀਂ ਕਰਦੇ, ਸਾਨੂੰ ਉਨ੍ਹਾਂ ਨੂੰ ਆਜ਼ਾਦੀ ਵਿੱਚ ਖਾਣਾ ਪਵੇਗਾ।"- ਬਾਬਾ ਸਾਹਿਬ ਡਾ ਅੰਬੇਡਕਰ (ਬਾਹਿਸ਼ਕ੍ਰਿਤ ਭਾਰਤ)

4 "ਜੇ ਗਾਂਧੀ ਜੀ ਦਾ ਅੰਦੋਲਨ ਚੋਣ ਕਮਿਸ਼ਨ ਵਾਂਗ ਜਾਰੀ ਰਿਹਾ ਤਾਂ ਬ੍ਰਾਹਮਣਵਾਦ ਦਾ ਰਾਜ ਇਸ ਦੇਸ਼ ਵਿੱਚ ਆਵੇਗਾ, ਲੋਕਤੰਤਰ ਨਹੀਂ ਹੋਵੇਗਾ।" - ਪਾਰੀਅਰ ਰਾਮਾਸਾਮੀ ਨਾਈਕਰ(ਇਰੂਡ ਪ੍ਰੈਸ ਕਾਨਫਰੰਸ, ਕਾਂਗਰਸ ਤੋਂ ਅਸਤੀਫਾ ਦੇਣ ਤੋਂ ਬਾਅਦ)

5 "ਇਹ ਆਜ਼ਾਦੀ ਝੂਠੀ ਹੈ, ਦੇਸ਼ ਦੇ ਲੋਕ ਭੁੱਖੇ ਹਨ।" - ਅੰਨਾ ਭਾਉ ਸਾਠੇ(14 ਅਗਸਤ, 1979, ਅਜ਼ਾਦ ਮੈਦਾਨ, 60 ਹਜ਼ਾਰ ਲੋਕਾਂ ਦੇ ਮੋਰਚੇ ਨੂੰ ਸੰਬੋਧਿਤ ਕਰਦੇ ਹੋਏ)

ਬਹੁਤ ਸਾਰੇ ਮਹਾਂਪੁਰਸ਼ਾਂ ਨੇ ਅਜ਼ਾਦੀ ਦੇ ਅੰਦੋਲਨ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਹੁਣ ਸਵਾਲ ਇਹ ਹੈ ਕਿ ਕੀ ਕਾਂਗਰਸ ਦੁਆਰਾ ਚਲਾਈ ਗਈ ਅਜ਼ਾਦੀ ਦੀ ਲਹਿਰ ਸਾਰੇ ਲੋਕਾਂ ਦੀ ਆਜ਼ਾਦੀ ਦੀ ਲਹਿਰ ਸੀ?

ਮਹਾਂ ਪੁਰਸ਼ ਪਾਰੀਅਰ ਰਾਮਾਸਾਮੀ ਨਾਈਕਰ ਦਾ ਕਹਿਣਾ ਸੀ ਕਿ ਕਾਂਗਰਸ ਦੁਆਰਾ ਚਲਾਈ ਗਈ ਭਾਰਤ ਦੀ ਆਜ਼ਾਦੀ ਦੀ ਲਹਿਰ ਨਹੀਂ ਸੀ, ਇਹ ਸਿਰਫ ਬ੍ਰਾਹਮਣਾਂ ਦੀ ਬ੍ਰਿਟਿਸ਼ ਤੋਂ ਸੱਤਾ ਹਾਸ਼ਲ ਕਰ ਲੈਣ ਦੀ ਲਹਿਰ ਸੀ, ਸਮੁੱਚੇ ਸਮਾਜ ਨੂੰ ਇਸ ਦਾ ਲਾਭ ਹੋਣ ਵਾਲਾ ਨਹੀਂ ਸੀ। ਮੁਸਲਮਲੀਗ ਇਸ ਤੋ ਭਲ ਭਾਂਤ ਜਾਣੂ ਸੀ ਉਹਨਾ ਸੱਤਾ ਵਿੱਚ ਹਿੱਸੇਦਾਰੀ ਨਾ ਮਿਲਦੀ ਦੇਖ ਵਖਰਾ ਦੇਸ਼ ਬਨਾਉਣ ਨੂੰ ਤਰਜੀਹ ਦਿੱਤੀ। ਭਾਰਤ ਨੂੰ ਪਿਆਰ ਕਰਨ ਵਾਲੇ ਅਜਿਹੀ ਸੱਤਾ ਲਈ ਦੇਸ਼ ਦੇ ਟੁਕੜ ਕਰਨ ਵਾਲੀ ਲੜਾਈ ਦਾ ਹਿੱਸਾ ਨਹੀਂ ਸਨ। ਇਸੇ ਕਾਰ ਉਹ ਬਹੁਤੇ ਲੋਕ ਅੰਗਰੇਜ਼ਾਂ ਵਿਰੁੱਧ ਅਜ਼ਾਦੀ ਦੀ ਲਹਿਰ ਵਿਚ ਸ਼ਾਮਲ ਨਹੀਂ ਹੋਏ, ਬਲਕਿ ਉਹ ਆਪਣੀ ਵੱਖਰੀ ਲਹਿਰ ਚਲਾ ਰਹੇ ਸਨ।

**ਮਦਾਰੀ ਪਾਸੀ: -** ਮਦਾਰੀ ਪਾਸੀ ਦਾ ਜਨਮ 1860 ਵਿੱਚ ਉੱਤਰ ਪ੍ਰਦੇਸ਼ ਦੇ ਹਰਦੋਈ ਤਹਿਸੀਲ ਸੰਦੀਲਾ ਜ਼ਿਲ੍ਹੇ ਦੇ ਪਿੰਡ ਮੋਹਨਖੇੜਾ ਵਿੱਚ ਹੋਇਆ ਸੀ। 60 ਸਾਲ ਦੀ ਉਮਰ ਵਿੱਚ, ਮਦਾਰੀ ਪਾਸੀ ਨੇ ਕਿਸਾਨੀ ਅਤੇ ਦੱਬੇ-ਕੁਚਲੇ ਲੋਕਾਂ ਦੀ ਆਵਾਜ਼ ਬੁਲੰਦ ਕਰਨ ਲਈ ਇੱਕ ਅੰਦੋਲਨ ਦੀ ਸ਼ੁਰੂਆਤ ਕੀਤੀ। ਕਾਮਨਾਥ ਨੇ 'ਕਾਲ ਕਥਾ' ਨਾਂ ਦਾ ਨਾਵਲ ਲਿਖਿਆ ਹੈ।

ਅਵਧ ਕਿਸਾਨੀ ਲਹਿਰ ਦੇ ਨਾਇਕਾਂ ਵਿਚੋਂ, ਮਦਾਰੀ ਪਾਸੀ ਇਕ ਗਰੀਬ ਅਤੇ ਹਾਸ਼ੀਏ ਵਾਲੇ ਸਮਾਜ ਦਾ ਨਾਇਕ ਹੈ। ਉਸਨੇ ਗਰੀਬ ਕਿਸਾਨਾਂ, ਲਗਾਨ ਅਤੇ ਬਹੁਤ ਸਾਰੇ ਗੈਰ ਕਾਨੂੰਨੀ ਟੈਕਸਾਂ ਨੂੰ ਬੰਦ ਕਰਨ ਲਈ ਇੱਕ ਸੰਗਠਿਤ ਅਤੇ ਵਿਦਰੋਹੀ ਲਹਿਰ ਬਣਾਈ। ਜਦੋਂ 1921 ਦੇ ਅੱਧ ਵਿਚ ਦੱਖਣੀ ਅਵਧ ਸੂਬੇ ਦੀ ਕਿਸਾਨੀ ਲਹਿਰ ਨੂੰ ਸਰਕਾਰ ਅਤੇ ਜ਼ਿਮੀਂਦਾਰਾਂ ਦੇ ਵਹਿਸ਼ੀ ਦਮਨ ਕਾਰਨ ਦੱਬ ਦਿੱਤਾ ਗਿਆ। ਅਤੇ ਅਸਹਿਯੋਗ ਨੂੰ ਅੰਦੋਲਨਕਾਰੀਆਂ ਨੇ ਨਿਗਲ ਲਿਆ, ਉਸੇ ਸਮੇਂ, 1921 ਦੇ ਅਖੀਰ ਵਿਚ ਅਤੇ 1922 ਦੇ ਅਰੰਭ ਵਿਚ, ਮਦਾਰੀ ਪਾਸੀ ਦੀ 'ਏਕਾ ਅੰਦੋਲਨ' ਹਰਦੋਈ ਜ਼ਿਲ੍ਹੇ ਦੇ ਉੱਤਰੀ ਜ਼ਿਲ੍ਹਿਆਂ ਅਤੇ ਅਵਧ ਦੇ ਪੱਛਮੀ ਜ਼ਿਲ੍ਹਿਆਂ ਵਿਚ ਨਿਗਰਾਨੀ ਵਿੱਚ ਅਰੰਭ ਹੋਈ। ਮਹਿੰਗੂ ਰਾਮ: - ਮਹਿੰਗੂਰਾਮ ਦੇ ਇਤਿਹਾਸ ਨੂੰ ਕੌਣ ਨਹੀਂ ਜਾਣਦਾ ਸੀ, ਪਰ 1942 ਦੀ ਅਗਸਤ ਇਨਕਲਾਬ ਦਾ ਬਹੁਜਨ ਨਾਇਕ ਮਹਿੰਗੂਰਾਮ ਬਲਦ ਦੀ ਗੱਡੀਆ ਦਾ ਮਾਮੂਲੀ ਕਾਰੀਗਰ ਸੀ, ਮਹਿੰਗੂ ਰਾਮ ਅਗਸਤ ਦੇ ਇਨਕਲਾਬ ਸਮੇਂ ਅੰਗਰੇਜ਼ਾਂ ਦੁਆਰਾ ਜਗਦੀਸ਼ ਪ੍ਰਸਾਦ ਨੂੰ ਮਾਰਨ ਦੇ ਗੁੱਸੇ ਵਿੱਚ ਸੀ। 14 ਅਗਸਤ 1942 ਨੂੰ ਬ੍ਰਿਟਿਸ਼ ਨੇ ਮਹਿੰਗੂ ਰਾਮ ਨੂੰ ਸਿਪਾਹੀ ਨੂੰ

**(ਬਾਕੀ ਅਗਲੇ ਸਫੇ 'ਤੇ)**





# ਉੱਤਰ ਪ੍ਰਦੇਸ਼, ਪੰਜਾਬ, ਗੋਆ, ਉੱਤਰਾ ਖੰਡ ਅਤੇ ਮਨੀਪੁਰ ਵਿਧਾਨ ਸਭਾ ਚੋਣਾਂ ਦੀਆਂ ਤਰੀਕਾਂ ਦਾ ਐਲਾਨ

ਭਾਰਤ ਦੇ ਚੋਣ ਕਮਿਸ਼ਨ ਨੇ ਸ਼ਨੀਵਾਰ ਨੂੰ ਪੰਜ ਰਾਜਾਂ - ਉੱਤਰ ਪ੍ਰਦੇਸ਼, ਉੱਤਰਾਖੰਡ, ਗੋਆ, ਪੰਜਾਬ ਅਤੇ ਮਨੀਪੁਰ ਵਿੱਚ ਵਿਧਾਨ ਸਭਾ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕੀਤਾ। ਜਦੋਂ ਕਿ ਮੌਜੂਦਾ ਉੱਤਰ ਪ੍ਰਦੇਸ਼ ਵਿਧਾਨ ਸਭਾ ਦਾ ਕਾਰਜਕਾਲ ਮਈ ਵਿੱਚ ਖਤਮ ਹੋ ਰਿਹਾ ਹੈ, ਬਾਕੀ ਚਾਰ ਵਿਧਾਨ ਸਭਾਵਾਂ ਦਾ ਕਾਰਜਕਾਲ ਮਾਰਚ ਵਿੱਚ ਵੱਖ-ਵੱਖ ਮਿਤੀਆਂ ਨੂੰ ਖਤਮ ਹੋ ਰਿਹਾ ਹੈ।

ਮੁੱਖ ਚੋਣ ਕਮਿਸ਼ਨਰ ਸੁਸ਼ੀਲ ਚੰਦਰਾ ਨੇ ਕਿਹਾ ਕਿ ਕੋਵਿਡ-ਸੁਰੱਖਿਅਤ ਚੋਣ, ਮੁਸ਼ਕਲ ਰਹਿਤ ਵੋਟਰ ਅਨੁਭਵ ਅਤੇ ਵੱਧ ਤੋਂ ਵੱਧ ਵੋਟਰਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਮੁੱਢਲੀਆਂ ਤਿਆਰੀਆਂ ਕੀਤੀਆਂ ਗਈਆਂ ਸਨ। ਕਮਿਸ਼ਨ ਨੇ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਚੋਣਾਂ ਵਾਲੇ ਰਾਜਾਂ ਦਾ ਦੌਰਾ ਕੀਤਾ ਅਤੇ ਕੋਵਿਡ ਮੁਕਤ ਚੋਣਾਂ ਨੂੰ ਯਕੀਨੀ ਬਣਾਉਣ ਲਈ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ, "ਅਸੀਂ ਉਨ੍ਹਾਂ ਰਾਜਾਂ ਦੇ ਸਿਹਤ ਅਧਿਕਾਰੀਆਂ ਨਾਲ ਵੀ ਮੀਟਿੰਗਾਂ ਕੀਤੀਆਂ ਹਨ ਜਿੱਥੇ ਚੋਣਾਂ ਹੋਣ ਜਾ ਰਹੀਆਂ ਹਨ।



ਅੱਜ ਚੋਣ ਕਮਿਸ਼ਨ ਦੀ ਪ੍ਰੈਸ ਕਾਨਫਰੰਸ ਦੇ ਮੁੱਖ ਅੰਸ਼ ਇਹ ਹਨ:

- ਪੰਜ ਰਾਜਾਂ ਵਿੱਚ ਸਾਰੀਆਂ ਚੋਣਾਂ ਸੱਤ ਪੜਾਵਾਂ ਵਿੱਚ ਪੂਰੀਆਂ ਹੋਣਗੀਆਂ।
- ਨੋਟੀਫਿਕੇਸ਼ਨ ਜਾਰੀ ਕਰਨ ਦੀ ਪਹਿਲੀ ਮਿਤੀ 14 ਜਨਵਰੀ ਨੂੰ ਉੱਤਰ ਪ੍ਰਦੇਸ਼ ਵਿੱਚ ਸ਼ੁਰੂ ਹੋਵੇਗੀ। ਸੂਬੇ 'ਚ ਪਹਿਲੇ ਪੜਾਅ ਲਈ 10 ਫਰਵਰੀ ਨੂੰ ਵੋਟਾਂ ਪੈਣਗੀਆਂ।
- ਪੰਜਾਬ, ਉੱਤਰਾਖੰਡ ਅਤੇ ਗੋਆ ਵਿੱਚ 14 ਫਰਵਰੀ ਨੂੰ ਇੱਕ ਪੜਾਅ ਵਿੱਚ ਵੋਟਾਂ ਪੈਣਗੀਆਂ। ਨੋਟੀਫਿਕੇਸ਼ਨ 21 ਜਨਵਰੀ ਨੂੰ ਜਾਰੀ ਹੋਵੇਗਾ। ਯੂਪੀ ਦੀਆਂ ਚੋਣਾਂ ਵੀ ਦੂਜੇ ਪੜਾਅ ਲਈ 14 ਫਰਵਰੀ ਨੂੰ ਜਾਰੀ ਰਹਿਣਗੀਆਂ।
- 20 ਫਰਵਰੀ ਨੂੰ ਯੂਪੀ ਚੋਣਾਂ ਦੇ ਤੀਜੇ ਪੜਾਅ ਦੀਆਂ ਵੋਟਾਂ ਪੈਣਗੀਆਂ।
- ਯੂਪੀ ਚੋਣਾਂ ਦੇ ਚੌਥੇ ਪੜਾਅ ਦੀਆਂ ਚੋਣਾਂ 23 ਫਰਵਰੀ ਨੂੰ ਹੋਣਗੀਆਂ।
- ਮਨੀਪੁਰ ਵਿੱਚ ਦੋ ਪੜਾਵਾਂ ਵਿੱਚ ਵੋਟਾਂ ਪੈਣਗੀਆਂ। ਪਹਿਲਾ ਗੇੜ 27 ਫਰਵਰੀ ਨੂੰ।ਉੱਤਰ ਪ੍ਰਦੇਸ਼ ਲਈ ਉਸੇ ਦਿਨ ਪੰਜਵੇਂ ਗੇੜ ਦੀ ਵੋਟਿੰਗ।
- ਮਣੀਪੁਰ 3 ਮਾਰਚ ਨੂੰ ਦੂਜੇ ਪੜਾਅ ਲਈ ਜਾਵੇਗਾ। ਉੱਤਰ ਪ੍ਰਦੇਸ਼ ਲਈ ਇਹ ਛੇਵਾਂ ਪੜਾਅ ਹੋਵੇਗਾ।
- ਸੱਤਵੇਂ ਪੜਾਅ ਵਿੱਚ, ਉੱਤਰ ਪ੍ਰਦੇਸ਼ ਵਿੱਚ 7 ਮਾਰਚਨੂੰ ਵੋਟਾਂ ਪੈਣਗੀਆਂ।
- ਸਾਰੇ ਸੱਤ ਰਾਜਾਂ ਦੇ ਨਤੀਜੇ 10 ਮਾਰਚ ਨੂੰ ਐਲਾਨੇ ਜਾਣਗੇ।
- ਕੋਵਿਡ-19 ਸੁਰੱਖਿਅਤ ਚੋਣ, ਮੁਸ਼ਕਲ ਰਹਿਤ ਵੋਟਰ ਅਨੁਭਵ ਅਤੇ ਵੱਧ ਤੋਂ ਵੱਧ ਵੋਟਰਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਮੁੱਢਲੀਆਂ ਤਿਆਰੀਆਂ ਕੀਤੀਆਂ ਗਈਆਂ ਸਨ। ਗੋਆ, ਮਨੀਪੁਰ, ਉੱਤਰ ਪ੍ਰਦੇਸ਼, ਉੱਤਰਾਖੰਡ ਅਤੇ ਪੰਜਾਬ ਵਿੱਚ ਕੁੱਲ 690 ਵਿਧਾਨ ਸਭਾ ਹਲਕਿਆਂ ਵਿੱਚ ਇਸ ਵਾਰ ਵੋਟਾਂ ਪੈਣਗੀਆਂ।
- ਪੰਜ ਚੋਣਾਂ ਵਾਲੇ ਰਾਜਾਂ ਵਿੱਚ ਵਿਧਾਨ ਸਭਾਵਾਂ ਦੀ ਮਿਆਦ ਪੁੱਗਣ ਦੀਆਂ ਸ਼ਰਤਾਂ: ਗੋਆ: 15 ਮਾਰਚ, 2022 ਮਨੀਪੁਰ: 19 ਮਾਰਚ, 2022 ਉੱਤਰਾਖੰਡ: 23 ਮਾਰਚ, 2022 ਪੰਜਾਬ: 23 ਮਾਰਚ, 2022 ਉੱਤਰ ਪ੍ਰਦੇਸ਼: 14 ਮਈ, 2022
- ਯੂਪੀ ਵਿੱਚ 403, ਪੰਜਾਬ ਵਿੱਚ 117, ਉੱਤਰਾਖੰਡ ਵਿੱਚ 70, ਮਨੀਪੁਰ ਵਿੱਚ 60 ਅਤੇ ਗੋਆ ਵਿੱਚ 40 ਵਿਧਾਨ ਸਭਾ ਸੀਟਾਂ ਲਈ ਚੋਣਾਂ ਹੋਣੀਆਂ ਹਨ।
- ਓਮੀਕਰੋਨ ਵੇਰੀਐਂਟ ਦੇ ਮੱਦੇਨਜ਼ਰ ਕੋਵਿਡ ਦੇ ਮਾਮਲੇ ਵਧਣ ਦੇ ਨਾਲ, ਓਛੀ ਨੇ ਕੇਂਦਰੀ ਸਿਹਤ ਸਕੱਤਰ, ਗ੍ਰਹਿ ਸਕੱਤਰ, ਮਾਹਰਾਂ ਅਤੇ ਰਾਜਾਂ ਦੇ ਸਿਹਤ ਸਕੱਤਰਾਂ ਨਾਲ ਮੀਟਿੰਗਾਂ ਕੀਤੀਆਂ। ਇਨ੍ਹਾਂ ਵਿਚਾਰਾਂ ਅਤੇ ਜ਼ਮੀਨੀ ਸਥਿਤੀ ਨੂੰ ਲੈ ਕੇ, ਓਛੀ ਨੇ ਸੁਰੱਖਿਆ ਨਿਯਮਾਂ ਦੇ ਨਾਲ ਚੋਣਾਂ ਦਾ ਐਲਾਨ ਕਰਨ ਦਾ ਫੈਸਲਾ ਕੀਤਾ।
- ਸੇਵਾ ਵੋਟਰਾਂ ਸਮੇਤ ਕੁੱਲ 18।34 ਕਰੋੜ ਵੋਟਰ ਇਸ ਚੋਣ ਵਿੱਚ ਹਿੱਸਾ ਲੈਣਗੇ। ਇਨ੍ਹਾਂ ਵਿੱਚੋਂ 8।55 ਕਰੋੜ ਮਹਿਲਾ ਵੋਟਰ ਹਨ।
- ਉੱਤਰ ਪ੍ਰਦੇਸ਼ ਸਮੇਤ ਪੰਜ ਰਾਜਾਂ ਵਿੱਚ 24।9 ਲੱਖ ਪਹਿਲੀ ਵਾਰ ਵੋਟਰ ਰਜਿਸਟਰਡ ਹਨ।
- ਪੰਜ ਰਾਜਾਂ ਵਿੱਚ 2, 15,368 ਪੋਲਿੰਗ ਸਟੇਸ਼ਨ ਹੋਣਗੇ। 2017 ਤੋਂ 16 ਫੀਸਦੀ ਦਾ ਵਾਧਾ ਹੋਇਆ ਹੈ।
- ECI ਨੇ ਇਹ ਹੁਕਮ ਦਿੱਤਾ ਹੈ ਕਿ ਹਰੇਕ ਵਿਧਾਨ ਸਭਾ ਹਲਕੇ ਵਿੱਚ ਘੱਟੋ-ਘੱਟ ਇੱਕ ਪੋਲਿੰਗ ਸਟੇਸ਼ਨ ਜਿਸ ਦਾ ਪ੍ਰਬ-ਧਨ ਵਿਸ਼ੇਸ਼ ਤੌਰ 'ਤੇ ਔਰਤਾਂ ਦੁਆਰਾ ਕੀਤਾ ਜਾਵੇ। ਸਾਡੇ ਅਫਸਰਾਂ ਨੇ ਇਸ ਤੋਂ ਕਿਤੇ ਵੱਧ ਪਛਾਣ ਕੀਤੀ ਹੈ। ਵਿਧਾਨ ਸਭਾ ਦੀਆਂ 690 ਸੀਟਾਂ ਹਨ ਪਰ ਅਸੀਂ ਅਜਿਹੇ 1,620 ਪੋਲਿੰਗ ਬੂਥ ਸਥਾਪਤ ਕਰ ਰਹੇ ਹਾਂ।
- ਆਗਾਮੀ ਚੋਣਾਂ ਵਿੱਚ ਉਮੀਦਵਾਰਾਂ ਲਈ ਔਨਲਾਈਨ ਨਾਮਜ਼ਦਗੀ ਦੀ ਸਹੂਲਤ ਉਪਲਬਧ ਹੈ, ਹਾਲਾਂਕਿ, ਇਹ ਸਵੈਇੱਛਤ ਹੋਵੇਗੀ।
- ਪਾਰਦਰਸ਼ਤਾ ਲਈ 60% ਪੋਲਿੰਗ ਸਟੇਸ਼ਨਾਂ ਨੂੰ ਵੈਬਕਾਸਟਿੰਗ ਦੁਆਰਾ ਕਵਰ ਕੀਤਾ ਗਿਆ ਹੈ।
- 80 ਸਾਲ ਤੋਂ ਵੱਧ ਉਮਰ ਦੇ ਸੀਨੀਅਰ ਨਾਗਰਿਕ, ਅਪਾਹਜ ਵਿਅਕਤੀ ਅਤੇ ਕੋਵਿਡ-19 ਦੇ ਮਰੀਜ਼ ਪੋਸਟਲ ਬੈਲਟ ਦੁਆਰਾ ਵੋਟ ਦੇ ਸਕਦੇ ਹਨ।
- ਸਿਆਸੀ ਪਾਰਟੀਆਂ ਲਈ ਚੋਣ ਉਮੀਦਵਾਰਾਂ ਵਜੋਂ ਚੁਣੇ ਗਏ ਅਪਰਾਧਿਕ ਕੇਸਾਂ ਵਾਲੇ ਲੰਬਿਤ ਵਿਅਕਤੀਆਂ ਬਾਰੇ ਵਿਸਤ੍ਰਿਤ ਜਾਣਕਾਰੀ ਆਪਣੀ ਵੈੱਬਸਾਈਟ 'ਤੇ ਅਪਲੋਡ ਕਰਨੀ ਲਾਜ਼ਮੀ ਹੈ। ਉਨ੍ਹਾਂ ਨੂੰ ਉਮੀਦਵਾਰ ਚੁਣਨ ਦਾ ਕਾਰਨ ਵੀ ਦੇਣਾ ਹੋਵੇਗਾ।
- ਸਾਰੇ ਪੋਲਿੰਗ ਸਟੇਸ਼ਨਾਂ ਵਿੱਚ ਈਵੀਐਮ ਅਤੇ ਵੀਵੀਪੀਏਟੀ ਦੀ ਵਰਤੋਂ ਕੀਤੀ ਜਾਵੇਗੀ। ਚੋਣ ਕਮਿਸ਼ਨ ਨੇ ਚੋਣਾਂ ਦੇ ਸੁਚਾਰੂ ਸੰਚਾਲਨ ਲਈ ਲੋੜੀਂਦੀ ਗਿਣਤੀ ਵਿੱਚ ਈਵੀਐਮ ਅਤੇ ਵੀਵੀਪੀਏਟੀ ਨੂੰ ਯਕੀਨੀ ਬਣਾਉਣ ਲਈ ਪਹਿਲਾਂ ਹੀ ਪ੍ਰਬੰਧ ਕਰ ਲਏ ਹਨ।

| | Uttar Pradesh | Uttar Pradesh | Uttar Pradesh | Uttar Pradesh | Uttar Pradesh | Uttar Pradesh | Uttar Pradesh |
|---|---|---|---|---|---|---|---|
| | 1st Phase | 2nd Phase | 3rd Phase | 4th Phase | 5th Phase | 6th Phase | 7th Phase |
| | | Punjab | | | Manipur | Manipur | |
| | | Uttarakhand | | | 1st Phase | 2nd Phase | |
| | | Goa | | | | | |
| Issue of Notification | 14-01-2022 | 21-01-2022 | 25-01-2022 | 27-01-2022 | 01-02-2022 | 04-02-2022 | 10-02-2022 |
| | Friday | Friday | Tuesday | Thursday | Tuesday | Friday | Thursday |
| Last Date of Nominations | 21-01-2022 | 28-01-2022 | 01-02-2022 | 03-02-2022 | 08-02-2022 | 11-02-2022 | 17-02-2022 |
| | Friday | Friday | Tuesday | Thursday | Tuesday | Friday | Thursday |
| Scrutiny of Nominations | 24-01-2022 | 29-01-2022 | 02-02-2022 | 04-02-2022 | 09-02-2022 | 14-02-2022 | 18-02-2022 |
| | Monday | Saturday | Wednesday | Friday | Wednesday | Monday | Friday |
| Last Date of Withdrawal of Candidature | 27-01-2022 | 31-01-2022 | 04-02-2022 | 07-02-2022 | 11-02-2022 | 16-02-2022 | 21-02-2022 |
| | Thursday | Monday | Friday | Monday | Friday | Wednesday | Monday |
| Date of Poll | 10-02-2022 | 14-02-2022 | 20-02-2022 | 23-02-2022 | 27-02-2022 | 03-03-2022 | 07-03-2022 |
| | Thursday | Monday | Sunday | Wednesday | Sunday | Thursday | Monday |

- ਪੰਜ ਰਾਜਾਂ ਵਿੱਚ ਆਦਰਸ਼ ਚੋਣ ਜ਼ਾਬਤਾ ਤੁਰੰਤ ਪ੍ਰਭਾਵ ਵਿੱਚ ਆਉਂਦਾ ਹੈ। ਚੋਣ ਕਮਿਸ਼ਨ ਨੇ ਛਛ ਦਿਸ਼ਾ-ਨਿਰਦੇਸ਼ਾਂ ਦੇ ਪ੍ਰਭਾਵੀ ਅਮਲ ਨੂੰ ਯਕੀਨੀ ਬਣਾਉਣ ਲਈ ਵਿਸਤ੍ਰਿਤ ਪ੍ਰਬੰਧ ਕੀਤੇ ਹਨ। ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੀ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਕਰਨ 'ਤੇ ਸਖ਼ਤੀ ਨਾਲ ਨਜਿੱਠਿਆ ਜਾਵੇਗਾ।
- ਸਾਡੀ cVIGIL ਐਪਲੀਕੇਸ਼ਨ ਦੀ ਵਰਤੋਂ ਵੋਟਰਾਂ ਦੁਆਰਾ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ, ਪੈਸੇ ਦੀ ਵੰਡ ਅਤੇ ਮੁਫਤ ਦੀਆਂ ਕਿਸੇ ਵੀ ਘਟਨਾ ਦੀ ਰਿਪੋਰਟ ਕਰਨ ਲਈ ਕੀਤੀ ਜਾਣੀ ਚਾਹੀਦੀ ਹੈ। ਸ਼ਿਕਾਇਤ ਦੇ 100 ਮਿੰਟਾਂ ਦੇ ਅੰਦਰ, ECI ਅਧਿਕਾਰੀ ਅਪਰਾਧ ਵਾਲੀ ਥਾਂ 'ਤੇ ਪਹੁੰਚ ਜਾਣਗੇ।
- ਸੁਧਾਰਾਤਮਕ ਉਪਾਅ ਕਰਨ ਲਈ ਪੋਲਿੰਗ ਸਟੇਸ਼ਨਾਂ ਦੀ ਪਛਾਣ ਕੀਤੀ ਗਈ ਜਿੱਥੇ ਵੋਟਿੰਗ ਪ੍ਰਤੀਸ਼ਤ ਪਿਛਲੇ ਸਾਲਾਂ ਨਾਲੋਂ ਘੱਟ ਜਾਂ ਔਸਤ ਤੋਂ ਘੱਟ ਸੀ।
- ਕਿਉਂਕਿ ਕੋਵਿਡ ਦੀ ਸਥਿਤੀ ਬਹੁਤ ਗਤੀਸ਼ੀਲ ਹੈ, ਇਸ ਲਈ ਚੋਣ ਡਿਊਟੀ 'ਤੇ ਸਾਰੇ ਕੇਂਦਰੀ, ਰਾਜ ਅਧਿਕਾਰੀਆਂ ਨੂੰ ਦੁੱਗਣਾ ਟੀਕਾਕਰਨ ਕੀਤਾ ਜਾਣਾ ਚਾਹੀਦਾ ਹੈ।
- ਸਾਰੇ ਓਛ ਅਧਿਕਾਰੀਆਂ ਅਤੇ ਕਰਮਚਾਰੀਆਂ ਨਾਲ ਫਰੰਟਲਾਈਨ ਵਰਕਰਾਂ ਵਾਂਗ ਵਿਹਾਰ ਕੀਤਾ ਜਾਵੇਗਾ ਅਤੇ ਬੂਸਟਰ ਜਾਂ ਸਾਵਧਾਨੀ ਦੀ ਖੁਰਾਕ ਨਾਲ ਟੀਕਾਕਰਨ ਕੀਤਾ ਜਾਵੇਗਾ।
- ਸਾਰੇ ਪੰਜ ਵਿਧਾਨ ਸਭਾ ਰਾਜਾਂ ਵਿੱਚ ਪੋਲਿੰਗ ਦੇ ਸਮੇਂ ਵਿੱਚ ਇੱਕ ਘੰਟਾ ਵਾਧਾ ਕੀਤਾ ਗਿਆ ਹੈ।
- 15 ਜਨਵਰੀ ਤੱਕ ਕਿਸੇ ਵੀ ਯਾਤਰਾ, ਜਲੂਸ, ਰੋਡ ਸ਼ੋਅ, ਸਾਈਕਲ ਬਾਈਕ, ਪੈਦਲ ਯਾਤਰਾ ਜਾਂ ਵਾਹਨ ਰੈਲੀ ਜਾਂ ਸਿਆਸੀ ਪਾਰਟੀਆਂ ਦੁਆਰਾ ਸਰੀਰਕ ਰੈਲੀ ਦੀ ਇਜਾਜ਼ਤ ਨਹੀਂ ਹੋਵੇਗੀ। ਸਥਿਤੀ ਦੀ ਸਮੀਖਿਆ ਕੀਤੀ ਜਾਵੇਗੀ ਅਤੇ ਬਾਅਦ ਵਿੱਚ ਨਵੇਂ ਨਿਰਦੇਸ਼ ਜਾਰੀ ਕੀਤੇ ਜਾਣਗੇ।
- ਨਤੀਜਿਆਂ ਦੇ ਐਲਾਨ ਤੋਂ ਬਾਅਦ ਕਿਸੇ ਵੀ ਜਿੱਤ ਦੇ ਜਲੂਸ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।



ਹਰਦੀਪ ਸਿੰਘ ਚੁੰਬਰ
91-94636-01616
hardipchumber57@gmail.com

# ਮੂਲ ਭਾਰਤੀਆਂ ਦਾ ਸੱਤਾ ਦੇ ਤਬਾਦਲੇ ਵਿੱਚ ਯੋਗਦਾਨ

(ਸਫਾ 18 ਦੀ ਬਾਕੀ)

ਕੁੱਟ ਕੁੱਟ ਕੇ ਮਾਰ ਦਿਤਾ, ਇਸੇ ਕਾਰਨਾਮੇ ਦੇ ਕਾਰਨ ਅੰਗਰੇਜ ਦੇ ਉਸ ਨੂੰ ਗੋਲੀ ਮਾਰ ਦਿੱਤੀ।

ਅਗਸਤ ਦੇ ਇਨਕਲਾਬ ਦੀ ਲਹਿਰ ਨੂੰ ਅਗੇ ਵਧ-ਾਉਂਦੇ ਹੋਏ, 14 ਅਗਸਤ ਨੂੰ ਵਿਦਿਆਰਥੀਆਂ ਨੇ ਵਿਦਿਆਰਥੀ ਆਗੂ ਜਗਦੀਸ਼ ਪ੍ਰਸਾਦ ਦੀ ਅਗਵਾਈ ਹੇਠ ਇੱਕ ਜਲੂਸ ਕੱਢਿਆ। ਜਲੂਸ ਦੇ ਮੱਦੇਨਜ਼ਰ, ਅੰਗਰੇਜਾਂ ਦੀ ਪੁਲਿਸ ਨੇ ਵਿਦਿਆਰਥੀਆਂ 'ਤੇ ਗਰੁੱਪਾਂ ਉੱਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ, ਜਿਸ ਵਿਚ 20 ਸਾਲਾ ਜਗਦੀਸ਼ ਪ੍ਰਸਾਦ, ਜੋ ਬਚਾਰੀ ਦਾ ਵਸਨੀਕ ਸੀ, ਬ੍ਰਿਟਿਸ਼ ਦੀ ਗੋਲੀ ਨਾਲ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਇਲਾਜ ਦੌਰਾਨ ਉਹ ਵੀ ਸ਼ਹੀਦ ਹੋ ਗਏ ਸਨ।

**ਪੀਤਾਂਮਬਰ ਅਤੇ ਨੀਲਾਂਬਰ ਸ਼ਾਹੀ:-** ਪੀਤਾਂਮਬਰ ਅਤੇ ਨੀਲਾਂਮਬਰ ਸ਼ਾਹੀ 1857 ਵਿਚ ਆਜ਼ਾਦੀ ਸੰ-ਗਰਾਮ ਦੌਰਾਨ ਪਲਾਮੂ ਦੇਸ਼ ਦਾ ਗੜਬੜ ਵਾਲਾ ਇਲਾਕਾ ਸੀ। ਪਲਾਮੂ ਵਿਚ ਸਭ ਤੋਂ ਲੰਬੇ ਵਿਦਰੋਹ ਦੇ ਵਿਰੋਧ ਪ੍ਰਦਰਸ਼ਨ ਦੌਰਾਨ, ਦਲਿਤ ਅਤੇ ਆਦਿਵਾਸੀਆਂ ਨੇ ਆਪਣੇ ਆਪ ਨੂੰ ਪੀਤਾਂਮਬਰ ਅਤੇ ਨੀਲਾਂਮਬਰ ਸ਼ਾਹੀ ਦੀ ਅਗਵਾਈ ਹੇਠ ਸੰਗਠਿਤ ਕੀਤਾ। ਸੰਗਠਿਤ ਲੋਕਾਂ ਨੇ ਬ੍ਰਿਟਿਸ਼ ਪੱਖੀ ਰਘੁਵਰ ਦਿਆਲ ਸਿੰਘ ਜ਼ਮੀਦਾਰ ਵਿਰੁੱਧ ਜ਼ਬਰਦਸਤ ਲੜਾਈ ਲੜੀ, 1857 ਵਿਚ, ਬਾਗ਼ੀਆਂ ਨੇ ਰਾਜਹਾਰਾ ਕੰਪਨੀ ਉੱਤੇ ਹਮਲਾ ਕਰ ਦਿੱਤਾ, ਜਿਸ ਨਾਲ ਅੰਗਰੇਜ਼ਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ।

**ਚੂਹੜ ਅੰਦੋਲਨ: -** ਚੂਹੜ ਅੰਦੋਲਨ ਦੀ ਸ਼ੁਰੂਆਤ ਝਾਰਖੰਡ ਦੇ ਆਦਿਵਾਸੀਆਂ ਦੁਆਰਾ ਰਘੂਨਾਥ ਮਹਾਤੋ ਦੀ ਅਗਵਾਈ ਵਿਚ ਈਸਟ ਇੰਡੀਆ ਕੰਪਨੀ ਦੇ ਵਿਰੁੱਧ ਜੰਗਲਾਤ ਦੀ ਜ਼ਮੀਨ ਦੇ ਬਚਾਅ ਅਤੇ ਸ਼ੋਸ਼ਣ ਲਈ 1759 ਵਿਚ ਕੀਤੀ ਗਈ ਸੀ। 5 ਅਪ੍ਰੈਲ 1778 ਨੂੰ ਲੋਟਾ ਦੇ ਜੰਗਲ ਵਿੱਚ ਇੱਕ ਮੀਟਿੰਗ ਜਿਸ ਵਿੱਚ ਸੈਂਕੜੇ ਅੰਗ੍ਰੇਜ਼ੀ ਸੈਨਾ ਦੀ ਕਾਰਵਾਈ ਕਾਰਨ ਗ੍ਰਿਫਤਾਰ ਕੀਤੇ ਗਏ, ਜਿਸ ਵਿੱਚ ਬਹੁਤ ਸਾਰੇ ਲੋਕ ਮਾਰੇ ਗਏ ਅਤੇ ਰਘੂਨਾਥ ਮਹਾਤੋ ਸ਼ਹੀਦ ਹੋ ਗਏ।

**ਤਾਨਾ ਭਗਤ ਅੰਦੋਲਨ: -** ਤਾਨਾ ਭਗਤ ਅੰਦੋਲਨ ਬਿਹਾਰ ਵਿਚ 1914 ਵਿਚ ਸ਼ੁਰੂ ਹੋਇਆ ਸੀ, ਇਸ ਅੰਦੋਲਨ ਦੀ ਸ਼ੁਰੂਆਤ ਉੱਚ ਦਰ ਅਤੇ ਲਾਗਨ ਅਤੇ ਚੌਕੀਦਾਰੀ ਦੇ ਵਿਰੋਧ ਵਿਚ ਕੀਤੀ ਗਈ ਸੀ। ਜਤਾਰਾ ਭਗਤ ਦੀ ਅਗਵਾਈ ਵਿਚ ਐਲਾਨ ਕੀਤਾ ਗਿਆ ਸੀ ਕਿ ਤਾਨਾ ਭਗਤ ਅੰਦੋਲਨ: - ਤਾਨਾ ਭਗਤ ਅੰਦੋਲਨ ਤਾਨਾ ਭਗਤ ਲਹਿਰ ਬਿਹਾਰ ਵਿਚ 1914 ਵਿਚ ਸ਼ੁਰੂ ਹੋਈ ਸੀ, ਇਸ ਅੰਦੋਲਨ ਦੀ ਸ਼ੁਰੂਆਤ ਉੱਚ ਦਰ ਅਤੇ ਚੌਕੀਦਰੀ ਦੇ ਵਿਰੋਧ ਵਿਚ ਲਗਾਨ ਵਿਚ ਕੀਤੀ ਗਈ ਸੀ। ਇਸ ਅੰਦੋਲਨ ਦਾ ਪ੍ਰਚਾਰਕ ਜੱਤਰਾ ਭਗਤ ਹੈ, ਜਤਰਾ ਭਗਤ ਦੀ ਅਗਵਾਈ ਹੇਠ ਇਹ ਘੋਸ਼ਣਾ ਕੀਤੀ ਗਈ ਸੀ ਕਿ ਉਹ ਮਾਲੀਆ ਨਹੀਂ ਦੇਣਗੇ, ਜਬਰੀ ਬੇਗਾਰੀ ਨਹੀਂ ਕਰਨਗੇ ਅਤੇ ਟੈਕਸ ਅਦਾ ਨਹੀਂ ਕਰਨਗੇ ਜਿਵੇਂ ਹੀ ਤਾਨਾ ਭਗਤ ਅੰਦੋਲਨ ਦੇ ਚਰਚੇ ਵਿੱਚ ਆਇਆ, ਬ੍ਰਿਟਿਸ਼ ਨੇ 1914 ਵਿੱਚ ਉਸਨੂੰ ਗ੍ਰਿਫਤਾਰ ਕਰ ਲਿਆ ਅਤੇ ਉਸਨੂੰ ਡੇਢ ਸਾਲ ਦੀ ਸਜ਼ਾ ਸੁਣਾਈ ਗਈ।

1940 ਵਿਚ ਵੱਡੀ ਗਿਣਤੀ ਵਿਚ ਤਾਨਾ ਭਗਤ ਨਾਗ-ਪੁਰ ਵਿਚ ਸ਼ਾਮਲ ਹੋਏ, ਮਤਭੇਦਾਂ ਦੇ ਕਾਰਨ,ਤਾਨਾ ਭਗਤਾਂ ਦੀਆਂ ਬਹੁਤ ਸਾਰੀਆਂ ਸ਼ਾਖਾਵਾਂ ਵਧੀਆਂ, ਉਨ੍ਹਾਂ ਦੀ ਮੁੱਖ ਸ਼ਾਖਾ ਸਦਾ ਭਗਤਾ ਕਿਹਾ ਜਾਂਦਾ ਹੈ।

**ਝਲਕਾਰੀ ਬਾਈ: -** ਝਲਕਾਰੀ ਬਾਈ ਦਾ ਜਨਮ 22 ਨਵੰਬਰ ਨੂੰ ਬੁੰਦੇਲਖੰਡ ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਹੋਇਆ ਸੀ। ਉਸਦਾ ਵਿਆਹ ਝਾਂਸੀ ਦੀ ਸੈਨਾ ਵਿੱਚ ਪੂਰਨ ਪੋਲੀ ਨਾਮ ਦੇ ਇੱਕ ਸਿਪਾਹੀ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਉਹ ਝਾਂਸੀ ਦੀ ਰਾਣੀ ਲਕਸ਼ਮੀਬਾਈ ਦੀ ਨਿਯਮਤ ਸੈਨਾ ਵਿੱਚ ਪੂਰਨ ਨਾਲ ਝਾਂਸੀ ਚਲੀ ਗਈ। ਉਹ ਮਹਿਲਾ ਸ਼ਾਖਾ ਪਾਰਟੀ ਦੀ ਕਮਾਂਡਰ ਬਣੀ,ਉਹ ਲਕਸ਼ਮੀਬਾਈ ਦੀ ਹਮਸ਼ਕਲ ਵੀ ਸੀ ਇਸ ਕਾਰਨ ਉਹ ਦੁਸ਼ਮਣ ਨੂੰ ਧੋਖਾ ਦੇਣ ਲਈ ਰਾਣੀ ਦੇ ਰੂਪ ਵਿੱਚ ਵੀ ਲੜਦੀ ਸੀ। ਰਾਣੀ ਦੇ ਸ਼ਕਲ ਵਿੱਚ ਲੜਦਿਆਂ ਲੜਕੀ ਨੂੰ ਉਸਦੀ ਆਖਰੀ ਸਮੇਂ ਵਿੱਚ ਅੰਗਰੇਜ਼ਾਂ ਨੇ ਫੜ ਲਿਆ ਸੀ ਅਤੇ ਉਸ ਲੜਾਈ ਦੌਰਾਨ ਰਾਣੀ ਨੂੰ ਕਿਲ੍ਹੇ ਤੋਂ ਭੱਜਣ ਦਾ ਮੌਕਾ ਮਿਲਿਆ ਸੀ। ਇਕ ਗੋਲੀ ਝਲਕਾਰੀ ਬਾਈ ਨੂੰ ਵੀ ਲੱਗੀ ਅਤੇ ਉਹ ਜ਼ਮੀਨ 'ਤੇ ਡਿੱਗੀ ਝਲਕਾਰੀ ਬਾਈ ਇੰਨੀ ਵੱਡੀ ਨਾਇਕਾ ਸੀ।

**ਤਿਲਕਾ ਮਾਂਝੀ: -** ਤਿਲਕਾ ਮਾਂਝੀ, ਸੰਥਾਲ ਨਾਇਕ ਤਿਲਕਾ ਮਾਂਝੀ ਨੇ 1779 ਵਿਚ ਬ੍ਰਿਟਿਸ਼ ਦੇ ਵਿਰੁੱਧ ਹਥਿਆਰ ਚੁੱਕੇ, ਜਿਸ ਤੋਂ ਬਾਅਦ 1855 ਵਿਚ, ਸੰਥਾਲਿਆਂ ਨੇ ਆਜ਼ਾਦੀ ਦੀ ਲੜਾਈ ਵਿਚ ਬ੍ਰਿਟਿਸ਼ ਦੇ ਵਿਰੁੱਧ ਲੜਾਈ ਲੜੀ, 1857 ਦੀ ਲੜਾਈ ਨੂੰ ਮਹੱਤਵਪੂਰਨ ਮੰਨਿਆ ਜਾਂਦਾ ਹੈ, ਇਸ ਲੜਾਈ ਵਿਚ ਅੰਗਰੇਜ਼ਾਂ ਨੂੰ ਬਹੁਤ ਨੁਕਸਾਨ ਝੱਲਣਾ ਪਿਆ। ਉਹਨਾਂ ਦੀ ਯਾਦ ਵਿਚ, ਹਰ ਸਾਲ ਇਨਕਲਾਬੀ ਦਿਵਸ ਹਰ ਸਾਲ 30 ਜੂਨ ਨੂੰ ਮਨ-ਾਇਆ ਜਾਂਦਾ ਹੈ।

**ਬਿਰਸਾ ਮੁੰਡਾ: -** ਬਿਰਸਾ ਮੁੰਡਾ ਦਾ ਜਨਮ ਮੌਜੂਦਾ ਝਾਰਖੰਡ ਰਾਜ ਵਿੱਚ 1875 ਵਿੱਚ ਹੋਇਆ ਸੀ। ਉਸਨੇ ਮਹਿਸੂਸ ਕੀਤਾ ਕਿ ਸਮਾਜਿਕ ਬੁਰਾਈਆਂ ਨੇ ਆਦਿਵਾਸੀ ਸਮਾਜ ਨੂੰ ਗਿਆਨ ਤੋਂ ਦੂਰ ਕਰ ਦਿੱਤਾ ਹੈ। ਬਿਰਸਾ ਮੁੰਡਾ ਨੇ ਇਨ੍ਹਾਂ ਨੂੰ ਆਦਿਵਾਸੀਆਂ ਨੂੰ ਆਜ਼ਾਦ ਕਰਵਾਉਣ ਲਈ ਤਿੰਨ ਪੱਧਰਾਂ 'ਤੇ ਸੰਗਠਿਤ ਕੀਤਾ।

ਮਹੱਤਤਾ ਬਾਰੇ ਦੱਸਿਆ, ਅਤੇ ਨਾਲ ਹੀ ਸਹਿਯੋਗ ਅਤੇ ਸਰਕਾਰ ਦਾ ਤਰੀਕਾ ਦਰਸਾਇਆ, ਆਦਿਵਾਸੀਆਂ ਨੇ ਜਬਰੀ ਮਜ਼ਦੂਰੀ ਪ੍ਰਣਾਲੀ ਦੇ ਵਿਰੁੱਧ ਅੰਦੋਲਨ ਲਈ ਮਜਬੂਰ ਕੀਤਾ ਸਮਾਜਿਕ ਅਤੇ ਵਿਹਾਰਕ ਚੇਤਨਾ ਦਾ ਵਿਰੋਧ ਕਰਨ ਤੋਂ ਬਾਅਦ, ਕਬਾਇਲੀ ਸਰਕਾਰ ਰਾਜਨੀਤੀ ਦੇ ਪੱਧਰ ਤੋਂ ਜਾਣੂ ਹੋ ਗਏ, ਬ੍ਰਿਟਿਸ਼ ਸਰਕਾਰ ਨੇ ਬਿਰਸਾ ਮੁੰਡਾ ਨੂੰ ਗ੍ਰਿਫਤਾਰ ਕਰ ਲਿਆ ਅਤੇ ਜੇਲ੍ਹ ਵਿੱਚ ਪਾ ਦਿੱਤਾ, ਉਹ 9 ਜੂਨ 1900 ਨੂੰ ਜੇਲ੍ਹ ਵਿੱਚ ਸ਼ਹੀਦ ਹੋ ਗਿਆ ਸੀ।

**ਟੈਂਟਿਆ ਮਾਮਾ: -** ਟੈਂਟਿਆ ਮਾਮਾ 1842 ਵਿਚ ਮੱਧ ਪ੍ਰਦੇਸ਼ ਦੇ ਖੰਡਵਾ ਜ਼ਿਲੇ ਵਿਚ ਪੈਦਾ ਹੋਇਆ ਸੀ, ਆਪਣੀ ਜਵਾਨੀ ਵਿਚ ਬ੍ਰਿਟਿਸ਼ ਸਹਿਯੋਗੀ ਸ਼ਾਹੂਕਾਰਾਂ ਦੀ ਪ੍ਰੇਸ਼ਾਨੀ ਤੋਂ ਤੰਗ ਆ ਕੇ, ਉਹ ਆਪਣੇ ਸਾਥੀਆਂ ਨਾਲ ਜੰਗਲ ਵਿਚ ਗਿਆ ਅਤੇ ਮਾਲ ਨਾਲ ਸਮਾਨ ਲੁੱਟਿਆ ਅਤੇ ਗਰੀਬਾਂ ਵਿਚ ਵੰਡਣਾ ਸ਼ੁਰੂ ਕਰ ਦਿੱਤਾ।

ਅਜਿਹਾ ਕਰਨ ਦੇ ਕਾਰਨ, ਟੈਂਟਿਆ ਮਾਮਾ ਹਰ ਕਿਸੇ ਨੂੰ ਪਿਆਰੇ ਹੋ ਗਏ ਸਨ। 19 ਅਕਤੂਬਰ 1890 ਨੂੰ, ਉਸਨੂੰ ਮੌਤ ਦੀ ਸਜਾ ਸੁਣਾਈ ਗਈ।

## ਇਹ ਬੰਦਾ ਵੀ

ਇਹ ਬੰਦਾ ਵੀ
ਕੀ ਸ਼ੈਅ ਏ?
ਪੱਥਰਾਂ ਨੂੰ ਘੜ ਘੜ ਕੇ
ਆਪੇ ਦੇਵੀ, ਦੇਵਤਿਆਂ ਦੀਆਂ
ਮੂਰਤੀਆਂ ਬਣਾਵੇ।
ਫਿਰ ਇਹ ਸਮਝੇ
ਕਿ ਉਸ ਨੇ ਉਨ੍ਹਾਂ ਵਿੱਚ
ਪਾ ਦਿੱਤੀ ਹੈ ਜਾਨ।
ਫਿਰ ਉਨ੍ਹਾਂ ਅੱਗੇ
ਉਹ ਝੁਕ ਝੁਕ ਕੇ
ਆਪਣੇ ਕੀਤੇ ਮਾੜੇ ਕੰਮਾਂ ਦੀ
ਭੁੱਲ ਬਖਸ਼ਾਵੇ।
ਜਦ ਉਨ੍ਹਾਂ ਤੋਂ
ਮਿਲੇ ਨਾ ਉਸ ਨੂੰ
ਕੋਈ ਜਵਾਬ,
ਕੱਲਾ ਬਹਿ ਕੇ ਕੋਸੇ
ਆਪਣੀ ਕਿਸਮਤ ਨੂੰ।
ਇਹ ਬੰਦਾ ਵੀ
ਕੀ ਸ਼ੈਅ ਏ?

- ਮਹਿੰਦਰ ਸਿੰਘ ਮਾਨ
91-99158-03554



# ਮੋਦੀ ਸਾਹਿਬ ਦੇ ਬਿਆਨ ਨੇ ਪ੍ਰਧਾਨ ਮੰਤਰੀ ਦਾ ਕੱਦ ਨੀਵਾਂ ਕੀਤਾ

**ਵਿਚਾਰ ਆਪੋ-ਆਪਣਾ**

ਪੰਜਾਬੀ ਵਿੱਚ ਇਕ ਅਖਾਉਤ ਅਕਸਰ ਤੌਰ ਤੇ ਵਰਤੀ ਜਾਂਦੀ ਹੈ ਜਦੋਂ ਕੋਈ ਮਨੁੱਖ ਆਪਣੇ ਮੰਤਵ ਵਿੱਚ ਬੁਰੀ ਤਰਾਂ ਫੇਲ੍ਹ ਹੋ ਜਾਵੇ ਤੇ ਉਹ ਇਸ ਦਾ ਦੋਸ਼ ਹੋਰਨਾਂ ਤੇ ਮੜ੍ਹਣ ਲਗ ਜਾਵੇ ਤਾਂ ਇਸ ਅਖਾਉਤ ਦੀ ਵਰਤੋਂ ਕੀਤੀ ਜਾਂਦੀ ਹੈ ਕਿ "ਡਿੱਗੀ ਖੋਤੇ ਤੋਂ, ਗੁੱਸਾ ਘੁਮਿਆਰ ਤੇ" ਪੰਜਾਬੀ ਦਾ ਇਹ ਅਖਾਣ ਇਸ ਸਮੇਂ ਭਾਰਤ ਦੇ ਪ੍ਰਧਾਨ ਮੰਤਰੀ ਤੇ ਭਾਜਪਾ ਦੇ ਸਿਰਕੱਢ ਆਗੂ ਸ੍ਰੀ ਨਰਿੰਦਰ ਮੋਦੀ ਤੇ ਇੰਨ ਬਿੰਨ ਢੁਕੱਦਾ ਨਜਰ ਆ ਰਿਹਾ ਹੈ। ਅਸਲ ਵਿੱਚ ਪਿਛ਼ਲੇ ਸਮੇਂ ਵਿੱਚ ਜੋ ਕੁਝ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਕਿਸਾਨਾਂ ਨਾਲ ਸਾਲ, ਸਵਾ ਸਾਲ ਦੇ ਸਮੇਂ ਦੌਰਾਨ ਦਿੱਲੀ ਬਾਰਡਰਾਂ ਦੀਆਂ ਸੜਕਾਂ ਤੇ ਰੋਲ ਕੇ ਜੋ ਭੱਦਾ ਦੁਰਵਿਹਾਰ ਅੰਨ ਦਾਤਿਆਂ ਨਾਲ ਕੀਤਾ ਹੈ ਜਿਸ ਦੌਰਾਨ ਉਨਾਂ ਦੇ ਲਗ ਭਗ ਸਾਢੇ ਸੱਤ ਸੌ ਕਿਸਾਨ ਸ਼ਹੀਦ ਹੋ ਗਏ ਸਨ।ਇਸ ਰਵਈਏ ਕਰਕੇ ਪੰਜਾਬ ਦੇ ਵਾਸੀਆਂ ਦੇ ਮਨਾਂ ਵਿੱਚ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਪ੍ਰਤੀ ਨਫਰਤ ਪੈਦਾ ਹੋ ਗਈ ਸੀ, ਉਥੇ ਰਹਿੰਦੀ ਖੂੰਹਦੀ ਕਸਰ ਉਸ ਨੇ 500 ਸ਼ਹੀਦੀਆਂ ਪ੍ਰਾਪਤ ਕਰ ਗਏ ਕਿਸਾਨਾਂ ਪ੍ਰਤੀ ਸ਼ਬਦ ਮੈਘਾਲਿਆ ਦੇ ਗਵਰਨਰ ਸ੍ਰੀ ਸਤਿਆ ਪਾਲ ਮਲੱਕ ਨਾ਼ਲ ਗਲ ਬਾਤ ਕਰਦੇ ਪੂਰੀ ਕਰ ਦਿੱਤੀ ਹੈ ਕਿ ਉਹ "ਮੇਰੇ ਕਰਕੇ ਮਰੇ ਹਨ" ਨੇ ਵੀ ਬਲਦੀ ਤੇ ਤੇਲ ਪਾਉਣ ਦਾ ਕੰਮ ਕੀਤਾ ਹੈ। ਇਹੋ ਜਿਹੀਆਂ ਬੇਹੂਦੀਆਂ ਗੱਲਾਂ ਨੇ ਆਮ ਲੋਕਾਂ ਦੇ ਮਨਾਂ ਨੂੰ ਕਾਫੀ ਠੇਸ ਪਹੁੰਚਾਈ ਹੈ। ਉਨਾਂ ਵਿੱਚੋਂ ਬਹੁਤਿਆਂ ਲੋਕਾਂ ਸਮੇਤ ਭਾਰਤੀ ਜੰਨਤਾ ਪਾਰਟੀ ਦੇ ਹਮਦਰਦਾਂ ਤੇ ਵਰਕਰਾਂ ਨੇ ਇਸ ਕਰਕੇ ਵੀ ਫਿਰੋਜਪੁਰ ਵਿਖੇ 5 ਜਨਵਰੀ 2022 ਦੀ ਰੈਲੀ ਵਿੱਚ ਜਾਣਾ ਮੁਨਾਸਿਬ ਨਹੀਂ ਸੀ ਸਮਝਿਆ ਕਿਉਂਕਿ ਕਿਸਾਨ ਵਿਰੋਧੀ ਬਿੱਲ ਵਾਪਿਸ ਲੈਣ ਦੇ ਨਾਲ ਮੋਦੀ ਦੀ ਭਾਜਪਾ ਸਰਕਾਰ ਨੇ ਕਿਸਾਨਾਂ ਦੀਆਂ ਛੇ ਹੋਰ ਮੰਗਾਂ ਨੂੰ ਪ੍ਰਵਾਨ ਕੀਤੇ ਜਾਣ ਦਾ ਸਰਕਾਰੀ ਹਸਤਾਖਰਾਂ ਵਾਲਾ ਜਿਹੜਾ ਪੱਤਰ ਦਿੱਤਾ ਸੀ, ਏਨਾਂ ਸਮਾਂ ਲੰਘ ਜਾਣ ਦੇ ਬਾਵਜੂਦ ਉਸ ਦੀ ਪੂਣੀ ਤਕ ਨਹੀਂ ਸੀ ਕੱਤੀ ਗਈ।ਇਸ ਦੀ ਵੀ ਲੋਕਾਂ ਦੇ ਮਨਾਂ ਅੰਦਰ ਸਖਤ ਨਰਾਜਗੀ ਸੀ।ਕਿਸਾਨ ਆਗੂਆਂ ਨੇ ਆਪਣੇ ਸਵਾ ਸਾਲ ਤਕ ਚਲੇ ਅੰਦੋਲਨ ਦੌਰਾਨ ਲੋਕਾਂ ਨੂੰ ਦੇਸ਼ ਦੀਆਂ ਰਵਾਇਤੀ ਪਾਰਟੀਆਂ ਪ੍ਰਤੀ ਪੂਰੀ ਤਰਾਂ ਜਾਗਰੂਕ ਕਰ ਦਿੱਤਾ ਸੀ ਕਿ ਉਹ ਪਿਛਲੇ ਸਮੇਂ ਵਿੱਚ ਕਿੰਨੀਆਂ ਕੁ ਲੋਕ ਹਿਤੈਸ਼ੀ ਰਹੀਆਂ ਹਨ, ਉਸ ਤੋਂ ਪੂਰੀ ਤਰਾਂ ਪਰਦਾ ਚੁੱਕ ਕੇ ਉਨਾਂ ਤੋਂ ਮੁਕੱਤੀ ਤੇ ਛੁੱਟਕਾਰਾ ਪਾਉਣ ਬਾਰੇ ਵੀ ਪੂਰਾ ਚੁਕੰਨਾ ਕਰ ਦਿੱਤਾ ਸੀ। ਜਿਸ ਦਾ ਹਸ਼ਰ ਭਾਰਤੀ ਜੰਨਤਾ ਪਾਰਟੀ ਦੇ ਨਵੇਂ ਬਣੇ ਹਿਤੈਸੀਆਂ ਕੈਪਟਨ ਅਮਰਿੰਦਰ ਸਿੰਘ, ਰਾਣਾ ਸੋਢੀ, ਫਤਹਿ ਸਿੰਘ ਬਾਜਵਾ, ਬਾਦਲਾਂ ਦੇ ਚਹੇਤੇ ਰਹੇ ਸੁਖਦੇਵ ਸਿੰਘ ਢੀਂਡਸੇ ਆਦਿ ਵਰਗਿਆਂ ਕਈਆਂ ਹੋਰਨਾਂ ਨੂੰ ਵੀ ਰੈ਼ਲੀ ਵਿੱਚ ਸ਼ਾਮਲ ਨਾ ਹੋ ਕੇ ਦਿਖਾ ਦਿੱਤਾ ਹੈ, ਜਿਹੜੇ ਕਤਾਰ ਬੰਨੀ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ ਲਈ ਪੱਬਾਂ ਭਾਰ ਹੋਏ ਬੈਠੇ ਸਨ। ਇਨਾਂ ਦੇਸ਼ ਦੇ ਗਦਾਰਾਂ ਨੂੰ ਉਨਾਂ ਪ੍ਰਤੀ ਬਣ ਰਹੀ ਫਿ਼ਲਮ ਦਾ ਟਰੇਲਰ ਵੀ ਦਿਖਾ ਦਿੱਤਾ ਹੈ ਕਿ ਲੋਕ ਹੁਣ ਅੱਖਾਂ ਮੀਚ ਕੇ ਸੁਆਰਥੀ ਪਾਰਟੀਆਂ ਤੇ ਉਨਾਂ ਦੇ ਲੀਡਰਾਂ ਦੇ ਮਗਰ ਲਗਣ ਵਾਲੇ ਨਹੀਂ ਰਹਿ ਗਏ ।

ਇਹੋ ਜਿਹੇ ਦਿਨ ਦਿਹਾੜ੍ਹੇ ਤਾਰੇ ਪੰਜਾਬ ਦੇ ਲੋਕਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਤੇ ਉਸ ਦੀ ਪਾਰਟੀ ਭਾਰਤੀ ਜੰਨਤਾ ਪਾਰਟੀ ਨੂੰ ਵੀ ਇਸ ਰੈਲੀ ਵਿੱਚ ਸ਼ਮੂਲੀਅਤ ਨਾ ਕਰਕੇ ਵਿਖਾ ਦਿੱਤੇ ਹਨ। ਜਿਹੜੇ ਕਿਸਾਨਾਂ ਨਾਲ ਲਿਖਤੀ ਸਮਝੌਤਾ ਕਰਕੇ ਵੀ ਉਸ ਤੇ ਅਮਲ ਕਰਨਾ ਮੁਨਾਸਿਬ ਨਹੀਂ ਸਮਝਦੇ।ਦੇਸ਼ ਦੇ ਲੋਕਾਂ ਦਾ ਕਹਿਣਾ ਹੈ ਕਿ ਉਨਾਂ ਨੇ ਆਪਣੀ ਜਿੰਦਗੀ ਦੇ ਸੱਤਰ, ਪੰਝਤਰ ਸਾਲਾਂ ਵਿੱਚ ਇਹੋ ਜਿਹਾ ਭੈੜਾ ਵਤੀਰਾ ਹੋਰ ਸੰਸਾਰ ਦੇ ਕਿਸੇ ਵੀ ਪ੍ਰਧਾਨ ਮੰਤਰੀ ਨਾਲ ਹੁੰਦਾ ਨਹੀਂ ਵੇਖਿਆ, ਜਿਹੋ ਜਿਹਾ ਸ਼ਰਮਨਾਕ ਹਾਲ ਭਾਜਪਾ ਦੇ ਇਸ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨਾਲ ਪੰਜਾਬ ਰੈਲੀ ਦੌਰਾਨ ਹੋਇਆ ਹੈ ! ਉਨਾਂ ਦਾ ਕਹਿਣਾ ਹੈ ਕਿ ਭਾਰਤੀ ਜੰਨਤਾ ਪਾਰਟੀ ਸਮੇਤ ਸ੍ਰੀ ਨਰਿੰਦਰ ਮੋਦੀ ਜਿਨਾ ਮਰਜੀ ਰੌਲਾ ਪਾਈ ਜਾਣ ਕਿ ਪੰਜਾਬ ਦੀ ਕਾਂਗਰਸ ਸਰਕਾਰ ਨੇ ਭਾਜਪਾ ਵਰਕਰਾਂ ਤੇ ਉਨਾਂ ਦੇ ਸਹਿਯੋਗੀਆਂ ਨੂੰ ਰੈਲੀ ਵਿੱਚ ਆਉਣ ਨਹੀਂ ਦਿੱਤਾ ।ਜਿਥੋਂ ਤਕ ਇਸ ਦੋਸ਼ ਦਾ ਸੁਆਲ ਹੈ, ਸੰਸਾਰ ਦੇ ਲੋਕਾਂ ਨੇ ਸਭ ਦੇਖ ਲਿਆ ਕਿ ਕਿਵੇਂ ਪੰਜਾਬ ਦੇ ਸਿਰੜ੍ਹੀ ਕਿਸਾਨ ਜਨਵਰੀ ਦੀਆਂ ਕਕਰੀਲੀਆਂ ਰਾਤਾਂ ਵਿੱਚ ਪੁਲੀਸ ਨਾਲ ਲੋਹਾ ਲੈਂਦੇ ਆਪਣੇ ਹੱਠ ਤੇ ਪਹਿਰਾ ਦੇਂਦੇ ਰਹੇ ਕਿ ਅਸੀ ਸ੍ਰੀ ਨਰਿੰਦਰ ਮੋਦੀ ਦਾ ਸ਼ਾਂਤਮਈ ਢੰਗ ਨਾਲ ਵਿਰੋਧ ਕਰਨਾ ਹੈ। ਉਹ ਗੁੱਸੇ ਵਿੱਚ ਲਾਲ ਪੀਲੇ ਤੇ ਹਰਖੇ ਹੋਏ ਕਹਿ ਰਹੇ ਸਨ ਕਿ ਸਰਕਾਰ ਵਲੋਂ ਉਨਾਂ ਨੂੰ ਲਿਖਤੀ ਪੱਤਰ ਦੇ ਕੇ ਉਨਾਂ ਦੀਆਂ ਮੰਗਾਂ ਨੂੰ ਪ੍ਰਵਾਨ ਕੀਤੇ ਜਾਣ ਵੱਲ ਇਕ ਵੀ ਕਦੱਮ ਅੱਗੇ ਨਹੀਂ ਪੁਟਿਆ ।ਜੇ ਕਰ ਭਾਜਪਾ ਵਰਕਰਾਂ ਦਾ ਇਸ ਰੈਲੀ ਵਿੱਚ ਆਉਣ ਦਾ ਰਤਾ ਭਰ ਵੀ ਮਨ ਹੁੰਦਾ ਤਾਂ ਫਿਰ ਭਾਵੇਂ ਮੀਂਹ, ਤੂਫਾਨ ਕਿੰਨਾ ਵੀ ਕਿਉਂ ਨਾ ਹੁੰਦਾ? ਕਿਸਾਨਾਂ ਵਾਗੂੰ ਸਿਰੜ੍ਹ ਨਿਭਾਉਂਦੇ ਹੋਏ ਇਸ ਰੈਲੀ ਵਿੱਚ ਹਾਲਤ ਭਾਵੇਂ ਕਿਵੇਂ ਦੇ ਵੀ ਕਿਉਂ ਨਾ ਹੁੰਦੇ, ਉਹ ਇਸ ਰੈਲੀ ਵਿੱਚ ਸ਼ਾਮਲ ਹੋ ਸਕਦੇ ਸਨ। ਹਾਲਾਂ ਕਿ ਸਯੁੰਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਦਾ ਵਿਰੋਧ ਕੀਤੇ ਜਾਣ ਦਾ ਕੋਈ ਫੈਸਲਾ ਨਹੀਂ ਸੀ ਕੀਤਾ।ਸ੍ਰੀ ਨਰਿੰਦਰ ਮੋਦੀ ਦਾ ਸ਼ਾਤਮਈ ਢੰਗ ਨਾਲ ਵਿਰੋਧ ਕਰਨ ਦੀ ਕਾਲ ਕਿਸਾਨਾਂ ਦੀਆਂ ਸਿਰਫ ਅੱਠ ਨੌਂ ਉਨਾਂ ਜਥੇਬੰਦੀਆਂ ਦੀ ਹੀ ਸੀ ਜਿਹੜੀਆਂ ਰਾਜਨੀਤਕ ਚੋਣਾਂ ਵਿੱਚ ਵਿਸ਼ਵਾਸ਼ ਨਹੀਂ ਰਖਦੀਆਂ।ਜਿਥੋਂ ਤਕ ਮੋਦੀ ਦੀ ਇਸ ਰੈਲੀ ਵਿੱਚ ਭਾਜਪਾ ਵਰਕਰਾਂ ਦੇ ਨਾ ਜਾਣ ਦਾ ਸਬੰਧ ਹੈ। ਭਾਜਪਾ ਆਗੂਆਂ ਤੇ ਵਰਕਰਾਂ ਤੇ ਇਹ ਅਖਾਉਤ ਵੀ ਇੰਨ ਬਿੰਨ ਢੁੱਕਦੀ ਹੈ ਕਿ ਉਉੱਠ ਨਾ ਸਕੇ ਫਿੱਟੇ ਮੂੰਹ ਗੋਡਿਆਂ ਦਾ"।

ਕਈ ਜਿਲ੍ਹਿਆਂ ਤੋਂ ਪ੍ਰਾਪਤ ਹੋਈ ਸੂਚਨਾ ਤੋਂ ਇਹ ਵੀ ਪਤਾ ਲਗਾ ਹੈ ਕਿ ਪੰਜਾਬ ਦੇ ਹੋਰ ਜਿਲਿਆ ਵਾਂਗ ਰੋਪੜ੍ਹ ਜਿਲ੍ਹੇ ਦੇ ਪੁੱਲ ਤੇ ਭਾਰਤੀ ਜੰਨਤਾ ਪਾਰਟੀ ਦੀਆਂ ਸਵੇਰੇ ਦੱਸ ਵਜੇ ਤਕ ਚਾਰ, ਪੰਜ ਬੱਸਾਂ ਖਾਲਮ ਖਾਲੀ ਖੜ੍ਹੀਆਂ ਸਨ, ਉਨਾਂ ਸਾਰੀਆਂ ਬਸਾਂ ਵਿੱਚ ਸਿਰਫ 10-12 ਬੰਦੇ ਦੋ ਦੋ, ਤਿੰਨ ਤਿੰਨ ਕਰਕੇ ਬੈਠੇ ਜਰੂਰ ਸਨ। ਲੋਕਾਂ ਦਾ ਇਹ ਵੀ ਮੰਨਣਾ ਹੈ ਕਿ ਕੀ ਭਾਰਤੀ ਜੰਨਤਾ ਪਾਰਟੀ ਤੇ ਕੀ ਉਸ ਦੀ ਨਾਗਪੁਰੀ ਫੌਜ, ਸਰਕਾਰੀ ਤੰਤਰ ਦੀ ਆੜ੍ਹ ਤੋਂ ਬਿਨਾ ਇਕ ਕੱਦਮ ਵੀ ਬਾਹਰ ਰੱਖਣ ਦੀ ਜੁਅੱਰਤ ਨਹੀਂ ਰੱਖਦੀ। ਉਨਾਂ ਦਾ ਇਹ ਵੀ ਕਹਿਣਾ ਹੈ ਕਿ ਪਿਛਲੇ ਸਮੇਂ ਵਿੱਚ ਜਦੋਂ ਵੀ ਇਸ ਨਾਗਪੁਰੀ ਫੌਜ ਤੇ ਕੇਂਦਰ ਦੀ ਸਰਕਾਰ ਵਲੋਂ ਪਾਬੰਦੀਆਂ ਲਗਾਈਆਂ ਜਾਂਦੀਆਂ ਰਹੀਆਂ ਸਨ ਇਹ ਸਾਰੇ ਨਿੱਕਰਧਾਰੀ ਸੁਸਰੀ ਵਾਂਗੂ ਸੌਂ ਜਾਦੇ ਤੇ ਅੱਖ ਵਿੱਚ ਪਾਇਆ ਵੀ ਰੜਕਦੇ ਨਹੀਂ ਸਨ ਹੁੰਦੇ! ਇਹ ਸਾਰੇ ਸਰਕਾਰ ਦੀ ਹਿਫਾਜਤ ਨਾਲ ਹੀ ਗਿੱਣਵੇਂ ਮਿੱਣਵੇਂ ਕੱਦਮ ਪੁੱਟਣ ਵਾਲੇ ਯੋਧਿਆਂ ਦੀ ਫੌਜ ਹੈ। ਜਿਹੜੀ ਭੋਲੇ ਭਾਲੇ ਲੋਕਾਂ ਨੂੰ ਚੁੱਕ ਚੁੱਕਾ ਕੇ ਬੱਲਦੀ ਦੇ ਬੁੱਥੇ ਵਿੱਚ ਤਾਂ ਝੋਕ ਸਕਦੀ ਹੈ ਪਰ ਆਪ ਤਾਂ ਮਾੜਾ ਜਿਹਾ ਸੇਕ ਵੀ ਝੱਲ ਸਕਣ ਦੇ ਸਮਰੱਥ ਨਹੀਂ ਹੈ। ਇਸ ਸਮੇਂ ਗੋਦੀ ਮੀਡੀਆ ਦਾ ਪੂਰਾ ਜੋਰ ਲਗਾ ਹੋਇਆ ਹੈ ਕਿ ਉਹ ਸਾਰਾ ਦੋਸ਼ ਪੰਜਾਬ ਸਰਕਾਰ,ਪੁਲੀਸ ਪ੍ਰਸ਼ਾਸ਼ਨ ਤੇ ਮੜ੍ਹ ਕੇ ਪੰਜਾਬ ਵਿੱਚ "ਰਾਸ਼ਟਰਪਤੀ ਰਾਜ" ਲਗਵਾਉਣਾ ਚਾਹੁੰਦੀ ਸੀ। ਇਸ ਵਿੱਚ ਕੈਪਟਨ ਅਮਰਿੰਦਰ ਸਿੰਘ ਜਿਸ ਨੂੰ ਕਾਂਗਰਸ ਦੀ ਹਾਈ ਕਮਾਨ ਨੇ ਲਗ ਭਗ ਪੰਜ ਸਾਲ ਆਪਣੇ ਰਾਜ ਕਾਲ ਵਿੱਚ ਕੋਈ ਕੰਮ ਨਾ ਕੰਮ ਕੀਤੇ ਜਾਣ ਕਾਰਨ ਗੱਦੀਓਂ ਲਾਹਿਆ ਸੀ। ਉਸ ਨੇ ਸਾਰਾ ਜੋਰ ਲਗਾ ਰਖਿਆ ਸੀ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਲੀਡਰੀ ਨੂੰ ਪੰਜਾਬ ਵਿੱਚ 'ਗਵਰਨਰੀ ਰਾਜ' ਲਗਵਾ ਕੇ ਖਤਮ ਕਰਵਾ ਕੇ ਆਪਣੇ ਹਿਰਦੇ ਨੂੰ ਸ਼ਾਤ ਕੀਤਾ ਜਾਵੇ।ਉਹ ਇਕ ਨੁਕਾਤੀ ਪ੍ਰੋਗਰਾਮ ਤੇ ਕੰਮ ਕਰਦੇ ਨਜਰ ਆ ਰਹੇ ਸਨ। ਉਨਾਂ ਨੂੰ ਨਾ ਤਾਂ ਪੰਜਾਬ ਨਾਲ ਕੋਈ ਹਿੱਤ ਹੈ ਤੇ ਨਾ ਹੀ ਪੰਜਾਬ ਦੇ ਲੋਕਾਂ ਨਾਲ। ਜੇ ਹਿੱਤ ਹੈ ਤਾਂ ਬਾਦਲਾਂ ਵਾਂਗੂ ਸਿਰਫ ਆਪਣੀ ਗੱਦੀ ਤੇ ਪੈਸੇ ਕਮਾਉਣ ਨਾਲ ਹੈ।ਇਸੇ ਕਰਕੇ ਕੈਪਟਨ ਤੇ ਬਾਦਲ ਰੱਲ ਕੇ ਵਾਰੋ ਵਾਰੀ ਪੰਜਾਬ ਤੇ ਰਾਜ ਕਰਦੇ ਰਹੇ ਹਨ। ਉਹ ਆਪਣੀ ਨਫਰਤੀ ਅੱਗ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਮੋਹਰਾ ਬਣਾ ਕੇ ਠੰਡੀ ਕਰਨਾ ਚਾਹੁੰਦੇ ਸਨ। ਪਰ ਪੰਜ ਸੂਬਿਆਂ ਸਮੇਤ ਪੰਜਾਬ ਵਿੱਚ ਚੋਣਾਂ ਦੀ ਮਿਤੀ ਦਾ ਐਲਾਨ ਹੋਣ ਨਾਲ ਕੈਪਟਨ ਸਾਹਿਬ ਦੇ ਮਨ ਦੀਆਂ ਸਾਰੀਆਂ ਧਰੀਆਂ ਧਰਾਈਆਂ ਹੀ ਰਹਿ ਗਈਆਂ ਹਨ। ਭਾਰਤ ਦੇ ਪ੍ਰਧਾਨ ਮੰਤਰੀ ਦਾ ਬਿਆਨ ਬੜਾ ਸ਼ਾਤਰ ਭਰਿਆ ਹੈ ਇੰਝ ਲਗਦਾ ਕਿ ਉਹ ਵੀ ਚੋਣਾਂ ਜਿੱਤਣ ਦੀ ਆਸ ਵਿੱਚ ਪੰਜਾਬ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਨਾ ਚਾਹੁੰਦੇ ਸਨ? ਪਰ ਦੇਸ਼ ਦੇ ਗੰਭੀਰ ਬਣੇ ਹਾਲਤਾਂ ਨੇ ਉਨਾਂ ਨੂੰ ਇੰਝ ਨਹੀਂ ਕਰਨ ਦਿੱਤਾ। ਹੁਣ ਤਾਂ ਪ੍ਰੈਸ ਵਿੱਚ ਆਈਆਂ ਟੀ. ਵੀ. ਦੀਆਂ ਸਾਰੀਆਂ ਕਲਿਪਾਂ ਨੇ ਸੰਸਾਰ ਭਰ ਵਿੱਚ ਵਿਖਾ ਕੇ ਸਾਬਤ ਕਰ ਦਿੱਤਾ ਹੈ ਕਿ ਪ੍ਰਧਾਨ ਮੰਤਰੀ ਦੇ ਸੜਕੀ ਰਸਤੇ ਵਿੱਚ ਕਿਸਾਨ ਤਾਂ ਵਿਰੋਧ ਕਰਨ ਲਈ ਆਏ ਹੀ ਨਹੀਂ ਸਨ, ਜੇਕਰ ਪ੍ਰਧਾਨ ਮੰਤਰੀ ਦੇ ਕਾਰ ਨਜਦੀਕ ਆਏ ਸਨ ਤਾਂ ਉਹ ਭਾਰਤੀ ਜੰਨਤਾ ਪਾਰਟੀ ਦੇ ਆਗੂ ਤੇ ਲੀਡਰ ਹੀ ਸਨ। ਜਿਹੜੇ ਪ੍ਰਧਾਨ ਮੰਤਰੀ ਦੀ ਹਮਾਇਤ ਵਿੱਚ ਉੱਚੀ ਉੱਚੀ "ਸ੍ਰੀ ਨਰਿੰਦਰ ਮੋਦੀ ਜਿੰਦਾ ਬਾਦ", ਬੰਦੇ ਮਾਤਰਮ, ਭਾਰਤ ਮਾਤਾ ਕੀ ਜੈ , ਦੇ ਨਾਹਰੇ ਲਗਾ ਰਹੇ ਸਨ , ਉਨਾਂ ਦੇ ਹੱਥਾਂ ਵਿੱਚ ਭਾਰਤੀ ਜੰਨਤਾ ਪਾਰਟੀ ਦੇ ਝੰਡੇ ਵੀ ਫੜ੍ਹੇ ਹੋਏ ਸਨ। ਭਾਰਤੀ ਜੰਨਤਾ ਪਾਰਟੀ ਦੇ ਆਗੂਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਸਕਿਉਰਿਟੀ ਦੀ ਸਾਰੀ ਜਿੰਮੇਵਾਰੀ ਕੇਂਦਰ ਦੀ ਐਸ. ਪੀ. ਜੀ ., ਆਈ .ਬੀ, ਵਗੈਰਾ ਵਗੈਰਾ ਕਈ ਏਜੰਸੀਆਂ ਦੀ ਮੁੱਖ ਤੌਰਤੇ ਹੁੰਦੀ ਹੈ ਜਿਸ ਨੂੰ ਉਹ ਪ੍ਰਧਾਨ ਮੰਤਰੀ ਦੇ ਆਉਣ ਤੋਂ ਪੰਜ ਦਿਨ ਪਹਿਲਾਂ ਆਪਣੇ ਅਧੀਨ ਕਰ ਲੈਂਦੇ ਹਨ। ਪ੍ਰਧਾਨ ਮੰਤਰੀ ਜਿਸ ਏਰੀਏ ਵਿੱਚ ਆ ਰਹੇ ਸਨ ਉਹ ਤਾਂ ਨਵੇਂ ਕਾਨੂੰਨ ਮੁਤਾਬਿਕ ਬੀ.ਐਸ. ਐਫ. ਦੇ ਅਧੀਨ ਹੋਣ ਕਾਰਨ ਸੁਰਖਿਆ ਦੀ ਸਾਰੀ ਜਿੰਮੇਵਾਰੀ ਉਸ ਦੀ ਵੀ ਬਣਦੀ ਹੈ।ਇਹ ਵੀ ਦਸਿਆ ਜਾਂਦਾ ਹੈ ਕਿ ਉਸ ਪ੍ਰਾਂਤ ਦਾ ਡੀ. ਜੀ .ਪੀ. ਵੀ ਕੇਂਦਰੀ ਏਜੰਸੀਆਂ ਐਸ. ਪੀ. ਜੀ. , ਆਈ. ਬੀ. ਆਦਿ ਵਰਗੀਆਂ ਗੁੱਪਤ ਏਜੰਸੀਆਂ ਦੇ ਅਧੀਨ ਆ ਜਾਂਦਾ ਹੈ।ਜਿਵੇਂ ਕਿ ਦੋਸ਼ ਲਗਾਇਆ ਜਾ ਰਿਹਾ ਹੈ, ਜੇ ਕਰ ਪੰਜਾਬ ਸਰਕਾਰ ਇਸ ਵਿੱਚ ਦੋਸ਼ੀ ਹੈ ਤਾਂ ਉਸ ਵਿੱਚ ਭਾਰਤ ਦਾ ਗ੍ਰਹਿ ਮੰਤਰੀ , ਉਸ ਦੇ ਖੁਫੀਆ ਅਧਿਕਾਰੀ ਸਮੇਤ ਪੰਜਾਬ ਸਰਕਾਰ ਤੇ ਸਾਰਾ ਪੁਲੀਸ ਤੰਤਰ ਵੀ ਉਨਾ ਹੀ ਦੋਸ਼ੀ ਕਿਹਾ ਜਾ ਸਕਦਾ ਹੈ।ਸਰਬ ਉੱਚ ਅਦਾਲਤ ਦੇ ਸੀਨੀਅਰ ਵਕੀਲ ਭਾਨੂੰ ਪ੍ਰਤਾਪ ਸਿੰਘ ਦਾ ਕਹਿਣਾ ਹੈ ਕਿ ਮੋਦੀ ਸਾਹਿਬ ਸਾਰਾ ਡਰਾਮਾ ਕਰ ਰਹੇ ਹਨ।ਕਿਉਂ ਕਿ ਉਨਾਂ ਨੇ ਹੁਣ ਤਕ ਕੋਈ ਵੀ ਲੋਕ ਭਲਾਈ ਦਾ ਕੰਮ ਹੀ ਨਹੀਂ ਕੀਤਾ। ਜਿਸ ਕਰਕੇ ਉਹ ਪ੍ਰਾਂਤਾਂ ਵਿੱਚ ਮੂੰਹ ਦਿਖਾਉਣ ਜੋਗੇ ਹੀ ਨਹੀਂ ਰਹਿ ਗਏ। ਉਹ ਪੰਜਾਬੀਆਂ ਤੇ ਸਿੱਖਾਂ ਨੂੰ ਬੇਵਜਾ 'ਅਤਿਵਾਦੀ, ਖਾਲਿਸਤਾਨੀ' ਕਹਿ ਕੇ ਬਦਨਾਮ ਕਰਕੇ ਉਨਾਂ ਦਾ ਵਕਾਰ ਖਰਾਬ ਕਰਨਾ ਚਾਹੁੰਦੇ ਹਨ।ਪੰਜਾਬ ਦੇ ਸੀਨੀਅਰ ਪੱਤਰਕਾਰ ਸ੍ਰ ਜਗਤਾਰ ਸਿੰਘ ਨੇ ਇਕ ਟੀ. ਵੀ . ਚੈਨਲ ਤੇ ਗੱਲ ਬਾਤ ਕਰਦਿਆਂ ਕਿਹਾ ਹੈ ਕਿ ਪ੍ਰਧਾਨ ਮੰਤਰੀ ਦਾ ਪ੍ਰੋਗਰਾਮ ਸੜਕ ਦੁਆਰਾ ਜਾਣ ਦਾ ਹੈ ਹੀ ਨਹੀਂ ਸੀ, ਕਿਉਂਕਿ ਮੌਸਮ ਬਾਰੇ ਕਈ ਦਿਨ ਪਹਿਲਾਂ ਹੀ ਲਗ ਜਾਂਦਾ ਹੈ ਕਿ ਬਾਰਸ਼ ਕਈ ਦਿਨ ਹੋਣੀ ਹੈ।ਉਨਾਂ ਦਾ ਇਹ ਕਹਿਣਾ ਕਿ ਉਜਾਨ ਬਚਾ ਕੇ ਆ ਗਿਆ ਹਾਂ" ਸਮਝ ਨਹੀਂ ਆ ਰਿਹਾ ਕਿ ਮੋਦੀ ਸਾਹਿਬ ਦੀ ਜਾਨ ਨੂੰ ਕਿਹੋ ਜਿਹਾ ਖਤਰਾ ਆ ਗਿਆ ਸੀ? ਉਹ ਪਾਕਿਸਤਾਨ ਦੇ ਬਿਲਕੁਲ ਨਜਦੀਕ ਬਿਨਾ ਪ੍ਰੋਗਰਾਮ ਦੇ ਹੁਸੈਨੀਵਾਲਾ ਗਏ, ਉਨਾਂ ਨੂੰ ਕਿਸੇ ਨੇ ਕੁਝ ਨਹੀਂ ਕਿਹਾ, ਪਿੰਡ ਪਿਆਰੇਵਾਲਾ ਪੁੱਲ ਤੇ ਉਨਾਂ ਦਾ ਕਾਫਲਾ 20 ਮਿੰਟ ਰੁਕਿਆ ਹੋਇਆ ਦਸਿਆ ਜਾ ਰਿਹਾ ਹੈ ਉਥੇ ਵੀ ਕਿਸੇ ਨੇ ਉਨਾਂ ਨੂੰ ਕੁਝ ਨਹੀਂ ਕਿਹਾ।ਇਸੇ ਸੀਨੀਅਰ ਪੱਤਰਕਾਰ ਦਾ ਇਹ ਵੀ ਕਹਿਣਾ ਹੈ ਕਿ ਪੁਲੀਸ ਨੇ ਤਾਂ ਮੋਦੀ ਸਾਹਿਬ ਨੂੰ ਰੈਲੀ ਵਿੱਚ ਜਾਣ ਦਾ ਬਦਲਵਾਂ ਰੂਟ ਵੀ ਦੇ ਦਿੱਤਾ ਸੀ ਪਰ ਮੋਦੀ ਸਾਹਿਬ ਨੇ ਆਪ ਹੀ ਆਪਣੇ ਪੱਧਰ ਤੇ ਵਾਪਿਸ ਜਾਣ ਦਾ ਨਿਰਣਾ ਲਿਆ ਹੈ। ਉਨਾਂ ਦਾ ਇਹ ਵੀ ਕਹਿਣਾ ਹੈ ਕਿ ਬਠਿੰਡੇ ਹਵਾਈ ਅੱਡੇ ਤੇ ਪੁੱਜ ਕੇ ਜਾਨ ਬੱਚਾ ਕੇ ਆਉਣ ਦਾ ਸੁਨੇਹਾ ਭੇਜਣਾ, ਇਹ ਦੱਸ ਰਿਹਾ ਹੈ ਕਿ ਮੋਦੀ ਸਾਹਿਬ ਨੂੰ ਪਤਾ ਲਗ ਗਿਆ ਸੀ ਕਿ ਰੈਲੀ ਵਾਲੀ ਥਾਂ ਤੇ ਜਿਥੇ 70 ਹਜਾਰ ਤੋਂ ਵੱਧ ਕੁਰਸੀਆਂ ਲਗਾਈਆਂ ਗਈਆਂ ਸਨ। ਉਥੇ ਤਾਂ ਪੱਤਰਕਾਰਾਂ ਸਮੇਤ ਕੁਝ ਸੈਂਕੜੇ ਲੋਕ ਹੀ ਸਨ, ਸਾਰੀਆਂ ਕੁਰਸੀਆਂ ਖਾਲੀ ਭਾਂ ਭਾਂ ਕਰ ਰਹੀਆਂ ਸਨ। ਉਹ ਪ੍ਰਧਾਨ ਮੰਤਰੀ ਨੂੰ ਸੁਣਨ ਲਈ ਆਏ ਹੀ ਨਹੀਂ ਸਨ। ਭਾਰਤ ਦੇ ਪ੍ਰਧਾਨ ਮੰਤਰੀ ਤੇ ਭਾਰਤੀ ਜੰਨਤਾ ਪਾਰਟੀ ਆਪਣੀ ਇਸ ਕੰਮਜੋਰੀ ਨੂੰ ਲੁਕਾਉਣ ਲਈ ਕਦੇ ਸ੍ਰ ਚਰਨਜੀਤ ਸਿੰਘ ਚੰਨੀ ਦੀ ਕਾਂਗਰਸ ਸਰਕਾਰ ਤੇ ਕਦੇ ਉਸ ਦੇ ਗ੍ਰਹਿ ਵਿਭਾਗ ਨੂੰ ਦੋਸ਼ੀ ਦਸਦੇ ਹਨ ਤੇ ਕਦੇ ਕਹਿੰਦੇ ਹਨ ਕਿ ਉਨਾਂ ਦੀ ਸੁਰਖਿਆ ਦੇ ਪੂਰਨ ਪ੍ਰਬੰਧ ਨਹੀਂ ਸਨ ਕੀਤੇ ਗਏ। ਉਸ ਸੀਨੀਅਰ ਜਨਰਲਿਸਟ ਨੇ ਇਕ ਹੋਰ ਗੱਲ ਕਹੀ ਹੈ ਕਿ ਇਹ ਭਾਜਪਾ ਦੀ ਇਹ ਪਹਿਲੀ ਰੈਲੀ ਸੀ ਜਿਹੜੀ ਉਸ ਨੇ ਪੰਜਾਬ ਵਿੱਚ ਇੱਕਲੇ ਰੂਪ ਵਿੱਚ ਆਪਣੇ ਪੱਧਰ ਤੇ ਕੀਤੀ ਹੈ।ਇਸ ਨੇ ਭਾਜਪਾ ਨੂੰ ਪੰਜਾਬ ਵਿੱਚ ਆਪਣੀ ਪਾਰਟੀ ਦੀ ਨਿਰੋਲ ਸਰਕਾਰ ਬਣਾਏ ਜਾਣ ਦਾ ਹਕੀਕੀ ਚਿਹਰਾ ਵਿਖਾਉਂਦੇ ਅਗਾਊਂ ਦੱਸ ਦਿੱਤਾ ਹੈ ਕਿ ਪੰਜਾਬ ਤੇ ਨਾਲ ਲਗਦੇ ਪ੍ਰਾਤਾਂ ਦੇ ਲੋਕ ਵੀ ਭਾਜਪਾ ਨੂੰ ਬਿਲਕੁਲ ਪਸੰਦ ਨਹੀਂ ਕਰਦੇ।

ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਵਲੋਂ ਪੰਜਾਬ ਪ੍ਰਤੀ ਇਹ ਸ਼ਬਦ ਬੋਲ ਕੇ ਸੰਸਾਰ ਭਰ ਵਿੱਚ ਜਿਥੇ ਆਪਣੀ ਖਿੱਲੀ ਉਡਾਈ ਹੈ ਉਥੇ ਪੰਜਾਬ ਦਾ ਵੀ ਨਿਰਾਦਰ ਕਰਨ ਦੀ ਕੋਹਝੀ ਚਾਲ ਚਲੀ ਹੈ। ਸੰਸਾਰ ਭਰ ਦੇ ਲੋਕ ਪੰਜਾਬ ਦੇ ਵਾਸੀਆਂ ਦੇ ਕਲਚਰ ਨੂੰ ਭਲੀ ਭਾਂਤ ਜਾਣਦੇ ਹਨ ਕਿ ਉਹ ਤਾਂ ਆਪਣੇ ਦੁਸ਼ਮਣਾਂ ਤਕ ਨੂੰ ਘਰ ਆਉਣ ਤੇ ਸਿਰ ਤੇ ਬਿਠਾ ਲੈਂਦੇ ਹਨ, ਬਸ਼ਰਤੇ ਕਿ ਉਹ ਮਹਿਮਾਨ ਬਣ ਕੇ ਆਏ ਹੋਣ। ਪੰਜਾਬੀਆਂ ਦੇ ਸੁਭਾਅ ਬਾਰੇ ਵਰਨਣ ਕਰਦੇ ਪੰਜਾਬੀ ਦੇ ਸਿਰਕੱਢ ਸ਼ਾਇਰ ਪ੍ਰੋ੍ ਪੂਰਨ ਸਿੰਘ ਕਹਿੰਦੇ ਹਨ ਕਿ "ਪਿਆਰ ਨਾਲ ਇਹ ਕਰਨ ਗੁਲਾਮੀ, ਜਾਨ ਕੋਹ ਆਪਣੀ ਵਾਰ ਦੇਂਦੇ, ਪਰ ਟੈਂ ਨਾ ਮੰਨਣ ਕਿਸੇ ਦੀ, ਖਲੋ ਜਾਣ ਡਾਂਗਾਂ ਮੋਢੇ ਤੇ ਉਲਾਰ ਕੇ" ਮੋਦੀ ਸਾਹਿਬ ਦਾ ਇਹ ਖਤਰਨਾਕ ਬਿਆਨ ਦੇਸ਼ ਵਿੱਚ ਅੱਗ ਦੇ ਭਾਂਬੜ੍ਹ ਬਾਲ ਸਕਦਾ ਸੀ। ਪਰ ਸ਼ਾਬਾਸ਼ ਹੈ ਦੇਸ਼ ਦੇ ਲੋਕਾਂ ਦੀ!



ਜੰਗ ਸਿੰਘ
91-94170-95965

ਜਿਨਾਂ ਨੇ ਮੋਦੀ ਸਾਹਿਬ ਦੇ ਇਸ ਭੜਕਾਊ ਬਿਆਨ ਨੂੰ ਅਣਗੋਲਿਆਂ ਕਰ ਦਿੱਤਾ। ਰਾਜਸੀ ਚਿੰਤਕਾਂ ਦਾ ਮੰਨਣਾ ਹੈ ਕਿ ਪ੍ਰਧਾਨ ਮੰਤਰੀ ਸਾਹਿਬ ਦਾ ਪਿਛਲਾ ਰੀਕਾਰਡ ਲੋਕਾਂ ਵਿੱਚ ਅੱਗ ਲਗਾਉਣ ਵਾਲਾ ਹੀ ਰਿਹਾ ਹੈ। ਲੋਕਾਂ ਨੂੰ ਇੰਨ ਬਿੰਨ ਯਾਦ ਹੈ ਕਿ ਜਦੋਂ ਉਹ ਗੁਜਰਾਤ ਦੇ ਮੁੱਖ ਮੰਤਰੀ ਸਨ ਤਾਂ ਵਦੋਦਰਾ ਵਿਖੇ ਕਿਵੇਂ ਵੱਡੀ ਗਿਣਤੀ ਵਿੱਚ ਮੁਸਲਮਾਨਾਂ ਦਾ ਘਾਣ ਕਰਾਇਆ ਗਿਆ ਸੀ ਉਸ ਵੇਲੇ ਇਹ ਵੀ ਚਰਚਾ ਰਹੀ ਸੀ ਕਿ ਮੋਦੀ ਸਾਹਿਬ ਸਮੇਤ ਇਕ ਹੋਰ ਭਾਰਤੀ ਜੰਨਤਾ ਪਾਰਟੀ ਦਾ ਸਿਰਕੱਢ ਆਗੂ ਜਿਹੜਾ ਇਸ ਸਮੇਂ ਭਾਰਤ ਸਰਕਾਰ ਵਿੱਚ ਇਕ ਅਹਿਮ ਅਹੁੱਦਾ ਸਾਂਭੀ ਬੈਠਾ ਹੈ। ਜਿਹੜਾ ਇਸ ਦੋਸ਼ ਤਹਿਤ ਕੁਝ ਮਹੀਨੇ ਜੇਲ੍ਹ ਦੀ ਹਵਾ ਵੀ ਖਾ ਚੁੱਕਾ ਹੈ। ਲੋਕ ਹਾਲੇ ਤਕ ਇਹ ਵੀ ਨਹੀਂ ਭੁੱਲੇ ਕਿ ਕਿਵੇਂ ਸੀ. ਬੀ .ਆਈ. ਦੇ ਜੱਜ ਸ੍ਰੀ ਲੋਇਆ ਜਿਸ ਨੂੰ ਪਹਿਲਾਂ ਕਈ ਪ੍ਰਕਾਰ ਦੇ ਲਾਲਚ ਦਿੱਤੇ ਗਏ ਪਰ ਜਦੋਂ ਦੇਖਿਆ ਕਿ ਉਹ ਕਿਸੇ ਤਰਾਂ ਦੀ ਆਈ ਵਿੱਚ ਨਹੀਂ ਆਉਂਦੇ ਦਾ ਯਕੀਨ ਹੋ ਗਿਆ ਸੀ ਕਿ ਉਸ ਜੱਜ ਰਾਹੀਂ ਵਦੋਦਰਾ ਵਿਖੇ ਹੋਈ ਹਿੰਸਾ ਦੇ ਕੇਸ ਦੇ ਦੋਸ਼ੀ ਹੋਣ ਕਾਰਨ, ਉਸ ਦੀ ਸਜਾ ਮਿਲਣੀ ਬਿਲਕੁਲ ਤਹਿ ਹੈ ਤਾਂ ਫਿਰ ਕਿਵੇਂ ਉਸ ਜੱਜ ਦਾ ਸਾਜਿਸ਼ ਤਹਿਤ ਇਕ ਵਿਆਹ ਸਮਾਗਮ ਵਿੱਚ ਘਾਣ ਕੀਤਾ ਦਸਿਆ ਗਿਆ ਹੈ? ਜਿਸ ਦੀ ਉਸ ਸਮੇਂ ਸੰਸਾਰ ਭਰ ਵਿੱਚ ਚਰਚਾ ਹੁੰਦੀ ਰਹੀ ਸੀ।

ਇਸ ਗੱਲ ਦਾ ਪਰਦਾ ਫਾਸ਼ ਇਕ ਮਸ਼ਹੂਰ ਪੱਤਰਕਾਰ ਮੈਡਮ ਅਯੂਬ ਰਾਣਾ , ਜੋ ਕਈ ਵਰ੍ਹੇ ਗੁਜਰਾਤ ਵਿੱਚ ਭੇਸ ਬਦਲ ਕੇ ਇਸ ਘਟਨਾ ਦਾ ਸਟਿੰਗ ਉਪਰੇਸ਼ਨ ਕਰਦੀ ਰਹੀ ਨੇ ਮੁੱਖ ਦੋਸ਼ੀ ਲੱਭ ਵੀ ਲਏ ਸਨ। ਜਿਸ ਦੇ ਇਵਜ ਵਿੱਚ ਉਸ ਨੂੰ ਬਾਅਦ ਵਿੱਚ ਕਈ ਪ੍ਰਕਾਰ ਦੀਆਂ ਸਰਕਾਰੀ ਪਰੇਸ਼ਾਨੀਆਂ ਦਾ ਸਾਹਮਣਾ ਵੀ ਕਰਨਾ ਪਿਆ ਸੀ।

ਪੰਜਾਬ ਦੇ ਫਿਰੋਜਪੁਰ ਸ਼ਹਿਰ ਵਿੱਚਲੀ ਰੈਲੀ ਤਾਂ ਇਤਿਹਾਸ ਦਾ ਪੰਨਾ ਤਾਂ ਬਣੇਗੀ। ਉਹ ਇਹ ਵੀ ਦਸੇਗੀ ਕਿ ਪ੍ਰਧਾਨ ਮੰਤਰੀ ਦੀ ਇਸ ਰੈਲੀ ਵਿੱਚ ਲੋਕਾਂ ਨੇ ਸ਼ਮੂਲੀਅਤ ਕਰਨੀ ਵਾਜਬ ਨਹੀਂ ਸੀ ਸਮਝੀ।

ਭਾਰਤ ਦੇ ਪ੍ਰਧਾਨ ਮੰਤਰੀ ਕਿਹੋ ਜਿਹੀ ਸੋਚ ਦੇ ਮਾਲਕ ਹਨ ਜੋ ਬਿਨਾ ਕਿਸੇ ਡਰ ਭਉ ਤੋਂ, ਪੰਜਾਬ ਦੇ ਵਾਸੀਆਂ, ਉਥੋਂ ਦੀ ਸਰਕਾਰ, ਦੇਸ਼ ਦੇ ਪੁਲੀਸ ਪ੍ਰਬੰਧਾਂ ਤੇ ਦੋਸ਼ ਲਗਾ ਕੇ ਏਨਾ ਗੈਰ -ਜਿੰਮੇਵਾਰਾਨਾਂ ਬਿਆਨ ਦੇ ਕੇ ਆਪਣੀ ਤੇ ਆਪਣੀ ਪਾਰਟੀ ਭਾਰਤੀ ਜੰਨਤਾ ਪਾਰਟੀ ਦੀ ਕੰਮਜੋਰੀ ਨੂੰ ਲੁਕਾਉਣ ਦਾ ਲੱਖ ਯਤਨ ਕਰ ਰਹੇ ਹਨ ਪਰ ਉਹ ਇਸ ਸਭ ਕੁਝ ਦੇ ਬਾਵਜੂਦ ਵੀ, ਇਸ ਵਿੱਚਲੀ ਅਸਲ ਸਚਾਈ ਲੁੱਕਾ ਨਹੀਂ ਸਕੇ? ਇਸ ਵਿਵਾਦਿਤ ਰੈਲੀ ਦੀ ਜਾਂਚ ਕੇਂਦਰੀ ਏਜੰਸੀਆਂ, ਪੰਜਾਬ ਦੀ ਸਰਕਾਰ ਦੇ ਨਾਲ ਸੁਪਰੀਮ ਕੋਰਟ ਵੱਖਰੇ ਵੱਖਰੇ ਕਰ ਰਹੇ ਹਨ। ਉਸ ਦੀ ਰੀਪੋਰਟ ਭਾਵੇਂ ਕੁਝ ਵੀ ਆਵੇ ਪਰ ਪੰਜਾਬ ਸਮੇਤ ਸੰਸਾਰ ਭਰ ਦੇ ਲੋਕ ਹਕੀਕਤ ਨੂੰ ਪੂਰੀ ਤਰ੍ਹਾਂ ਜਾਣ ਗਏ ਹਨ। ਜਿਸ ਨੂੰ ਭਾਰਤ ਦਾ ਇਤਿਹਾਸ ਕਦੇ ਵੀ ਮੁਆਫ ਨਹੀਂ ਕਰੇਗਾ।

# ਅਫ਼ਗਾਨਿਸਤਾਨ ਤਕ ਮਦਦ ਪਹੁੰਚਾਉਣ 'ਚ ਭਾਰਤ ਦੀ ਮਦਦ ਲਈ ਈਰਾਨ ਤਿਆਰ

**ਨਵੀਂ ਦਿੱਲੀ-** ਈਰਾਨ ਨੇ ਭਾਰਤ ਨੂੰ ਗੰਭੀਰ ਮਨੁੱਖੀ ਸੰਕਟ ਨਾਲ ਜੂਝ ਰਹੇ ਅਫ਼ਗਾਨਿਸਤਾਨ ਤਕ ਕਣਕ, ਦਵਾਈਆਂ ਤੇ ਕੋਵਿਡ ਵੈਕਸੀਨ ਪਹੁੰਚਾਉਣ 'ਚ ਮਦਦ ਕਰਨ ਦੀ ਪੇਸ਼ਕਸ਼ ਕੀਤੀ ਹੈ। ਪਾਕਿਸਤਾਨ ਦੇ ਸੜਕ ਮਾਰਗ ਜ਼ਰੀਏ ਅਫ਼ਗਾਨਿਸਤਾਨ ਤਕ ਮਦਦ ਸਮੱਗਰੀ ਪਹੁੰਚਾਉਣ ਦੇ ਮੁੱਦੇ 'ਤੇ ਇਮਰਾਨ ਖ਼ਾਨ ਸਰਕਾਰ ਫ਼ਿਲਹਾਲ ਕੋਈ ਫ਼ੈਸਲਾ ਨਹੀਂ ਲੈ ਸਕੀ। ਈਰਾਨ ਵਿਦੇਸ਼ ਮੰਤਰਾਲੇ ਮੁਤਾਬਕ ਵਿਦੇਸ਼ ਮੰਤਰੀ ਹੁਸੈਨ ਆਮਿਰ-ਅਬਦੁੱਲਾਹਿਆਨ ਨੇ ਸ਼ਨਿਚਰਵਾਰ ਨੂੰ ਆਪਣੇ ਭਾਰਤੀ ਹਮ ਰੁਤਬਾ ਐੱਸ ਜੈਸ਼ੰਕਰ ਨਾਲ ਟੈਲੀਫੋਨ 'ਤੇ ਗੱਲਬਾਤ ਦੌਰਾਨ ਅਫ਼ਗਾਨਿਸਤਾਨ 'ਚ ਮਿਲੀ-ਜੁਲੀ ਸਰਕਾਰ ਦੇ ਗਠਨ 'ਤੇ ਵੀ ਜ਼ੋਰ ਦਿੱਤਾ।

ਵਿਦੇਸ਼ ਮੰਤਰੀ ਨੇ ਇਕ ਬਿਆਨ 'ਚ ਕਿਹਾ ਕਿ ਅਬਦੁੱਲਾਹਿਆਨ ਨੇ ਮੁੱਖ ਦੁਵੱਲੇ, ਖੇਤਰੀ ਤੇ ਕੌਮਾਂਤਰੀ ਮੁੱਦਿਆਂ 'ਤੇ ਜੈਸ਼ੰਕਰ ਨਾਲ ਵਿਚਾਰਾਂ ਦਾ ਅਦਾਨ-ਪ੍ਰਦਾਨ ਕੀਤਾ। ਉਨ੍ਹਾਂ ਈਰਾਨ 'ਚ ਕੋਵਿਡ ਟੀਕਾਕਰਨ ਦੀ ਸਥਿਤੀ 'ਤੇ ਵੀ ਚਰਚਾ ਕੀਤੀ। ਜੈਸ਼ੰਕਰ ਨੇ ਮਹਾਮਾਰੀ ਖ਼ਿਲਾਫ਼ ਭਾਰਤ ਦੀ ਲੜਾਈ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਕੋਰੋਨਾ ਪੀੜਤਾਂ ਦੀ ਗਿਣਤੀ 'ਚ ਵਾਧਾ ਵਿਚਾਲੇ ਟੀਕਾਕਰਨ ਮੁਹਿੰਮ ਵੀ ਤੇਜ਼ ਰਫ਼ਤਾਰ ਨਾਲ ਅੱਗੇ ਵੱਧ ਰਹੀ ਹੈ। ਪੱਛਮੀ ਦੇਸ਼ਾਂ ਨਾਲ ਪਰਮਾਣੂ ਸਮਝੌਤੇ ਤੇ ਪਾਬੰਦੀਆਂ 'ਚ ਢਿੱਲ ਦੇ ਮੁੱਦੇ 'ਤੇ ਗੱਲਬਾਤ ਦੇ ਸਬੰਧ 'ਚ ਅਬਦੁੱਲਾਹਿਆਨ ਨੇ ਕਿਹਾ ਕਿ ਇਕ 'ਚੰਗੇ ਸਮਝੌਤੇ' ਦੀ ਉਮੀਦ ਹੈ।




ਭਾਰਤ ਜੀਵਨ ਰੱਖਿਅਕ ਦਵਾਈਆਂ ਤੇ ਕੋਵਿਡ-19 ਟੀਕਿਆਂ ਦੀਆਂ ਤਿੰਨ ਵੱਖ-ਵੱਖ ਖੇਪਾਂ ਅਫ਼ਗਾਨਿਸਤਾਨ ਭੇਜ ਚੁੱਕਾ ਹੈ ਤੇ 50 ਹਜ਼ਾਰ ਟਨ ਕਣਕ ਦੀ ਸਪਲਾਈ ਦਾ ਵਾਅਦਾ ਕੀਤਾ ਸੀ ਪਰ ਪਾਕਿਸਤਾਨ ਦੇ ਸੜਕ ਮਾਰਗ ਜ਼ਰੀਏ ਅਫ਼ਗਾਨਿਸਤਾਨ ਨੂੰ ਸਹਾਇਤਾ ਪਹੁੰਚਾਉਣ ਦੇ ਤੌਰ-ਤਰੀਕਿਆਂ ਬਾਰੇ ਇਮਰਾਨ ਖ਼ਾਨ ਸਰਕਾਰ ਵੱਲੋਂ ਫ਼ੈਸਲਾ ਨਾ ਲਏ ਜਾਣ ਕਾਰਨ ਹੁਣ ਕਣਕ ਦੀ ਸਪਲਾਈ ਨਹੀਂ ਹੋ ਪਾਈ। ਭਾਰਤ ਕੋਲ ਈਰਾਨ 'ਚ ਚਾਬਹਾਰ ਬੰਦਰਗਾਹ ਜ਼ਰੀਏ ਅਫ਼ਗਾਨਿਸਤਾਨ ਨੂੰ ਸਹਾਇਤਾ ਭੇਜਣ ਦਾ ਬਦਲ ਮੌਜੂਦ ਹੈ। ਈਰਾਨ ਤੇ ਅਫ਼ਗਾਨਿਸਤਾਨ ਲਗਪਗ 920 ਕਿਲੋਮੀਟਰ ਲੰਬੀ ਸਰਹੱਦ ਸਾਂਝੀ ਕਰਦੇ ਹਨ।

ਜੈਸ਼ੰਕਰ ਨੇ ਸ਼ਨਿਚਰਵਾਰ ਨੂੰ ਟਵੀਟ ਕੀਤਾ ਸੀ ਕਿ ਈਰਾਨੀ ਵਿਦੇਸ਼ ਮੰਤਰੀ ਨਾਲ ਵਿਵਹਾਰਕ ਗੱਲਬਾਤ ਹੋਈ। ਉਨ੍ਹਾਂ ਨਾਲ ਕੋਵਿਡ ਦੀਆਂ ਮੁਸ਼ਕਲਾਂ, ਅਫ਼ਗਾਨਿਸਤਾਨ 'ਚ ਚੁਣੌਤੀਆਂ, ਚਾਬਹਾਰ ਦੀਆਂ ਸੰਭਵਾਨਾਵਾਂ ਤੇ ਈਰਾਨੀ ਪਰਮਾਣੂ ਮੁੱਦੇ ਦੀਆਂ ਮੁਸ਼ਕਲਾਂ 'ਤੇ ਚਰਚਾ ਹੋਈ। ਬੀਤੇ ਸਾਲ 15 ਅਗਸਤ ਨੂੰ ਤਾਲਿਬਾਨ ਦੇ ਕਬਜ਼ੇ 'ਚ ਆਉਣ ਤੋਂ ਬਾਅਦ ਅਫ਼ਗਾਨਿਸਤਾਨ ਦੇ ਘਟਨਾਕ੍ਰਮ ਬਾਰੇ ਭਾਰਤ ਤੇ ਈਰਾਨ ਲਗਾਤਾਰ ਸੰਪਰਕ 'ਚ ਹੈ।

ਈਰਾਨੀ ਰਾਸ਼ਟਰੀ ਸੁਰੱਖਿਆ ਸਲਾਹਕਾਰ ਨੇ ਦੋ ਮਹੀਨੇ ਪਹਿਲਾਂ ਅਫ਼ਗਾਨ ਸੰਕਟ 'ਤੇ ਭਾਰਤ ਵੱਲੋਂ ਕਰਵਾਏ ਇਕ ਖੇਤਰੀ ਸੰਮੇਲਨ 'ਚ ਵੀ ਹਿੱਸਾ ਲਿਆ ਸੀ।

# ਬਾਬੂ ਮੰਗੂ ਰਾਮ ਮੂਗੋਵਾਲੀਆ ਬਹੁਤੇ ਸਕੂਲਾਂ ਵਿੱਚ ਦਾਖਲ ਹੋਣ ਵਾਲੇ ਪਹਿਲੇ ਦਲਿਤ ਵਿਦਿਆਰਥੀ ਸਨ



ਕੁਲਦੀਪ ਚੰਦ
91-9417563054

ਸਾਡੇ ਦੇਸ਼ ਦੀ ਸਮਾਜਿਕ ਬਣਤਰ ਅਤੇ ਮੰਨੂਵਾਦੀ ਪ੍ਰਥਾ ਕਾਰਨ ਸਮਾਜ ਵੱਖ ਵੱਖ ਵਰਗਾਂ ਵਿੱਚ ਵੰਡਿਆਂ ਰਿਹਾ ਹੈ ਅਤੇ ਸਮਾਜ ਦੇ ਕੁੱਝ ਵਰਗਾਂ ਵਿਸ਼ੇਸ਼ ਤੋਰ ਤੇ ਚੋਥੇ ਵਰਣ ਸ਼ੂਦਰਾਂ ਨੂੰ ਵਿਦੇਸ਼ੀ ਸ਼ਾਸ਼ਕਾਂ ਤੋਂ ਇਲਾਵਾ ਅਪਣੇ ਦੇਸ਼ ਦੇ ਲੋਕਾਂ ਦੀ ਗੁਲਾਮੀ ਦਾ ਸ਼ਿਕਾਰ ਵੀ ਰਹਿਣਾ ਪਿਆ ਹੈ। ਜਾਤ ਪਾਤ ਦੀ ਕੁਪ੍ਰਥਾ ਨੂੰ ਖਤਮ ਕਰਨ ਅਤੇ ਦੇਸ਼ ਵਾਸੀਆਂ ਨੂੰ ਬਰਾਬਰ ਦਾ ਦਰਜਾ ਦੇਣ ਲਈ ਸਮੇਂ ਸਮੇਂ ਤੇ ਕਈ ਸਮਾਜ ਸੁਧਰਾਕਾਂ ਨੇ ਅੰਦੋਲਨ ਚਲਾਏ ਹਨ ਜਿਨ੍ਹਾਂ ਵਿੱਚ ਇੱਕ ਨਾਮ ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਹੈ ਜਿਨ੍ਹਾਂ ਨੇ ਸੰਘਰਸ਼ ਕੀਤਾ ਅਤੇ ਲਿਤਾੜ੍ਹੇ ਵਰਗਾਂ ਦੇ ਵਿਕਾਸ ਲਈ ਕੰਮ ਕੀਤਾ। ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਜਨਮ ਅੱਜ ਦੇ ਦਿਨ 14 ਜਨਵਰੀ, 1886 ਨੂੰ ਪਿੰਡ ਮੂਗੋਵਾਲ ਤਹਿਸੀਲ ਮਾਹਿਲਪੁਰ ਜਿਲ੍ਹਾ ਹੁਸ਼ਿਆਰਪੁਰ ਵਿੱਚ ਇੱਕ ਅਛੂਤ ਪਰਿਵਾਰ ਵਿੱਚ ਮਾਤਾ ਅਤਰੀ ਅਤੇ ਪਿਤਾ ਹਰਨਾਮ ਦਾਸ ਦੇ ਘਰ ਹੋਇਆ। ਆਪ ਦੇ ਪਿਤਾ ਚਮੜੇ ਦੇ ਧੰਦੇ ਨਾਲ ਜੁੜ੍ਹੇ ਹੋਏ ਸਨ ਅਤੇ ਚਮੜੇ ਦੇ ਵਪਾਰ ਸਬੰਧੀ ਅੰਗਰੇਜੀ ਵਿੱਚ ਆਏ ਆਰਡਰਾਂ ਨੂੰ ਪੜ੍ਹਣ ਲਈ ਉੱਚ ਜਾਤੀ ਦੇ ਪੜ੍ਹੇ ਲਿਖੇ ਵਿਅਕਤੀਆਂ ਤੋਂ ਮੱਦਦ ਲੈਣੀ ਪੈਂਦੀ ਸੀ। ਆਪ ਦੇ ਪਿਤਾ ਚਾਹੁੰਦੇ ਸਨ ਕਿ ਉਨ੍ਹਾਂ ਦੇ ਬੱਚੇ ਆਤਮ ਨਿਰਭਰ ਬਣਨ ਲਈ ਜਰੂਰੀ ਵਿੱਦਿਆ ਜਰੂਰ ਪ੍ਰਾਪਤ ਕਰਨ। ਆਪ ਦੀ ਉਮਰ ਲੱਗਭੱਗ ਤਿੰਨ ਸਾਲ ਦੀ ਸੀ ਜਦੋਂ ਮਾਤਾ ਦੀ ਮੋਤ ਹੋ ਗਈ। ਆਪ ਨੇ ਜਾਤ ਅਧਾਰਿਤ ਵਿੱਤਕਰੇ ਨੂੰ ਅਪਣੇ ਅੱਖੀਂ ਵੇਖਿਆ ਅਤੇ ਪਿੰਡੇ ਤੇ ਹੰਢਾਇਆ। ਆਪ ਨੇ ਪੰਜਾਬੀ ਦੀ ਸਿੱਖਿਆ ਅਪਣੇ ਪਿੰਡ ਵਿੱਚ ਹੀ ਇੱਕ ਡੇਰੇ ਦੇ ਸਾਧੂ ਤੋਂ ਪ੍ਰਾਪਤ ਕੀਤੀ ਅਤੇ ਬਾਦ ਵਿੱਚ ਬਜਵਾੜਾ ਸਕੂਲ ਅਤੇ ਦੇਹਰਾਦੂਨ ਵਿੱਚ ਪੜੇ ਅਤੇ ਅੰਗਰੇਜੀ ਵਿੱਚ ਗਿਆਨ ਹਾਸਲ ਕੀਤਾ। ਬਾਬੂ ਜੀ ਬਹੁਤੇ ਸਕੂਲਾਂ ਵਿੱਚ ਦਾਖਲ ਹੋਣ ਵਾਲੇ ਪਹਿਲੇ ਦਲਿਤ ਵਿਦਿਆਰਥੀ ਸਨ ਅਤੇ ਉਨ੍ਹਾਂ ਨੂੰ ਕਈ ਵਾਰ ਕਲਾਸ ਦੇ ਕਮਰੇ ਤੋਂ ਬਾਹਰ ਬੈਠਕੇ ਹੀ ਪੜਣਾ ਪੈਂਦਾ ਸੀ। ਇੱਕ ਦਿਨ ਜਦੋਂ ਭਾਰੀ ਬਾਰਸ਼ ਕਾਰਨ ਬਾਬੂ ਜੀ ਕਲਾਸ ਅੰਦਰ ਚਲੇ ਗਏ ਤਾਂ ਸਕੂਲ ਵਿੱਚ ਹਾਜ਼ਰ ਉੱਚ ਜਾਤਿ ਮੰਨੂਵਾਦੀ ਮਾਨਸਿਕਤਾ ਵਾਲੇ ਅਧਿਆਪਕ ਨੇ ਆਪ ਦੀ ਬੇਰਹਿਮੀ ਨਾਲ ਕੁਟਾਈ ਕੀਤੀ ਅਤੇ ਕਲਾਸ ਦਾ ਸਾਰਾ ਫਰਨੀਚਰ ਬਾਹਰ ਸੁਟਵਾ ਦਿਤਾ। ਇਸ ਘਟਨਾ ਨੇ ਬਾਬੂ ਜੀ ਦੇ ਮਨ ਤੇ ਭਾਰੀ ਅਸਰ ਕੀਤਾ। ਆਪ ਪ੍ਰਾਇਮਰੀ ਕਲਾਸ ਵਿੱਚ ਤੀਜੇ ਨੰਬਰ ਤੇ ਰਹੇ। ਇਸ ਪੜਾਈ ਤੋਂ ਬਾਦ ਜਿੱਥੇ ਉੱਚ ਜਾਤਿ ਦੇ ਵਿਦਿਆਰਥੀਆਂ ਨੂੰ ਅੱਗੇ ਪੜ੍ਹਣ ਅਤੇ ਪਟਵਾਰੀ ਬਣਨ ਲਈ ਉਤਸਾਹਿਤ ਕੀਤਾ ਗਿਆ ਪਰ ਬਾਬੂ ਜੀ ਨੂੰ ਸਕੂਲ ਛੱਡਣ ਅਤੇ ਪਿਤਾ ਨਾਲ ਚਮੜੇ ਦਾ ਕੰਮ ਕਰਨ ਲਈ ਕਿਹਾ ਗਿਆ। 1905 ਵਿੱਚ ਆਪ ਦਾ ਵਿਆਹ ਹੋ ਗਿਆ। ਬਾਬੂ ਜੀ 1909 ਵਿੱਚ ਯੂ ਐਸ ਏ ਚਲੇ ਗਏ। ਇੱਥੇ ਬਾਬੂ ਜੀ ਨੇ ਕੁੱਝ ਸਾਲ ਪਿੰਡ ਦੇ ਜਿਮੀਂਦਾਰਾਂ ਕੋਲ ਖੇਤਾਂ ਵਿੱਚ ਹੀ ਕੰਮ ਕੀਤਾ ਪਰ ਇੱਥੇ ਵੀ ਜਾਤ ਅਧਾਰਤ ਵਿਤਕਰੇ ਦਾ ਹੀ ਸਾਹਮਣਾ ਕਰਨਾ ਪਿਆ। ਇਸ ਦੌਰਾਨ ਆਪ ਗਦਰ ਲਹਿਰ ਦੇ ਆਗੂਆਂ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾ ਦੇ ਸੰਪਰਕ ਵਿੱਚ ਆ ਗਏ ਅਤੇ ਗਦਰ ਲਹਿਰ ਲਈ ਕੰਮ ਕਰਨਾ ਸ਼ੁਰੂ ਕਰ ਦਿਤਾ। ਗਦਰ ਲਹਿਰ ਵਲੋਂ ਇੱਕ ਬਹੁਤ ਹੀ ਖਤਰਨਾਕ ਮਿਸ਼ਨ ਉਲੀਕਿਆ ਗਿਆ ਜਿਸ ਵਿੱਚ ਅਜ਼ਾਦੀ ਦੀ ਲੜਾਈ ਲਈ ਹਥਿਆਰਾਂ ਦਾ ਇੱਕ ਜ਼ਹਾਜ ਸਮੁੰਦਰ ਰਸਤੇ ਭਾਰਤ ਲਿਜਾਉਣਾ ਸੀ ਜਿਸਦੀ ਮੁੱਖ ਜਿੰਮੇਵਾਰੀ ਬਾਬੂ ਜੀ ਨੂੰ ਦਿੱਤੀ ਗਈ ਪਰ ਇਸਦੀ ਖਬਰ ਪਹਿਲਾਂ ਹੀ ਬਰਤਾਨੀਆ ਸਰਕਾਰ ਨੂੰ ਲੱਗ ਗਈ ਅਤੇ ਇਸਦੀ ਜਾਸੂਸੀ ਸ਼ੁਰੂ ਕਰ ਦਿਤੀ। ਇਹ ਮਿਸ਼ਨ ਜੋਕਿ 1915 ਵਿੱਚ ਚੱਲਿਆ ਅਤੇ ਜਿਸਨੂੰ ਗਦਰ ਲਹਿਰ ਦੇ ਪੰਜ ਆਗੂ ਲੈਕੇ ਆ ਰਹੇ ਸਨ ਬਰਤਾਨੀਆਂ ਸਰਕਾਰ ਨੇ ਸਮੁੰਦਰ ਵਿੱਚ ਤੋਪਾਂ ਨਾਲ ਉਡਾ ਦਿਤਾ। ਬਾਬੂ ਜੀ ਕਿਸੇ ਤਰੀਕੇ ਨਾਲ ਬਚ ਗਏ ਅਤੇ ਇਸਤੋਂ ਬਾਦ ਫਿਲਪਾਈਨ (ਮਨੀਲਾ), ਸ਼੍ਰੀ ਲੰਕਾ ਹੁੰਦੇ ਹੋਏ ਆਖਰ ਸੋਲ੍ਹਾਂ ਸਾਲ ਬਾਅਦ 1925 ਵਿੱਚ ਭਾਰਤ ਆ ਪਹੁੰਚੇ। ਇਸ ਦੌਰਾਨ ਬਾਬੂ ਜੀ ਦੀ ਕੋਈ ਵੀ ਖਬਰ ਨਾਂ ਮਿਲਣ ਕਾਰਨ ਪਰਿਵਾਰ ਨੇ ਬਾਬੂ ਜੀ ਨੂੰ ਮਰਿਆ ਮੰਨਕੇ ਉਨ੍ਹਾ ਦੀ ਪਤਨੀ ਨੂੰ ਦੂਜੇ ਭਰਾ ਨਾਲ ਵਿਆਹ ਦਿਤਾ। ਬਾਬੂ ਜੀ ਨੇ ਪੰਜਾਬ ਵਿੱਚ ਆਕੇ ਵੇਖਿਆ ਕਿ ਬੇਸ਼ੱਕ ਦੇਸ਼ ਨੂੰ ਅੰਗਰੇਜਾਂ ਤੋਂ ਅਜ਼ਾਦ ਕਰਵਾਉਣ ਲਈ ਲੜਾਈ ਲੜੀ ਜਾ ਰਹੀ ਹੈ ਪਰੰਤੂ ਸਦੀਆਂ ਤੋਂ ਗੁਲਾਮ ਅਛੂਤਾਂ ਦੇ ਵਿਕਾਸ ਅਤੇ ਅਜ਼ਾਦੀ ਲਈ ਕੋਈ ਕੁਝ ਨਹੀਂ ਕਰ ਰਿਹਾ ਹੈ। ਉਸ ਸਮੇਂ ਦਲਿਤਾਂ ਦੀ ਕੋਈ ਵੀ ਆਪਣੀ ਪਹਿਚਾਣ ਨਹੀਂ ਸੀ। 1925 ਦੇ ਅੰਤ ਵਿੱਚ ਬਾਬੂ ਜੀ ਨੇ ਪਿੰਡ ਵਿੱਚ ਇਨ੍ਹਾਂ ਲਿਤਾੜ੍ਹੇ ਵਰਗ ਦੇ ਬੱਚਿਆਂ ਨੂੰ ਸਿੱਖਿਆ ਦੇਣ ਲਈ ਪਹਿਲਾ ਆਦਿ ਧਰਮ ਪ੍ਰਾਇਮਰੀ ਸਕੂਲ ਖੋਲਿਆ ਅਤੇ ਬੱਚਿਆਂ ਨੂੰ ਪੜਾਉਣਾ ਸ਼ੁਰੂ ਕਰ ਦਿਤਾ। ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ 11-12 ਜੂਨ 1926 ਨੂੰ ਪਿੰਡ ਮੂਗੋਵਾਲ ਵਿੱਚ ਦੇਸ਼ ਦੇ ਵੱਖ ਵੱਖ ਭਾਗਾਂ ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ, ਦਿੱਲੀ, ਕਲਕੱਤਾ ਆਦਿ ਤੋਂ 36 ਜਾਤਾਂ ਦੇ ਹਜਾਰਾਂ ਲੋਕਾਂ ਜਿਨ੍ਹਾਂ ਨੂੰ ਅਛੂਤ ਮੰਨਿਆਂ ਜਾਂਦਾ ਸੀ ਦਾ ਭਾਰੀ ਇਕੱਠ ਹੋਇਆ ਅਤੇ ਘੋਸ਼ਣਾ ਕੀਤੀ ਗਈ ਕਿ ਇਨ੍ਹਾਂ ਜਾਤਾਂ ਨਾਲ ਸਬੰਧਿਤ ਲੋਕ ਆਦਿ ਧਰਮ ਅਪਣਾਉਣਗੇ। ਇਸ ਕਾਨਫਰੰਸ ਨੂੰ ਰੋਕਣ ਲਈ ਕੁੱਝ ਆਰਿਆ ਸਮਾਜੀ ਆਗੂਆਂ ਅਤੇ ਇਲਾਕੇ ਦੇ ਜਾਤ ਦੇ ਹੰਕਾਰੀ ਲੋਕਾਂ ਨੇ ਲੜਾਈ ਝਗੜਾ ਕੀਤਾ ਅਤੇ ਪੂਰਾ ਜੋਰ ਲਾਇਆ ਪਰ ਬਾਬੂ ਮੰਗੂ ਰਾਮ ਦੀ ਦੂਰ ਅੰਦੇਸ਼ੀ ਨਾਲ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੇ ਇਸ ਕਾਨਫਰੰਸ ਨੂੰ ਨਿਰਵਿਘਨ ਚਲਾਉਣ ਲਈ 03 ਠਾਣੇਦਾਰ ਅਤੇ 12 ਸਿਪਾਹੀ ਸੁਰੱਖਿਆ ਲਈ ਲਗਾ ਦਿੱਤੇ। ਕਾਨਫਰੰਸ ਵਿੱਚ ਗੜਬੜ ਕਰਨ ਵਾਲੇ ਆਰਿਆ ਸਮਾਜੀ ਆਗੂ ਸਵਾਮੀ ਅਛੂਤਾ ਨੰਦ ਅਤੇ ਇਲਾਕੇ ਦੇ ਜੈਲਦਾਰ ਪ੍ਰੂੰਨੂ ਰਾਮ ਨੂੰ ਮੁਆਫੀ ਮੰਗਣੀ ਪਈ। ਇਸ ਦਾ ਪਹਿਲਾ ਪ੍ਰਧਾਨ ਸਰਬ ਸੰਮਤੀ ਨਾਲ ਬਾਬੂ ਮੰਗੂ ਰਾਮ ਨੂੰ ਬਣਾਇਆ ਗਿਆ ਅਤੇ ਪ੍ਰਬੰਧਕ ਕਮੇਟੀ ਮੈਂਬਰਾਂ ਹਜ਼ਾਰਾ ਰਾਮ ਪਿਪਲਾਂਵਾਲਾ, ਪੰਡਤ ਹਰੀਰਾਮ, ਸੰਤ ਰਾਮ, ਰਾਮ ਚੰਦ, ਹਰਦਿੱਤ ਮੱਲ, ਰੇਸ਼ਮ ਲਾਲ ਬਾਲਮੀਕਿ, ਬਿਹਾਰੀ ਲਾਲ, ਰਾਮ ਸਿੰਘ, ਚਮਨ ਰਾਮ ਆਦਿ ਦੀ ਚੋਣ ਕੀਤੀ ਗਈ। 1927 ਵਿੱਚ ਆਦਿ ਡੰਕਾ ਨਾਂ ਦਾ ਸਪਤਾਹਿਕ ਅਖਬਾਰ ਸ਼ੁਰੂ ਕੀਤਾ ਗਿਆ ਅਤੇ 1928 ਵਿੱਚ ਇਹ ਉਰਦੂ ਵਿੱਚ ਵੀ ਚਲਾਇਆ ਗਿਆ ਅਤੇ ਆਦਿ ਧਰਮ ਜਾਗਰੁਕਤਾ ਮੁਹਿੰਮ ਸ਼ੁਰੂ ਕੀਤੀ ਗਈ। ਨਵੰਬਰ, 1926 ਵਿੱਚ ਜਲੰਧਰ ਵਿੱਚ ਆਦਿ ਧਰਮ ਸੰਗਠਨ ਦਾ ਪਹਿਲਾ ਦਫਤਰ ਖੋਲਿਆ ਗਿਆ ਅਤੇ ਬਾਬੂ ਜੀ ਜਲੰਧਰ ਰਹਿਣ ਲੱਗ ਪਏ ਜਿੱਥੇ ਉਹ 1940 ਤੱਕ ਰਹੇ ਅਤੇ ਆਦਿ ਧਰਮ ਮਿਸ਼ਨ ਅਤੇ ਅਛੂਤਾਂ ਦੀ ਭਲਾਈ ਲਈ ਕੰਮ ਕੀਤਾ।

ਬਰਤਾਨੀਆ ਸਰਕਾਰ ਨੇ ਭਾਰਤ ਵਿੱਚ ਲੋਕਾਂ ਵਿਸ਼ੇਸ਼ ਤੋਰ ਤੇ ਅਛੂਤਾਂ ਦੀ ਸਥਿਤੀ ਦਾ ਜਾਇਜਾ ਲੈਣ ਲਈ ਸਰ ਜੋਹਨ ਸਾਇਮਨ ਦੀ ਅਗਵਾਈ ਵਿੱਚ ਇੱਕ ਕਮਿਸ਼ਨ ਨਿਯੁਕਤ ਕੀਤਾ ਜਿਸਨੂੰ ਸਾਇਮਨ ਕਮਿਸਨ ਕਿਹਾ ਜਾਂਦਾ ਹੈ। ਭਾਰਤ ਵਿੱਚ ਕਈ ਕਾਂਗਰਸੀ ਆਗੂਆਂ ਨੇ ਇਸ ਕਮਿਸ਼ਨ ਦਾ ਵਿਰੋਧ ਕੀਤਾ ਸੀ। ਬਾਬੂ ਮੰਗੂ ਰਾਮ ਨੇ ਅਪਣੇ ਸੈਂਕੜੇ ਸਾਥੀਆਂ ਨਾਲ ਸਾਇਮਨ ਕਮਿਸ਼ਨ ਅੱਗੇ ਅਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਅਸੀਂ ਨਾਂ ਹਿੰਦੂ, ਨਾ ਮੁਸਲਿਮ, ਨਾਂ ਸਿੱਖ ਅਤੇ ਨਾ ਹੀ ਇਸਾਈ ਹਾਂ। ਉਨ੍ਹਾਂ ਸਬੂਤਾ ਸਮੇਤ ਦੱਸਿਆ ਕਿ ਉਹ ਆਦਿ ਧਰਮੀ ਹਨ ਜੋਕਿ ਕਿਸੇ ਵੇਲੇ ਇਸ ਦੇਸ਼ ਦੇ ਸ਼ਾਸ਼ਕ ਰਹੇ ਹਨ। ਆਦਿ ਧਰਮ ਆਗੂਆਂ ਦੇ ਸੰਘਰਸ਼ ਕਾਰਨ ਅਛੂਤਾਂ ਨੂੰ ਪੜ੍ਹਣ ਲਿਖਣ ਦੀਆਂ ਸਹੂਲਤਾਂ, ਵੋਟ ਦਾ ਅਧਿਕਾਰ ਪ੍ਰਾਪਤ ਹੋਇਆ, ਬੇਗਾਰ ਪ੍ਰਥਾ ਬੰਦ ਕਰਵਾਈ, ਫੌਜ ਅਤੇ ਪੁਲਿਸ ਵਿੱਚ ਭਰਤੀ ਸ਼ੁਰੂ ਹੋਈ, ਰਜਤਨਾਮੇ ਖਤਮ ਕਰਕੇ ਘਰਾਂ ਦੇ ਮਾਲਕ ਬਣਾਇਆ ਗਿਆ, 1900 ਵਿੱਚ ਬਣਿਆ ਇੰਤਕਾਲ ਇਰਾਜ਼ੀ ਐਕਟ ਜਿਸ ਅਨੁਸਾਰ ਸਿਰਫ 12 ਜਾਤਾਂ ਜਿਨ੍ਹਾਂ ਵਿੱਚ ਅਹੀਰ, ਅਰਾਈ, ਅਵਾਣ, ਗੁੱਜਰ, ਜੱਟ, ਕੰਬੋਜ, ਮੀਂਏ, ਪਠਾਣ, ਕਨੈਤ, ਰਾਜਪੂਤ, ਰਾਠੀ, ਸੈਣੀ ਹੀ ਜਮੀਨ ਖਰੀਦ ਸਕਦੇ ਸਨ ਖਤਮ ਕਰਵਾਇਆ ਜਿਸ ਨਾਲ ਗੈਰ ਮਾਰੂਸੀ ਲੋਕਾਂ ਨੂੰ ਵੀ ਜਾਇਦਾਦ ਖ੍ਰੀਦਣ ਦਾ ਅਧਿਕਾਰ ਮਿਲਿਆ। ਆਦਿ ਧਰਮ ਮੰਡਲ ਨੇ ਹਰੀਜਨ ਸ਼ਬਦ ਦੀ ਵਰਤੋਂ ਦਾ ਖੁੱਲਕੇ ਵਿਰੋਧ ਕੀਤਾ। 1930 ਵਿੱਚ ਗਵਰਨਰ ਪੰਜਾਬ ਨੇ ਆਰਡਰ ਜਾਰੀ ਕੀਤੇ ਕਿ ਆਦਿ ਧਰਮੀ ਲੜਕੇ ਲੜਕੀਆਂ ਜੋ ਦਸਵੀਂ ਪਾਸ ਹਨ ਨੂੰ ਅਧਿਆਪਕ ਦੀ ਸਿਖਲਾਈ ਦੇਣ ਲਈ ਸਪੈਸ਼ਲ ਕਲਾਸਾਂ ਸ਼ੁਰੂ ਕੀਤੀਆਂ ਜਾਣ। ਚੌਧਰੀ ਸਦਰੂਦੀਨ ਖਾਨ ਨੇ ਆਦਿ ਧਰਮ ਮੰਡਲ ਦੀ ਇਮਾਰਤ ਵਿੱਚ ਇਹ ਕਲਾਸਾਂ ਲਗਾਈਆਂ ਅਤੇ 80 ਵਿਅਕਤੀਆਂ ਨੂੰ ਜੇ ਬੀ ਟੀ ਦਾ ਕੌਰਸ ਕਰਵਾਕੇ ਮਾਸਟਰ ਬਣਾਇਆ ਗਿਆ। 26 ਫਰਵਰੀ 1930 ਨੂੰ ਆਦਿ ਧਰਮ ਰਜਿਸਟਰਡ ਹੋਇਆ ਅਤੇ 1931 ਵਿੱਚ ਹੋਈ ਭਾਰਤ ਵਿੱਚ ਜਨਗਣਨਾ ਵਿੱਚ ਗ੍ਰੇਟਰ ਪੰਜਾਬ ਦੀ ਕੁੱਲ ਅਬਾਦੀ ਲੱਗਭੱਗ 28491000 ਸੀ ਅਤੇ ਪਹਿਲੀ ਵਾਰ ਆਦਿ ਧਰਮ ਨੂੰ ਜੋੜ੍ਹਿਆ ਗਿਆ ਅਤੇ ਉਸ ਵੇਲੇ ਪੰਜਾਬ ਵਿੱਚ ਲੱਗਭੱਗ 418789 ਲੋਕਾਂ ਨੇ ਜੋਕਿ ਕੁੱਲ ਅਬਾਦੀ ਦਾ ਲੱਗਭੱਗ 1.5 ਫਿਸਦੀ ਸੀ ਨੇ ਅਪਣਾ ਧਰਮ ਆਦਿ ਧਰਮ ਲਿਖਾਇਆ ਸੀ। ਇਸ ਜਨਗਣਨਾ ਵੇਲੇ ਕਈ ਥਾਵਾਂ ਤੇ ਲੜਾਈ ਝਗੜੇ ਹੋਏ ਜਿਸ ਵਿੱਚ ਰਲਾ ਰਾਮ ਰਵਿਦਾਸੀਆ ਅਤੇ ਝਗੜੂ ਰਾਮ ਬਾਲਮਿਕੀ ਮਾਰੇ ਗਏ ਸਨ ਅਤੇ ਹੋਰ ਕਈ ਜਖਮੀ ਹੋਏ ਜਿਸ ਕਾਰਨ ਇਸਨੂੰ ਖੂਨੀ ਮਰਦਮਸ਼ੁਮਾਰੀ ਵੀ ਕਿਹਾ ਜਾਂਦਾ ਹੈ, ਕਈ ਥਾਵਾਂ ਤੇ ਅਛੂਤਾਂ ਨੂੰ ਜਬਰਦਸਤੀ ਹਿੰਦੂ ਅਤੇ ਸਿੱਖ ਲਿਖਿਆ ਗਿਆ। ਵਰਣਨਯੋਗ ਹੈ ਕਿ 1911 ਦੀ ਜਨਗਣਨਾ ਵੇਲੇ ਅਛੂਤਾਂ ਦੀ ਜਿਹੜੀ ਜਨਸੰਖਿਆ ਲੱਗਭੱਗ 28 ਲੱਖ ਸੀ ਉਹ 1931 ਵਿੱਚ ਘਟਾਕੇ ਲੱਗਭੱਗ 13 ਲੱਖ ਕਰ ਦਿੱਤੀ ਗਈ। 1930,31,32 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਇਹ ਸਾਬਤ ਕਰਨ ਲਈ ਕਿ ਭਾਰਤੀ ਦਲਿਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਮੰਗੂ ਰਾਮ ਨੇ ਪੰਜਾਬ ਅਤੇ ਹੋਰ ਸੂਬਿਆਂ ਤੋਂ ਦਲਿਤ ਆਗੂਆਂ ਨੇ ਲੱਗਭੱਗ 57 ਤਾਰਾਂ ਲੰਡਨ ਭੇਜੀਆਂ ਜਿਸ ਕਾਰਨ ਅੰਬੇਡਕਰ ਨੂੰ ਅਛੂਤਾਂ ਦੀ ਪ੍ਰਤੀਨਿਧਤਾ ਕਰਨ ਦਾ ਅਧਿਕਾਰ ਮਿਲਿਆ। ਇਸਤੋਂ ਬਾਦ ਇੰਗਲੇਂਡ ਸਰਕਾਰ ਨੇ ਲੋਥੀਅਨ ਕਮੇਟੀ ਨੂੰ ਭਾਰਤ ਭੇਜਿਆ ਜਿਸ ਵਿੱਚ ਅੰਬੇਡਕਰ ਅਛੂਤਾਂ ਦਾ ਨੁਮਾਂਇਦਾ ਬਣਕੇ ਨਾਲ ਆਇਆ। ਇਹ ਕਮੇਟੀ ਜਦੋਂ ਲਹੌਰ ਆਈ ਤਾਂ ਆਦਿ ਧਰਮ ਮੰਡਲ ਦੇ ਆਗੂ ਲੱਗਭੱਗ 10 ਹਜਾਰ ਵਿਅਕਤੀਆਂ ਨਾਲ ਪਹੁੰਚੇ ਅਤੇ ਅਪਣੀਆਂ ਮੰਗਾਂ ਕਮੇਟੀ ਅੱਗੇ ਰੱਖੀਆਂ। ਇਸ ਮੌਕੇ ਕੁੱਝ ਆਰਿਆ ਸਮਾਜੀ ਆਗੂਆਂ ਨੇ ਅਛੂਤ ਗਦਾਰਾਂ ਦੀ ਮੱਦਦ ਨਾਲ ਆਦਿ ਧਰਮ ਮੰਡਲ ਦੀਆਂ ਮੰਗਾਂ ਦਾ ਵਿਰੋਧ ਕੀਤਾ ਪਰੰਤੂ ਮੀਟਿੰਗ ਹਾਲ ਤੋਂ ਬਾਹਰ ਬੈਠੇ ਹਜ਼ਾਰਾਂ ਵਿਅੱਕਤੀਆਂ ਨੇ ਜਦੋਂ ਇੱਕਸੁਰ ਵਿੱਚ ਨਾਹਰੇ ਲਗਾਏ ਤਾਂ ਇਨ੍ਹਾਂ ਆਰਿਆ ਸਮਾਜੀ ਆਗੂਆਂ ਨੂੰ ਨਾਮੋਸ਼ੀ ਦਾ ਸਾਹਮਣਾ ਕਰਨਾ ਪਿਆ। ਆਦਿ ਧਰਮ ਮੰਡਲ ਆਗੂਆਂ ਨੇ ਮੰਗ ਰੱਖੀ ਕਿ ਸਾਡੀ ਗਿਣਤੀ ਅਤੇ ਵਸੋਂ ਦੇ ਹਿਸਾਬ ਨਾਲ ਅਲੱਗ ਰਿਜ਼ਰਵੇਸ਼ਨ ਦਿਤੀ ਜਾਵੇ।

ਲਾਰਡ ਲੋਥੀਅਨ ਦੀ ਰਿਪੋਰਟ ਤੋਂ ਬਾਦ ਇੰਗਲੈਂਡ ਦੀ ਸਰਕਾਰ ਨੇ ਅਛੂਤਾਂ ਲਈ ਅਲੱਗ ਚੋਣ ਵਿਵਸਥਾ ਦੀ ਮੰਨਜੂਰੀ ਦੇ ਦਿਤੀ ਜਿਸਨੂੰ ਕਮਿਊਨਲ ਐਵਾਰਡ ਦਾ ਨਾਮ ਦਿਤਾ ਗਿਆ ਜੋਕਿ 17 ਅਗੱਸਤ 1932 ਨੂੰ ਛਾਪਿਆ ਗਿਆ। ਇਸ ਫੈਸਲੇ ਅਨੁਸਾਰ ਪਹਿਲੀ ਵਾਰ ਅਛੂਤਾਂ ਨੂੰ ਹਿੰਦੂਆਂ ਤੋਂ ਵੱਖਰੇ ਮੰਨਕੇ ਅਲੱਗ ਹੱਕ ਦਿੱਤੇ ਗਏ, ਅਛੂਤਾਂ ਨੂੰ ਰਾਖਵਾਂਕਰਣ ਦਿਤਾ ਗਿਆ, ਦੋਹਰੀ ਵੋਟ ਦਾ ਹੱਕ ਦਿਤਾ ਗਿਆ, ਹਿੰਦੁਸਤਾਨ ਦੀ ਕੌਂਸਲ ਵਿੱਚ 73 ਸੀਟਾਂ ਹਿੰਦੁਆਂ ਤੋਂ ਅਲੱਗ ਅਛੂਤਾਂ ਨੂੰ ਦਿਤੀਆਂ ਗਈਆਂ। ਇਨ੍ਹਾਂ ਗੋਲਮੇਜ਼ ਕਾਨਫਰੰਸਾਂ ਤੋਂ ਬਾਦ ਬਰਤਾਨੀਆ ਸਰਕਾਰ ਨੇ ਦਲਿਤਾਂ ਲਈ ਅਲੱਗ ਚੋਣ ਵਿਵਸਥਾ ਦੀ ਮੰਨਜੂਰੀ ਦੇ ਦਿਤੀ ਜਿਸਨੂੰ ਕਮਿਊਨਲ ਐਵਾਰਡ ਦਾ ਨਾਮ ਦਿਤਾ ਗਿਆ। ਇਸ ਕਮਿਊਨਲ ਐਵਾਰਡ ਦੇ ਵਿਰੋਧ ਵਿੱਚ ਕਾਂਗਰਸੀ ਆਗੂ ਮਹਾਤਮਾ ਗਾਂਧੀ ਜਿਸਨੇ ਪਹਿਲਾਂ ਗੋਲਮੇਜ਼ ਕਾਨਫਰੰਸ ਵਿੱਚ ਵੀ ਡਾਕਟਰ ਅੰਬੇਡਕਰ ਦੇ ਦਾਖਲੇ ਦਾ ਵਿਰੋਧ ਕੀਤਾ ਸੀ ਨੇ ਯਰਵਦਾ ਜੇਲ ਵਿੱਚ 20 ਸਤੰਬਰ, 1932 ਨੂੰ ਮਰਨ ਵਰਤ ਰੱਖ ਲਿਆ ਅਤੇ ਗਾਂਧੀ ਦੇ ਵਿਰੋਧ ਵਿੱਚ ਆਦਿ ਧਰਮ ਆਗੂਆਂ ਨੇ ਵੀ ਮਰਨ ਵਰਤ ਰੱਖ ਲਿਆ। 24 ਸਤੰਬਰ 1932 ਨੂੰ ਡਾਕਟਰ ਅੰਬੇਡਕਰ ਅਤੇ ਮਹਾਤਮਾ ਗਾਂਧੀ ਵਿਚਕਾਰ ਇੱਕ ਸਮਝੋਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਹੈ ਅਤੇ ਅਛੂਤਾਂ ਨੂੰ ਹਿੰਦੂਆਂ ਦਾ ਇੱਕ ਹਿੱਸਾ ਮੰਨਿਆ ਗਿਆ, 26 ਸਤੰਬਰ ਨੂੰ ਇਸ ਸਬੰਧੀ ਕਨੂੰਨ ਬਣਨ ਤੋਂ ਬਾਦ ਗਾਂਧੀ ਨੇ ਅਪਣਾ ਮਰਨ ਵਰਤ ਖਤਮ ਕਰ ਦਿਤਾ ਪਰੰਤੂ ਬਾਬੂ ਮੰਗੂ ਰਾਮ ਨੇ ਅਪਣਾ ਮਰਨ ਵਰਤ ਲਗਾਤਾਰ ਜਾਰੀ ਰੱਖਿਆ ਅਤੇ 12ਵੇਂ ਦਿਨ ਆਦਿ ਧਰਮ ਦੇ ਬਾਕੀ ਅਗੂਆਂ ਦੇ ਕਹਿਣ ਤੇ ਸੰਤ ਸਰਵਣ ਦਾਸ ਬੱਲਾਂ ਵਾਲਿਆਂ ਅਤੇ ਸੇਠ ਕਿਸ਼ਨ ਦਾਸ ਦੇ ਹੱਥੋਂ ਜੂਸ ਪੀਕੇ ਮਰਨ ਵਰਤ ਖਤਮ ਕੀਤਾ। ਪੂਨਾ ਪੈਕਟ ਅਨੁਸਾਰ ਐਮ ਐਲ ਏ ਦੀਆਂ ਕੁੱਲ 148 ਸੀਟਾਂ ਅਛੂਤਾਂ ਲਈ ਰਾਖਵੀਆਂ ਰੱਖੀਆਂ ਗਈਆਂ। ਉਸ ਵੇਲੇ ਦੇ ਪੰਜਾਬ ਵਿੱਚ 08 ਸੀਟਾਂ ਰਾਖਵੀਆਂ ਰੱਖੀਆਂ ਗਈਆਂ। 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਆਗੂਆਂ ਨੇ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ ਅਤੇ 8ਵੀਂ ਸੀਟ ਜੋਕਿ ਸਿਰਫ 07 ਵੋਟਾਂ ਨਾਲ ਹਾਰੀ ਸੀ ਜਿੱਤਣ ਵਾਲਾ ਮੂਲਾ ਸਿੰਘ ਬਲਾਚੌਰ ਵੀ ਬਾਦ ਵਿੱਚ ਆਦਿ ਧਰਮ ਮੰਡਲ ਵਿੱਚ ਸ਼ਾਮਿਲ ਹੋ ਗਿਆ ਸੀ। 1942 ਵਿੱਚ ਦੂਜੀ ਸੰਸਾਰਿਕ ਜੰਗ ਹੋਣ ਕਾਰਨ ਚੋਣਾਂ ਨਹੀਂ ਹੋਈਆਂ।

1946 ਵਿੱਚ ਬਾਬੂ ਮੰਗੂ ਰਾਮ ਆਪਣੇ 04 ਹੋਰ ਸਾਥੀਆਂ ਨਾਲ ਵਿਧਾਇਕ ਬਣੇ। 1947 ਵਿੱਚ ਭਾਰਤ ਦੀ ਵੰਡ ਤੋਂ ਪਹਿਲਾਂ ਮਿਸਟਰ ਮੁਹੰਮਦ ਅਲੀ ਜਿਨਾਹ ਦਾ ਸਕੱਤਰ ਅਪਣੇ ਨਾਲ ਚੌਧੀਰ ਸੁੰਦਰ ਦਾਸ, ਮਾਸਟਰ ਗੁਰਬੰਤਾ ਸਿੰਘ ਅਤੇ ਕਈ ਅਫਸਰਾਂ ਨੂੰ ਨਾਲ ਲੈਕੇ ਪਿੰਡ ਮੂਗੋਵਾਲ ਪਹੁੰਚਿਆ ਅਤੇ ਮੰਗ ਰੱਖੀ ਕਿ ਜੇਕਰ ਉਹ ਮੁਸਲਿਮ ਲੀਗ ਦੀ ਗੱਲ ਮੰਨਕੇ ਪਾਕਿਸਤਾਨ ਨਾਲ ਮਿਲ ਜਾਣ ਤਾਂ 50 ਮੁਰੱਬੇ ਜਮੀਨ ਅਤੇ 50 ਹਜਾਰ ਰੁਪਏ ਦੇਣਗੇ ਜਿਸਨੂੰ ਬਾਬੂ ਮੰਗੂ ਰਾਮ ਅਤੇ ਸਾਥੀਆਂ ਨੇ ਠੁਕਰਾ ਦਿਤਾ। ਦੇਸ਼ ਅਜਾਦ ਹੋਣ ਬਾਦ ਭਾਰਤ ਦਾ ਅਪਣਾ ਸੰਵਿਧਾਨ ਬਣਾਕੇ ਲਾਗੂ ਕੀਤਾ ਗਿਆ। ਅਜਾਦੀ ਤੋਂ ਬਾਦ 1951 ਵਿੱਚ ਹੋਈ ਜਨਗਣਨਾ ਵਿੱਚ ਆਦਿ ਧਰਮ ਦਾ ਖਾਨਾ ਖਤਮ ਕਰ ਦਿਤਾ ਗਿਆ।

ਅਜਾਦ ਭਾਰਤ ਵਿੱਚ ਵੀ ਬਾਬੂ ਮੰਗੂ ਰਾਮ ਨੇ ਆਦਿ ਧਰਮ ਲਹਿਰ ਨੂੰ ਚਲਾਉਣ ਲਈ ਲਗਾਤਾਰ ਸੰਘਰਸ਼ ਕੀਤਾ। 1972 ਵਿੱਚ ਆਪ ਨੂੰ ਕੇਂਦਰ ਸਰਕਾਰ ਨੇ ਸਨਮਾਨਿਤ ਕੀਤਾ ਅਤੇ ਪੈਨਸਨ ਲਗਾਈ। ਸਰਕਾਰ ਵਲੋਂ ਆਪ ਨੂੰ ਗੜ੍ਹਸੰਕਰ ਨੇੜੇ ਕੁੱਝ ਜਮੀਨ ਦਿੱਤੀ ਗਈ। 1977 ਵਿੱਚ ਆਦਿ ਧਰਮ ਮੁਹਿੰਮ ਦੀ ਮੁੜ੍ਹ ਸਥਾਪਨਾ ਤੋਂ ਬਾਦ ਬਾਬੂ ਜੀ ਨੂੰ ਇਸਦਾ ਆਗੂ ਗਿਆ ਅਤੇ ਆਪਦੇ ਸਹਿਯੋਗੀਆਂ ਨੇ ਆਪ ਨੂੰ ਗ੍ਰੇਟ ਬਰਤਾਨੀਆ ਦੇ ਦੌਰੇ ਤੇ ਭੇਜਿਆ। 22 ਅਪ੍ਰੈਲ 1980 ਨੂੰ ਗਦਰ ਲਹਿਰ ਅਤੇ ਆਦਿ ਧਰਮ ਅੰਦੋਲਨ ਦਾ ਇਹ ਆਗੂ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਕਾਂਗਰਸੀ ਆਗੂ ਰਾਜ ਸਭਾ ਮੈਂਬਰ ਸਮਸ਼ੇਰ ਸਿੰਘ ਦੂਲੋਂ ਵਲੋਂ ਇਸ ਪਿੰਡ ਵਿੱਚ ਬਾਬੂ ਜੀ ਦਾ ਬੁੱਤ ਬਣਵਾਇਆ ਗਿਆ ਹੈ। ਅੱਜ ਆਲ ਇੰਡੀਆ ਆਦਿ ਧਰਮ ਮਿਸ਼ਨ ਵਲੋਂ ਇਸ ਮਹਾਨ ਆਗੂ ਦਾ ਜਨਮ ਦਿਨ ਮਨਾਇਆ ਜਾ ਰਿਹਾ ਹੈ। ਦੇਸ਼ ਦੀ ਅਜ਼ਾਦੀ ਲਈ ਕੀਤੇ ਗਏ ਸੰਘਰਸ਼ ਅਤੇ ਸਦੀਆਂ ਤੋਂ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਚੁੱਕੇ ਗਏ ਕਦਮਾਂ ਕਾਰਨ ਬਾਬੂ ਮੰਗੂ ਰਾਮ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।



## ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ 136ਵੇਂ ਜਨਮ ਦਿਹਾੜੇ 'ਤੇ ਵਿਸ਼ੇਸ਼

# 'ਗਦਰ-ਲਹਿਰ ਦੇ ਅਣਗੌਲੇ, ਮਹਾਨ ਯੋਧੇ'



ਪ੍ਰੋ: ਐਚ.ਐਲ.ਕਪੂਰ

**ਭਾਰਤ** ਦੇਸ਼ ਨੂੰ ਆਜ਼ਾਦ ਕਰਾਉਣ ਲਈ 'ਗਦਰ' ਦਾ ਕਾਫਲਾ ਚਲਦਾ ਰਿਹਾ ਤੇ ਉਹ ਕਿਤੇ ਵੀ ਨਾ ਰੁਕਿਆ। ਜਿਹਨਾਂ-ਜਿਹਨਾਂ ਦੇਸ਼ਾਂ 'ਚ ਵੀ ਭਾਰਤੀ ਰਹਿੰਦੇ ਹਨ, ਉਥੇ-ਉਥੇ ਹੀ ਆਪਣੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਮੰਗ ਸੀ। ਕੁਝ ਹੀ ਸਮੇਂ 'ਚ 'ਗਦਰ-ਲਹਿਰ' ਇਤਨੀ ਲੋਕਪ੍ਰਿਆ ਹੋ ਗਈ ਕਿ ਲੋਕ 'ਹਿੰਦੀ ਐਸੋਸੀਏਸ਼ਨ ਆਫ਼ ਦੀ ਪੈਸੇਫਿਕ ਕੋਸਟ' ਦੇ ਨਾਮ ਨੂੰ ਬਿਲਕੁਲ ਭੁੱਲ ਗਏ ਅਤੇ 'ਗਦਰ ਪਾਰਟੀ' ਦੇ ਨਾਮ ਨਾਲ ਯਾਦ ਕਰਨ ਲੱਗ ਪਏ। ਇਸੇ ਹੀ ਤਰ੍ਹਾਂ ਅਮਰੀਕਾ ਵਿਚ ਸਥਾਪਤ ਪਾਰਟੀ ਦਾ ਕੇਂਦਰੀ ਦਫ਼ਤਰ ਦਾ ਨਾਮ 'ਯੁਗਾਂਤਰ ਆਸ਼ਰਮ' ਤੋਂ 'ਗਦਰ ਆਸ਼ਰਮ' ਦੇ ਨਾਮ ਨਾਲ ਪ੍ਰਸਿੱਧ ਹੋ ਗਿਆ।

ਗਦਰ ਪਾਰਟੀ ਦੇ ਨੇਤਾਵਾਂ ਨੇ ਜਿਸ ਆਜ਼ਾਦ ਭਾਰਤ ਦੀ ਕਲਪਨਾ ਕੀਤੀ ਸੀ, ਉਹੀ ਭਾਰਤ ਇਕ 'ਲਘੂ ਰੂਪ' ਭਾਵ 'ਛੋਟਾ ਰੂਪ' 'ਚ 'ਯੁਗਾਂਤਰ' ਜਾਂ ਗਦਰ ਆਸ਼ਰਮ 'ਚ ਜਿਊਣ ਦਾ ਯਤਨ ਵੀ ਕੀਤਾ, ਬਲਕਿ ਪੂਰੇ ਮਨ ਨਾਲ ਕੀਤਾ। ਧਾਰਮਿਕ ਭਾਵਨਾਵਾਂ ਦੇ ਸਥਾਨ ਨੇ 'ਬੰਦੇ ਮਾਤਰਮ' ਦਾ ਰੂਪ ਧਾਰ ਲਿਆ। ਆਪਣੇ ਜੋੜੇ, ਦਰਵਾਜ਼ੇ ਦੇ ਬਾਹਰ ਰੱਖ ਕੇ ਉਹ ਇਕ ਸ਼ੁੱਧ ਭਾਰਤੀਯ ਦੀ ਤਰ੍ਹਾਂ ਆਪਣਾ ਜੀਵਨ ਜਿਉਂਦੇ, ਇਕੱਠੇ ਬੈਠ ਕੇ ਖਾਣਾ ਤਿਆਰ ਕਰਕੇ ਖਾਂਦੇ, ਆਪਣੇ ਘਰਾਂ ਦੀ ਦੇਖ-ਭਾਲ ਕਰਦੇ ਤੇ ਇਕੱਠੇ ਮਿਲ ਕੇ 'ਗਦਰ' ਅਖ਼ਬਾਰ ਕੱਢਦੇ। ਸਭ ਨੂੰ ਪਾਰਟੀ ਦੋ ਡਾਲਰ ਮਹੀਨਾ ਖਰਚ ਦਿੰਦੀ। ਇੱਥੇ ਨਾ ਕੋਈ ਵੱਡਾ ਤੇ ਨਾ ਕੋਈ ਛੋਟਾ ਹੁੰਦਾ। ਇਸ ਸਹਿਯੋਗਤਾ 'ਚ ਲਾਲਾ ਹਰਦਿਆਲ, ਸਰਦਾਰ ਭਗਵਾਨ ਸਿੰਘ, ਬਰਕਤ-ਉੱਲਾ ਤੇ ਸਰਦਾਰ ਕਰਤਾਰ ਸਿੰਘ ਸਰਾਭਾ ਵਰਗੇ ਨੇਕ, ਵਿਦਵਾਨ ਤੇ ਦਾਰਸ਼ਨਿਕ ਸ਼ਾਮਲ ਸਨ ਤੇ ਇਸ ਦੇ ਨਾਲ ਹੀ ਸਰਦਾਰ ਹਰੀ ਸਿੰਘ ਉਸਮਾਨ ਵਰਗੇ ਦੇਸ਼ ਭਗਤ, ਨੇਕ ਤੇ ਤਿਆਗੀ ਇਨਸਾਨ ਵੀ ਰਹਿੰਦੇ ਸਨ, ਜਿਹਨਾਂ ਨੇ ਆਪਣੀ ਸਾਰੀ ਜਾਇਦਾਦ ਇਸ ਆਸ਼ਰਮ ਨੂੰ ਦਾਨ ਦੇ ਕੇ ਇਕ ਕਰਮਯੋਗੀ ਇਨਸਾਨ ਹੋਣ ਦਾ ਸਬੂਤ ਵੀ ਦਿੱਤਾ ਤੇ ਹਰ ਪ੍ਰਕਾਰ ਦੀ ਗਦਰ ਪਾਰਟੀ ਦੀ ਸਰਗਰਮੀ 'ਚ ਵੱਧ-ਚੜ੍ਹ ਕੇ ਯੋਗਦਾਨ ਪਾਇਆ। ਨੌਜਵਾਨ ਸਰਦਾਰ ਕਰਤਾਰ ਸਿੰਘ ਸਰਾਭਾ ਜਿਨ੍ਹਾਂ ਦੀ ਉਮਰ ਉਸ ਸਮੇਂ ਸਿਰਫ 19 ਸਾਲ ਹੀ ਸੀ ਦੇਸ਼ ਨੂੰ ਆਜ਼ਾਦ ਕਰਵਾਉਣ ਬਦਲੇ ਸ਼ਹੀਦੀ ਪਾਈ, ਸਮੇਤ ਅਮਰੀਕਾ 'ਚ ਵਸੇ ਸਿਰਫ ਦੋ ਦਲਿਤ ਪਰਵਾਸੀਆਂ 'ਚੋਂ ਇਕ ਬਾਬੂ ਮੰਗੂਰਾਮ 'ਮੁੱਗੋਵਾਲੀਆ, ਨੇੜੇ ਟੂਟੋ ਮਜ਼ਾਰਾ, ਜ਼ਿਲ੍ਹਾ ਹੁਸ਼ਿਆਰਪੁਰ ਵੀ ਸਨ।

14 ਜਨਵਰੀ, 1886 ਨੂੰ ਪਿੰਡ ਮੁੱਗੋਵਾਲ, ਜ਼ਿਲ੍ਹਾ ਹੁਸ਼ਿਆਰਪੁਰ 'ਚ ਜਨਮੇ ਸ੍ਰੀ ਮੰਗੂ ਰਾਮ ਜਿਨ੍ਹਾਂ ਦੇ ਪਿਤਾ ਸ੍ਰੀ ਹਰਨਾਮ ਦਾਸ ਜੀ ਚਮੜੇ ਦਾ ਕੰਮ ਕਰਦੇ ਸਨ। ਅਜੇ ਉਹ ਤਿੰਨ ਸਾਲ ਦੇ ਸਨ, ਜਦੋਂ ਉਹਨਾਂ ਦੀ ਮਾਤਾ ਜੀ ਦਾ ਦੇਹਾਂਤ ਹੋ ਗਿਆ। ਪੜ੍ਹਾਈ ਕਰਦੇ ਸਮੇਂ ਉਹਨਾਂ ਨੂੰ ਜਮਾਤ ਦੇ ਸਭ ਤੋਂ ਪਿੱਛੇ ਜਾਂ ਕਲਾਸ ਰੂਮ ਦੇ ਬਾਹਰ ਖਿੜਕੀ ਦੇ ਪਾਸ ਇਕੱਲਿਆਂ ਬਿਠਾਇਆ ਜਾਂਦਾ ਤਾਂ ਜੋ ਬਾਰੀ ਵਿਚ ਦੀ ਅਧਿਆਪਕ ਦੀ ਆਵਾਜ਼ ਸੁਣ ਸਕਣ। ਇਕ ਵਾਰ ਮੀਂਹ ਪੈ ਰਿਹਾ ਸੀ ਤਾਂ ਉਹ ਜਮਾਤ ਦੇ ਕਮਰੇ ਵਿਚ ਆ ਗਏ ਤਾਂ ਅਧਿਆਪਕ ਨੇ ਉਹਨਾਂ ਦੀ ਖੂਬ ਪਿਟਾਈ ਕੀਤੀ ਤੇ ਜਿਸ ਬੈਂਚ ਤੇ ਬੈਠੇ ਸਨ, ਉਸ ਨੂੰ ਪਾਣੀ ਨਾਲ ਧੋਇਆ ਕਿ ਬੈਂਚ ਭ੍ਰਸ਼ਟ ਹੋ ਗਿਆ ਹੈ। ਅਧਿਆਪਕ ਨੇ ਉਹਨਾਂ ਨੂੰ ਪੜ੍ਹਾਈ ਕਰਨ ਲਈ ਬਿਲਕੁਲ ਉਤਸ਼ਾਹਿਤ ਨਹੀਂ ਕੀਤਾ ਤੇ ਜੋ ਉਹ ਆਪਣੀ ਹਿੰਮਤ ਨਾਲ ਪੜ੍ਹਾਈ ਕਰ ਸਕਦੇ ਸਨ, ਉਤਨੀ ਹੀ ਪੜ੍ਹਾਈ ਪ੍ਰਾਪਤ ਕੀਤੀ। ਇਸ ਤਰ੍ਹਾਂ ਦੇ ਵਿਵਹਾਰ ਸਦਕਾ ਉਹਨਾਂ ਨੇ ਆਪਣੀ ਪੜ੍ਹਾਈ ਵਿੱਚੇ ਹੀ ਛੱਡ ਦਿੱਤੀ ਤੇ ਆਪਣੇ ਪਿਤਾ ਜੀ ਦੇ ਕਾਰੋਬਾਰ ਵਿਚ ਸ਼ਾਮਲ ਹੋ ਗਏ। 1909 ਦੇ ਸਾਲ ਵਿਚ ਉਹਨਾਂ ਦੇ ਇਲਾਕੇ ਦੇ ਕਾਫੀ ਲੋਕ ਅਮਰੀਕਾ ਆਏ। ਇਕ ਜ਼ਿਮੀਂਦਾਰ ਦੇ ਰਿਸ਼ਤੇਦਾਰ ਵੱਲੋਂ ਅਮਰੀਕਾ ਵਿਚ ਕੰਮ ਦਿੱਤੇ ਜਾਣ ਦੇ ਵਾਅਦੇ ਬਾਅਦ, ਉਹ ਅਮਰੀਕਾ ਚਲੇ ਗਏ। ਚਾਰ ਸਾਲ ਤੱਕ ਖੇਤਾਂ 'ਚ, ਮਿੱਲਾਂ 'ਚ ਕੰਮ ਕਰਨ ਉਪਰੰਤ 'ਗਦਰ ਪਾਰਟੀ' ਦੀ ਸਥਾਪਨਾ ਉਪਰੰਤ ਅਮਰੀਕਾ ਵਿਖੇ ਸ਼ਾਮਲ ਹੋ ਗਏ ਤੇ ਉਸ ਦੇ ਪੱਕੇ ਮੈਂਬਰ ਬਣ ਗਏ। 'ਗਦਰ ਆਸ਼ਰਮ' ਵਿਚ ਰਹਿੰਦਿਆਂ ਉਹਨਾਂ ਨੇ ਇਹ ਮਹਿਸੂਸ ਕੀਤਾ ਕਿ ਉਹ ਇਕ ਨਵੇਂ ਸਮਾਜ ਦੇ ਮੈਂਬਰ ਹਨ, ਜਿੱਥੇ ਸਭ ਵਿਅਕਤੀਆਂ ਨਾਲ ਇਕੋ ਜਿਹਾ ਵਿਵਹਾਰ ਹੁੰਦਾ ਸੀ। ਬਾਬੂ ਮੰਗੂ ਰਾਮ ਜੀ ਅਕਸਰ ਆਪ ਕਹਿੰਦੇ ਸਨ, ''ਮੇਰੇ ਲਈ ਤਾਂ ਇਹ ਇਕ ਕ੍ਰਾਂਤੀ ਸਮਾਨ ਗੱਲ ਸੀ ਕਿ ਇੱਥੇ ਕਿਸੇ ਨੂੰ ਅਛੂਤ ਨਹੀਂ ਸਮਝਿਆ ਜਾਂਦਾ ਸੀ। ਇੱਥੇ ਮੈਂ ਜ਼ਿੰਦਗੀ ਵਿਚ ਪਹਿਲੀ ਵਾਰ ਮਹਿਸੂਸ ਕੀਤਾ ਕਿ ਮੈਂ ਅਛੂਤ ਨਹੀਂ ਹਾਂ ਸਗੋਂ ਇਕ ਇਨਸਾਨ ਹਾਂ।'' ਗਦਰ ਪਾਰਟੀ ਦੇ ਜਿੰਨੇ ਵੀ ਮੈਂਬਰ ਸਨ, ਉਹ ਸਭ ਮਾਨਵਵਾਦ ਵਿਚ ਵਿਸ਼ਵਾਸ ਰੱਖਦੇ ਸਨ, ਬਹੁਤ ਨੇਕ ਤੇ ਚਰਿਤਰਵਾਨ ਵਿਅਕਤੀ ਸਨ ਤੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਉਹ ਜਾਨ ਦੀ ਬਾਜ਼ੀ ਲਾਉਣ ਲਈ ਹਰ ਸਮੇਂ ਤੱਤਪਰ ਰਹਿੰਦੇ ਸਨ।

ਇਹੀ ਬਾਬੂ ਮੰਗੂ ਰਾਮ ਜੀ ਬਾਅਦ ਵਿਚ 1915 ਨੂੰ ਉਹਨਾਂ ਪੰਜ ਕ੍ਰਾਂਤੀਕਾਰੀਆਂ ਲਈ ਚੁਣਿਆ ਗਿਆ ਜਿਹਨਾਂ ਨੇ 'ਮੈਬਰਿਕ' ਨਾਮਕ ਜਹਾਜ਼ ਵਿਚ ਹਥਿਆਰ ਲਿਜਾਅ ਕੇ ਭਾਰਤ ਵਿਚ ਕ੍ਰਾਂਤੀਕਾਰੀਆਂ ਨੂੰ ਦੇਣੇ ਸਨ ਤੇ ਆਪ ਇਸ ਆਜ਼ਾਦੀ ਦੀ ਲਹਿਰ ਵਿਚ ਉਨ੍ਹਾਂ ਕ੍ਰਾਂਤੀਕਾਰੀਆਂ ਦੇ ਨਾਲ ਮਿਲ ਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕੰਮ ਕਰਨਾ ਸੀ। ਇਨ੍ਹਾਂ ਹਥਿਆਰਾਂ ਸਮੇਤ ਉਹ ਜਾਵਾ ਵਿਖੇ ਪਕੜੇ ਗਏ ਤੇ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਭੇਜ ਦਿੱਤਾ ਗਿਆ। ਇੱਥੇ ਉਹ ਇਕ ਸਾਲ ਜੇਲ੍ਹ ਵਿਚ ਰਹੇ। ਬਰਤਾਨਵੀ ਸਰਕਾਰ ਉਨ੍ਹਾਂ ਨੂੰ ਆਪਣੀ ਗ੍ਰਿਫਤ ਵਿਚ ਲੈ ਕੇ ਫਾਂਸੀ ਤੇ ਲਟਕਾਉਣਾ ਚਾਹੁੰਦੀ ਸੀ ਪਰ ਇੱਥੇ ਉਨ੍ਹਾਂ ਨੂੰ ਜਰਮਨੀ ਦੇ ਅਧਿਕਾਰੀਆਂ ਨੇ ਬਚਾਇਆ। ਉਸ ਤੋਂ ਬਾਅਦ ਉਹ ਮਨੀਲਾ ਗਏ। ਉਥੋਂ ਬਰਤਾਨੀਆ ਦੀ ਚੁੰਗਲ 'ਚੋਂ, ਜਰਮਨੀ ਦੇ ਕੁਝ ਏਜੰਟਾਂ ਨੇ ਬਚਾਇਆ। ਇਕ ਦਿਨ 'ਮਨੀਲਾ ਟਾਈਮਜ਼' ਵਿਚ ਇਹ ਖ਼ਬਰ ਆਈ ਕਿ ਸ੍ਰੀ ਮੰਗੂ ਰਾਮ ਜੀ ਨੂੰ ਫਾਂਸੀ ਦੇ ਦਿੱਤੀ ਗਈ ਹੈ।'' ਗਦਰ ਪਾਰਟੀ ਦੀ ਸਹਾਇਤਾ ਨਾਲ ਉਹ 1925 ਵਿਚ ਭਾਰਤ ਪਹੁੰਚੇ ਅਤੇ 16 ਸਾਲ ਬਾਅਦ 'ਇਨਸਾਨ' ਦੇ ਰੂਪ ਵਿਚ ਆਦਰ ਤੇ ਸਤਿਕਾਰ ਸਹਿਤ ਭਾਰਤ ਆਉਣ 'ਤੇ ਉਹਨਾਂ ਨੂੰ ਫਿਰ ਅਛੂਤ ਕਿਹਾ ਗਿਆ।

ਇਸ ਤੋਂ ਬਾਅਦ ਉਹਨਾਂ ਦੇ ਮਨ ਵਿਚ ਇਕ ਗੁੱਸੇ ਦੀ ਭਾਵਨਾ ਪੈਦਾ ਹੋ ਗਈ ਕਿ ਭਾਰਤੀ ਸਮਾਜ 'ਚ ਉਨ੍ਹਾਂ ਨੂੰ ਇਨਸਾਨ ਹੀ ਨਹੀਂ ਸਮਝਿਆ ਜਾਂਦਾ ਸੀ ਕਿਉਂਕਿ ਉਹ ਅਮਰੀਕਾ 'ਚ ਰਹਿੰਦਿਆਂ ਤੇ ਗਦਰ ਪਾਰਟੀ 'ਚ ਕੰਮ ਕਰਦਿਆਂ, ਇੱਥੋਂ ਦੇ ਵਿਦੇਸ਼ੀ ਸਭਿਆਚਾਰ ਤੇ ਸਮਾਜ ਨੂੰ ਚੰਗੀ ਤਰ੍ਹਾਂ ਸਮਝ ਗਏ ਸਨ ਕਿ ਇੱਥੋਂ ਦਾ ਸਮਾਜ ਜਾਤ-ਪਾਤ ਆਧਾਰਿਤ ਨਹੀਂ ਹੈ ਸਗੋਂ ਮਾਨਵਵਾਦੀ ਸਮਾਜ ਹੈ। ਇਸ ਰੋਹ 'ਚੋਂ ਹੀ 'ਆਦਿ-ਧਰਮ' ਦਾ ਜਨਮ ਹੁੰਦਾ ਹੈ ਤੇ ਉਹ ਇਸ ਦੇ ਸੰਸਥਾਪਕ ਬਣੇ। ਉਹਨਾਂ ਨੇ ਕਿਹਾ ਕਿ ਅਸੀਂ ਜਿਹਨਾਂ ਨੂੰ ਅਛੂਤ ਕਿਹਾ ਜਾਂਦਾ ਹੈ, ਹਿੰਦੂ ਨਹੀਂ ਹਾਂ ਅਤੇ ਨਾ ਹੀ ਹਿੰਦੂਆਂ ਦੀ ਔਲਾਦ ਹਾਂ, ਸਗੋਂ ਆਰੀਆ ਲੋਕ, ਜਿਹੜੇ ਕਿ ਮੱਧ ਏਸ਼ੀਆ 'ਚੋਂ ਕੰਮ ਦੀ ਭਾਲ ਲਈ ਕੁਝ ਕਬੀਲੇ ਭਾਰਤ ਵੱਲ ਆ ਗਏ ਤੇ ਕੁਝ ਕਬੀਲੇ ਯੂਰਪ ਵੱਲ ਚਲੇ ਗਏ। ਭਾਰਤ ਆਉਣ ਵਾਲੇ ਆਰੀਆ ਲੋਕਾਂ ਨੇ ਇੱਥੋਂ ਦੇ 'ਆਦਿ ਵਾਸੀ' ਭਾਵ ਮੂਲ ਵਾਸੀਆਂ ਨੂੰ ਗੁਲਾਮ ਬਣਾ ਲਿਆ। ਇਸ 'ਚ ਬਹੁਗਿਣਤੀ ਦ੍ਰਾਵਿੜ ਕਬੀਲਿਆਂ ਦੀ ਹੀ ਸੀ ਤੇ ਕੁਝ ਕਬੀਲੇ ਡਰਦੇ ਮੱਧ-ਭਾਰਤ ਵੱਲ ਦੌੜ ਗਏ। ਅਸਲ 'ਚ ਭਾਰਤ ਵਿਚ ਆਦਿਵਾਸੀ ਜਾਂ ਮੂਲ-ਨਿਵਾਸੀ ਤਿੰਨ ਵਰਗਾਂ ਦੇ ਹੀ ਲੋਕ ਹਨ ਜੋ ਅਸਲੀ ਭਾਰਤੀ ਹਨ। ਇਹਨਾਂ ਦੇ ਨਾਮ ਹਨ ਦ੍ਰਾਵੜ, ਭੀਲ ਤੇ ਕੋਇਲ। ਇਨ੍ਹਾਂ ਵਰਗਾਂ ਨੂੰ ਗੁਲਾਮ ਬਣਾ ਕੇ ਤੇ ਆਪਣੇ ਸਮੇਤ ਮੰਨੂੰ ਨੇ ਸਮਾਜ ਨੂੰ ਚਾਰ ਵਰਗਾਂ 'ਚ ਵੰਡ ਦਿੱਤਾ। ਇਹਨਾਂ ਵਰਗਾਂ ਨੂੰ ਵਰਣ ਵੀ ਕਿਹਾ ਜਾਂਦਾ ਹੈ। ਇਨ੍ਹਾਂ ਦੇ ਨਾਮ ਹਨ ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ।



ਵਰਣਾਂ ਦੀਆਂ ਜੜ੍ਹਾਂ ਵੇਦਾਂ 'ਚ ਹਨ। ਰਿਗਵੇਦ ਦੇ ਪੁਰਸ਼ ਸੂਤਕ ਦੇ ਇਕ ਮੰਤਰ ਦਾ ਭਾਵ ਇਸ ਤਰ੍ਹਾਂ ਹੈ- ਬ੍ਰਾਹਮਣ ਪ੍ਰਭੂ ਦਾ ਮੂੰਹ, ਕਸ਼ਤਰੀ ਉਸ ਦੀਆਂ ਬਾਹਵਾਂ, ਜੋ ਵੈਸ਼ ਹਨ ਉਹ ਈਸ਼ਵਰ ਦਾ ਪੇਟ ਹਨ ਅਤੇ ਸ਼ੂਦਰ ਈਸ਼ਵਰ ਦੇ ਪੈਰਾਂ 'ਚੋਂ ਪੈਦਾ ਹੁੰਦੇ ਹਨ। ਮੰਨੂੰ ਸਿਮਰਤੀ ਕਹਿੰਦੀ ਹੈ ਕਿ : ਪ੍ਰਮਾਤਮਾ ਨੇ ਸ਼ੂਦਰਾਂ ਨੂੰ ਕੇਵਲ ਇਕੋ ਕੰਮ ਸੌਂਪਿਆ ਹੈ ਕਿ ਉਹ ਤਿੰਨਾਂ ਵਰਣਾਂ (ਬ੍ਰਾਹਮਣ, ਖਤਰੀ ਅਤੇ ਵੈਸ਼) ਦੀ ਤਨ-ਮਨ ਨਾਲ ਸੇਵਾ ਕਰਨ। ਪਹਿਲੇ ਦੋ ਵਰਗਾਂ ਕੋਲ ਅਸਾਨ ਕਿੱਤੇ ਵਿਦਿਆ ਤੇ ਦੇਸ਼ ਦੀ ਰੱਖਿਆ, ਤੀਸਰੇ ਵੈਸ਼ ਵਰਗ ਨੂੰ ਕੁਝ ਇਨ੍ਹਾਂ ਤੋਂ ਹੋਰ ਹਲਕੇ ਕਿੱਤੇ ਤੇ ਚੌਥੇ ਵਰਗ ਨੂੰ ਸਭ ਤੋਂ ਗੰਦੇ ਕਿੱਤੇ ਦਿੱਤੇ ਤੇ ਨਾਲ ਹੀ ਗੁਲਾਮ ਬਣਾ ਕੇ ਰੱਖਿਆ। ਰੱਖਿਆ ਦੀ ਜ਼ਿੰਮੇਵਾਰੀ ਖੱਤਰੀ ਵਰਗ ਕੋਲ ਸੀ ਤੇ ਇਸ 'ਚ ਫੌਜ ਆਉਂਦੀ ਹੈ ਜਿਸ ਦੇ ਕੋਲ ਅਥਾਹ ਤਾਕਤ ਹੁੰਦੀ ਹੈ ਤੇ ਇਸੇ ਤਾਕਤ ਨਾਲ ਉਹਨਾਂ ਨੇ ਵੈਸ਼ ਤੇ ਸ਼ੂਦਰ ਵਰਗ ਨੂੰ ਹਮੇਸ਼ਾ ਦਬਾਅ ਕੇ ਤੇ ਗੁਲਾਮ ਬਣਾ ਕੇ ਰੱਖਿਆ ਤੇ ਭੈੜਾ ਵਰਤਾਓ ਕੀਤਾ ਜਾਂਦਾ ਰਿਹਾ। ਇੱਥੋਂ ਤੱਕ ਭੈੜਾ ਵਰਤਾਓ ਕੀਤਾ ਕਿ ਵਿਦਿਆ ਪ੍ਰਾਪਤ ਕਰਨ ਦਾ ਅਧਿਕਾਰ ਵੀ ਨਾ ਦਿੱਤਾ ਤਾਂ ਕਿ ਇਨ੍ਹਾਂ ਵਰਗਾਂ ਦੇ ਲੋਕ ਵਿੱਦਿਆ ਪ੍ਰਾਪਤ ਕਰਕੇ ਜਾਗ੍ਰਿਤ ਨਾ ਹੋ ਜਾਣ ਤੇ ਇਸ ਦੇ ਨਾਲ ਹੀ ਜਾਇਦਾਦ ਬਣਾਉਣ ਦਾ ਅਧਿਕਾਰ ਵੀ ਖੋਹ ਲਿਆ।

ਇਹ ਇਕ ਕੁਦਰਤੀ ਗੱਲ ਹੈ ਕਿ ਵਿਦਿਅਕ ਤੇ ਜਾਗਰੂਕ ਇਨਸਾਨ ਬਹੁਤੀ ਦੇਰ ਮਾਨਸਿਕ ਗੁਲਾਮੀ 'ਚ ਨਹੀਂ ਰਹਿ ਸਕਦਾ ਤੇ ਇਕ ਦਿਨ ਉਹ ਜ਼ਰੂਰ ਆਪਣੀ ਮਾਨਸਿਕਤਾ ਨੂੰ ਆਜ਼ਾਦ ਕਰਾਉਣ ਲਈ ਵਿਦਰੋਹ ਕਰਦਾ ਹੈ। ਇਸ ਤਰ੍ਹਾਂ ਇਨ੍ਹਾਂ ਵਰਗਾਂ ਨੂੰ ਦਿੱਤੇ ਗਏ ਕਿੱਤੇ, ਸਮੇਂ ਦੇ ਬੀਤਣ ਨਾਲ ਉਨ੍ਹਾਂ ਦੀ ਜਾਤ 'ਚ ਪਰਿਵਰਤਿਤ ਹੋ ਗਏ ਜਾਂ ਇਸ ਨੂੰ ਇਹ ਆਖਿਆ ਜਾ ਸਕਦਾ ਹੈ ਕਿ ਕਿੱਤੇ ਉਹਨਾਂ ਦੀ ਪਛਾਣ ਬਣ ਗਏ। ਆਪਣੇ ਆਪ ਨੂੰ ਉੱਚ ਵਰਗ ਦੇ ਲੋਕ ਸਮਝਣ ਵਾਲੇ ਲੋਕ ਇਹਨਾਂ ਨੂੰ ਦਲਿਤ ਤੇ ਅਛੂਤ ਆਖਣ ਲੱਗ ਪਏ। ਇਸੇ ਰੋਹ 'ਚੋਂ ਹੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਦਾ ਸਥਾਪਤ ਕੀਤਾ ਗਿਆ 'ਆਦਿ - ਧਰਮ' ਜਨਮ ਲੈਂਦਾ ਹੈ। ਇਹਨਾਂ ਨੇ ਭਾਰਤ 'ਚ ਖਾਸ ਤੌਰ ਤੇ ਪੰਜਾਬ 'ਚ ਇਹਨਾਂ ਵਰਗਾਂ ਨਾਲ ਹੋ ਰਹੇ ਭੈੜੇ ਵਿਵਹਾਰ, ਸਮਾਜਿਕ ਬਰਾਬਰੀ ਪ੍ਰਾਪਤ ਕਰਨ ਲਈ ਤੇ ਛੂਤ-ਛਾਤ ਦੂਰ ਕਰਨ ਲਈ ਬਹੁਤ ਸੰਘਰਸ਼ ਕੀਤਾ। ਇਹਨਾਂ ਦੇ ਸਮਾਨਅੰਤਰ ਡਾ: ਭੀਮ ਰਾਓ ਅੰਬੇਦਕਰ ਜੀ ਵੀ ਭਾਰਤ 'ਚ ਖਾਸ ਤੌਰ 'ਤੇ ਮਹਾਂਰਾਸ਼ਟਰ ਵਿਚ ਜਾਤ-ਪਾਤ ਰਹਿਤ ਸਮਾਜ ਤੇ ਛੂਤ-ਛਾਤ ਖ਼ਿਲਾਫ਼ ਸੰਘਰਸ਼ ਕਰ ਰਹੇ ਸਨ। ਇਨ੍ਹਾਂ ਦੋਹਾਂ ਮਹਾਨ ਸ਼ਖਸੀਅਤਾਂ ਨੇ ਇਹਨਾਂ ਵਰਗਾਂ ਨੂੰ ਇਹਨਾਂ ਦੇ ਹੱਕ ਦਿਵਾਉਣ ਲਈ ਕੀਤੇ ਗਏ ਸੰਘਰਸ਼ ਨੇ ਬਹੁਤ ਜਾਗ੍ਰਿਤ ਕੀਤਾ।

ਅੱਜ ਯੁੱਗ ਬਦਲ ਗਿਆ ਹੈ। ਮਨੁੱਖ ਆਪਣੇ ਕਰਤਵਾਂ ਤੇ ਅਧਿਕਾਰਾਂ ਨੂੰ ਸਮਝਦਾ ਹੈ। ਮਾਨਵੀ ਕਦਰਾਂ-ਕੀਮਤਾਂ ਵਿਚ ਬੜੀ ਤਬਦੀਲੀ ਆਈ ਹੈ। ਮਨੁੱਖ ਦੀ ਵਿਗਿਆਨਕ ਸੋਚ ਨੇ ਮਾਨਵਵਾਦ ਤੇ ਅੰਤਰ ਰਾਸ਼ਟਰਵਾਦ ਨੂੰ ਜਨਮ ਦਿੱਤਾ ਹੈ ਜੋ ਮਾਨਵ ਅੱਜ ਦੇ ਅਜਿਹੇ ਯੁੱਗ ਵਿਚ ਜਾਤ-ਪਾਤ ਦੀ ਗੱਲ ਕਰਦਾ ਹੈ। ਉਹ ਮਾਨਵ ਨਹੀਂ ਹੈ। ਇਕ ਹੈਵਾਨ ਹੈ। ਇਹੀ ਸੋਚ ਆਉਣ ਵਾਲੇ ਸਮੇਂ ਵਿਚ ਤਬਦੀਲੀ ਦੀ ਸੂਚਕ ਹੈ। ਵੈਸੇ ਵੀ ਸੋਚਿਆ ਜਾਵੇ ਤਾਂ ਜਾਤੀ ਵਾਚਕ ਸ਼ਬਦਾਂ ਦੀ ਕੀ ਵੁੱਕਤ ਹੈ। ਸਿਰਫ ਸ਼ਬਦ ਹੀ ਹਨ ਇਹਨਾਂ ਦੀ ਅਜੋਕੇ ਵਿਗਿਆਨਕ ਯੁੱਗ ਵਿਚ ਕੋਈ ਸਾਰਥਿਕਤਾ ਨਹੀਂ ਹੈ। ਅੱਜ ਦਾ ਮਨੁੱਖੀ ਸਮਾਜ ਇੰਨੀ ਤਰੱਕੀ ਕਰ ਗਿਆ ਹੈ ਕਿ ਵਿਗਿਆਨ ਦੀਆਂ ਕਾਢਾਂ ਨੇ ਨਵੇਂ-ਨਵੇਂ ਕਿੱਤਿਆਂ ਨੂੰ ਜਨਮ ਦਿੱਤਾ ਹੈ ਤੇ ਮਨੁੱਖ ਆਪਣੇ ਜੱਦੀ-ਪੁਸ਼ਤੀ ਕਿੱਤਿਆਂ ਨੂੰ ਛੱਡੀ ਜਾ ਰਿਹਾ ਹੈ ਤੇ ਉੱਚ ਵਰਗ ਦੇ ਕਹੇ ਜਾਣ ਵਾਲੇ ਲੋਕ ਇਹਨਾਂ ਛੱਡੇ ਗਏ ਕਿੱਤਿਆਂ ਨੂੰ ਅਪਣਾਈ ਜਾ ਰਿਹਾ ਹੈ ਜਿਹਨਾਂ ਨੂੰ ਉਹ ਘਟੀਆ ਕਿੱਤੇ ਸਮਝਦਾ ਸੀ। ਇੱਥੇ ਇਕ ਸਵਾਲ ਪੈਦਾ ਹੁੰਦਾ ਹੈ ਕਿ ਕੀ ਨਿਮਨ ਵਰਗ ਕਹੇ ਜਾਣ ਵਾਲੇ ਲੋਕਾਂ ਦੇ ਕਿੱਤੇ, ਜੋ ਅੱਜ ਆਪਣੇ ਆਪ ਨੂੰ ਉੱਚ ਵਰਗ ਸਮਝਣ ਵਾਲੇ ਲੋਕ ਅਪਣਾ ਰਹੇ ਹਨ। ਇਹਨਾਂ ਕਿੱਤਿਆਂ ਨੂੰ ਆਪਣੀ ਜਾਤ ਕਹਿਲਾਉਣ ਲਈ ਤਿਆਰ ਹਨ? ਇਸ ਦਾ ਉਤਰ ਸ਼ਾਇਦ ਨਹੀਂ ਹੋਵੇਗਾ ਤੇ ਫਿਰ ਕਿਸੇ ਦੇ ਕਿੱਤੇ ਨੂੰ ਜਾਤ ਕਿਉਂ ਸਮਝਿਆ ਜਾਵੇ ਸਗੋਂ ਮਨੁੱਖ ਦੀ ਜਾਤ ਮਨੁੱਖਤਾ ਹੀ ਹੈ। ਜਦੋਂ ਮਾਨਵ ਜੰਗਲਾਂ ਵਿਚ ਰਹਿੰਦਾ ਸੀ ਤੇ ਉਹ ਇਕ ਸੱਭਿਅਤ ਮਾਨਵ ਅਜੇ ਨਹੀਂ ਬਣਿਆ ਸੀ ਤੇ ਉਸ ਦੀ ਨਾ ਕੋਈ ਬੋਲੀ ਤੇ ਭਾਸ਼ਾ ਸੀ, ਉਹ ਸਿਰਫ ਇਸ਼ਾਰਿਆਂ ਦੀ ਸੰਕੇਤਕ ਭਾਸ਼ਾ ਵਰਤ ਕੇ ਆਪਣੀ ਗੱਲ ਦੂਸਰੇ ਮਾਨਵ ਨੂੰ ਸਮਝਾਉਂਦਾ ਸੀ। ਉਸ ਸਮੇਂ ਉਸ ਦੀ ਕਿੱਤਾ ਜਾਤ ਨਹੀਂ ਸੀ ਸਗੋਂ ਉਹ ਇਕ ਸਿਰਫ ਮਨੁੱਖ ਹੀ ਸੀ। ਜਿਉਂ-ਜਿਉਂ ਮਨੁੱਖ ਸਭਿਅਤਾ ਵੱਲ ਵਧਿਆ ਉਹ ਹੌਲੀ-ਹੌਲੀ ਚੁਸਤ ਤੇ ਚਲਾਕ ਹੁੰਦਾ ਗਿਆ ਤੇ ਦੂਸਰਿਆਂ ਨੂੰ ਗੁਲਾਮ ਰੱਖਣ ਦੀ ਪ੍ਰਵਿਰਤੀ ਰੱਖਣ ਲੱਗ ਪਿਆ। ਇਸੇ ਭਾਵਨਾ ਵਿਚੋਂ ਹੀ ਜਾਤ ਦੀ ਉਤਪੱਤੀ ਹੁੰਦੀ ਹੈ।

ਸ੍ਰੀ ਮੰਗੂ ਰਾਮ ਮੁੱਗੋਵਾਲੀਆ ਨੇ ਰੱਜ ਕੇ ਜਾਤ-ਪਾਤ ਦਾ ਵਿਰੋਧ ਕੀਤਾ ਤੇ ਆਪਣੇ 'ਆਦਿ ਧਰਮ' ਨੂੰ ਪ੍ਰਚਾਰਿਆ। ਉਹਨਾਂ ਨੇ ਕਿਹਾ, ਕਿ ਅਸੀਂ ਅਸਲੀ ਭਾਰਤੀ ਹਾਂ, ਅਸੀਂ ਆਰੀਆ ਜਾਂ ਹਿੰਦੂ ਦੀ ਔਲਾਦ ਨਹੀਂ ਹਾਂ। ਇਹ ਆਰੀਆ ਲੋਕ ਵਿਦੇਸ਼ੀ ਹਨ ਜਿਹਨਾਂ ਨੇ ਇੱਥੇ ਦੇ ਆਦਿਵਾਸੀ ਲੋਕਾਂ ਨੂੰ ਗੁਲਾਮ ਬਣਾ ਕੇ ਜਾਤ-ਪਾਤ ਦੀ ਸਿਰਜਣਾ ਕੀਤੀ ਹੈ, ਅਸੀਂ ਇਸ ਦਾ ਰੱਜ ਕੇ ਵਿਰੋਧ ਕਰਦੇ ਹਾਂ।''

'ਆਰੀਆ ਸਮਾਜ' ਦੇ ਕੁਲੀਨ ਵਰਗ ਨੇ ਅਛੂਤ ਆਧਾਰਿਤ ਸਮਾਜ ਨੂੰ ਤਿਲਾਂਜਲੀ ਦੇ ਕੇ, ਆਪਣੇ ਲੋਕਾਂ ਦੁਆਰਾ ਆਪਣੀ ਸੁਤੰਤਰ ਹੋਂਦ ਨੂੰ, ਭਾਵ ਮਾਨਵੀ ਸੋਚ ਨੂੰ ਉਭਾਰਿਆ ਤੇ ਛੂਤ-ਛਾਤ ਤੇ ਜਾਤ-ਪਾਤ ਦੂਰ ਕਰਕੇ ਮਾਨਵਵਾਦ ਲਈ ਸੰਘਰਸ਼ ਕੀਤਾ ਪਰ ਜਾਤ-ਪਾਤ ਦੀ ਹੋਂਦ ਤੇ ਸਮਾਜਿਕ ਨਾ-ਬਰਾਬਰੀ ਉਸੇ ਤਰ੍ਹਾਂ ਹੀ ਕਾਇਮ ਹੈ। ਸ਼ਾਇਦ ਸਮਾਜਿਕ ਨਾ-ਬਰਾਬਰੀ ਪ੍ਰਾਪਤ ਕਰਨ ਵਾਲੇ ਲੋਕਾਂ ਨੂੰ ਇਕ ਭਰਮ-ਭੁਲੇਖਾ ਹੀ ਲੱਗ ਰਿਹਾ ਹੈ। ਸ੍ਰੀਮਤੀ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਜੀ ਦੀ ਸਰਕਾਰ ਨੇ ਸ੍ਰੀ ਮੰਗੂ ਰਾਮ ਜੀ ਮੁੱਗੋਵਾਲੀਆ ਦੇ ਸਮਾਜ ਲਈ ਕੀਤੇ ਸੰਘਰਸ਼ ਤੇ ਦੇਸ਼ ਦੀ ਆਜ਼ਾਦੀ ਲਈ ਦਿੱਤੀ ਕੁਰਬਾਨੀ ਬਦਲੇ ਉਹਨਾਂ ਨੂੰ 15 ਅਗਸਤ 1972 ਵਿਚ 'ਤਾਮਿਰ-ਪੱਤਰ' ਦੇ ਕੇ ਸਨਮਾਨਿਤ ਵੀ ਕੀਤਾ। ਸ੍ਰੀ ਮੰਗੂ ਰਾਮ ਜੀ ਮੁੱਗੋਵਾਲੀਆ 22 ਅਪ੍ਰੈਲ, 1980 ਨੂੰ ਸਵਰਗ ਸਿਧਾਰ ਗਏ। ਸ੍ਰੀ ਮੰਗੂ ਰਾਮ ਮੁੱਗੋਵਾਲੀਆ ਵਰਗੀ ਤਿਆਗ ਭਾਵਨਾ ਨਾਲ ਜੀਵਨ ਜਿਉਂ ਕੇ, ਬਾਹਰੀ ਲੋਕਾਂ ਤੇ ਵੀ ਇਸ ਦਾ ਪ੍ਰਭਾਵ ਪੈਂਦਾ ਹੈ। ਇਕ ਵਾਰੀ ਆਇਰਲੈਂਡ ਦਾ ਇਕ ਕ੍ਰਾਂਤੀਕ-ਾਰੀ ਯੁਗਾਂਤਰ/ ਗਦਰ ਆਸ਼ਰਮ ਦੇ ਦਫ਼ਤਰ ਆਇਆ। ਜਿਸ ਨੇ ਕ੍ਰਾਂਤੀਕਾਰੀਆਂ ਦੇ ਕੰਮ-ਕਾਜ ਦੀ ਜਾਣਕਾਰੀ ਤੇ ਉਹਨਾਂ ਦਾ ਛਾਪਾਖਾਨਾ ਦੇਖਿਆ, ਜਦ ਉਸ ਨੂੰ ਇਹ ਪਤਾ ਲੱਗਾ ਕਿ ਇੱਥੇ ਸਾਂਝੇ ਲੰਗਰ ਦਾ ਖਰਚਾ ਕੇਵਲ ਦੋ ਡਾਲਰ ਰੋਜ਼ ਦਾ ਹੈ ਤੇ ਉਹ ਬਹੁਤ ਭਾਵੁਕ ਹੋ ਗਿਆ। ਉਸ ਨੂੰ ਇਹ ਪਤਾ ਲੱਗਿਆ ਰੋਜ਼ ਸਬਜ਼ੀਆਂ ਸਰਦਾਰ ਜਵਾਲਾ ਸਿੰਘ ਜੀ ਦੇ ਫਾਰਮ ਤੋਂ ਆਉਂਦੀਆਂ ਹਨ। ਕਰਤਾਰ ਸਿੰਘ ਸਰਾਭਾ ਦੇ ਸਾਥੀ ਰੁਲੀਆ ਸਿੰਘ (ਜੋ ਉਹਨਾਂ ਦੇ ਪਿੰਡ ਦਾ ਹੀ ਸੀ), ਬਾਬਾ ਸੋਹਣ ਸਿੰਘ ਭਕਨਾ, ਪ੍ਰਿਥੀ ਸਿੰਘ, ਹਰਨਾਮ ਸਿੰਘ ਟੁੰਡੀਲਾਟ ਤੇ ਲਾਲਾ ਹਰਦਿਆਲ ਜੀ ਵਰਗੇ ਮੰਗੂ ਰਾਮ ਜੀ ਦੇ ਸਾਥੀ ਸਨ। ਗਦਰੀ ਬਾਬਿਆਂ ਦੀ ਅਖ਼ਬਾਰ ਦਾ ਨਾਂ 'ਗਦਰ ਦੀ ਗੂੰਜ' ਸੀ।

ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ 'ਗਦਰ ਲਹਿਰ ਦਾ' ਸ਼ਾਨਾਮੱਤਾ, ਗੌਰਵਮਈ, ਵਿਲੱਖਣ ਤੇ ਸੁਨਹਿਰਾ ਇਤਿਹਾਸ ਹੈ। ਉਸ ਦੀਆਂ ਸਿਰਧੜ ਦੀ ਬਾਜ਼ੀ ਲਾਉਣ ਦੀਆਂ ਜੁਝਾਰੂ ਤੇ ਕ੍ਰਾਂਤੀਕਾਰੀ ਸਰਗਰਮੀਆਂ ਦੀ ਵਿਲੱਖਣ ਭੂਮਿਕਾ ਹੈ। ਲੋਕਤੰਤਰੀ, ਸਮਾਜਵਾਦੀ, ਭਾਰਤੀ ਰਾਸ਼ਟਰਵਾਦ, ਧਰਮ ਨਿਰਪੇਖ ਤੇ ਸਮਾਜਿਕ ਸਮਰੱਥਾ ਦੀ ਵਿਚਾਰਧਾਰਾ ਭਾਰਤ ਵਾਸੀਆਂ ਲਈ ਇਕ ਅਤਿ ਮਹੱਤਵਪੂਰਨ ਵਿਰਸਾ ਤੇ ਵਿਰਾਸਤ ਹੈ। ਅਜਿਹੀ ਲੋਕ ਪੱਖੀ ਤੇ ਮਾਨਵਵਾਦੀ ਚੇਤਨਾ ਭਰਪੂਰ ਗੁਲਾਮੀ ਤੇ ਆਜ਼ਾਦੀ ਨੂੰ ਪਰਿਭਾਸ਼ਿਤ ਕਰਦੀ ਵਿਚਾਰਧਾਰਾ ਨੇ, ਅਜੇ ਵੀ ਭਾਰਤ ਦੇ ਮੁੱਖ ਧਾਰਾ ਵਾਲੇ ਇਤਿਹਾਸ ਵਿਚ ਸਥਾਨ ਪ੍ਰਾਪਤ ਕਰਨਾ ਹੈ।

ਇਸ ਦ੍ਰਿਸ਼ਟੀ ਤੋਂ ਕਈ ਚਿੰਤਕਾਂ, ਬੁੱਧੀਜੀਵੀਆਂ ਤੇ ਇਤਿਹਾਸਕਾਰਾਂ ਦਾ ਮੱਤ ਹੈ ਕਿ ਭਾਰਤ ਦੇ ਸੁਤੰਤਰਤਾ ਸੰ-ਗਰਾਮ ਨੂੰ ਨਵੇਂ ਸਿਰਿਉਂ ਲਿਖਣ ਦੀ ਜ਼ਰੂਰਤ ਹੈ। ਇਸ ਦੇ ਨਾਲ ਇਹ ਸਵਾਲ ਵੀ ਉਭਰਦਾ ਹੈ ਕਿ ਘੱਟ-ਗਿਣਤੀ ਦੇ ਦੇਸ਼ ਭਗਤ ਮੁਸਲਮਾਨਾਂ ਤੇ ਦਲਿਤਾਂ ਦੀ ਗਦਰ ਲਹਿਰ ਵਿਚ ਸ਼ਮੂਲੀਅਤ ਤੇ ਮਹੱਤਵਪੂਰਨ ਭੂਮਿਕਾ ਨੂੰ ਉਚਿਤ ਸਥਾਨ ਦਿੱਤਾ ਜਾਵੇ, ਜਿਹਨਾਂ ਦੇ ਨਾਵਾਂ, ਥਾਵਾਂ ਤੇ ਕਾਰਨਾਮਿਆਂ ਨਾਲ ਸਰਕਾਰੀ ਤੇ ਗੈਰ ਸਰਕਾਰੀ ਦਸਤਾਵੇਜ਼ ਭਰੇ ਪਏ ਹਨ, ਹਿੰਦੂ ਮੰਚ ਬਲੀਦਾਨ ਅੰਕ (ਹਿੰਦੀ) ਸੰਪਾਦਕ ਕਮਲਾ ਦੱਤ ਪਾਂਡੇ ਤੇ ਪ੍ਰਸਤਾਵਨਾ ਰਾਮ ਵਿਲਾਸ ਸ਼ਰਮਾ ਆਦਿ ਨੂੰ ਛੱਡ ਕੇ ਜਿਹਨਾਂ ਨੇ 1857 ਦੇ ਗਦਰ 1913-15 ਦੇ ਦਸਤਾਵੇਜ਼ਾਂ ਵਿਚ ਦਲਿਤਾਂ ਨੂੰ ਉਕਾ ਸਥਾਨ ਨਹੀਂ ਦਿੱਤਾ। ਗਦਰ ਲਹਿਰ ਨੂੰ ਸਿਰਫ ਪੰਜਾਬ ਤੱਕ ਸੀਮਤ ਨਾ ਰੱਖਿਆ ਜਾਵੇ। ਇਹ ਲਹਿਰ ਸਮੁੱਚੇ ਦੇਸ਼ ਵਾਸੀਆਂ ਦੀ ਹੈ। ਇਸ ਗਦਰ ਲਹਿਰ ਵਿਚ ਦੇਸ਼ ਦੇ ਵੱਖ-ਵੱਖ ਖਿੱਤਿਆਂ ਦੇ ਲੋਕ ਸ਼ਾਮਲ ਸਨ। ਅੱਜ ਕਈ ਇਤਿਹਾਸਕਾਰ ਤੇ ਬੁੱਧੀਜੀਵੀ ਇਸ ਗਦਰ ਲਹਿਰ ਨੂੰ 'ਨਿਰੋਲ ਸਿੱਖ ਲਹਿਰ' ਦੱਸ ਕੇ ਪੰਜਾਬ ਤੱਕ ਹੀ ਸੀਮਤ ਰੱਖਣਾ ਚਾਹੁੰਦੇ ਹਨ ਜੋ ਗਲਤ ਧਾਰਨਾ ਹੈ ਤੇ ਇਸ ਗਦਰ ਲਹਿਰ ਦੇ ਦੇਸ਼ ਭਗਤਾਂ ਨਾਲ ਬੇਈਮਾਨੀ ਤੇ ਧ੍ਰੋਅ ਕਰਨ ਬਰਾਬਰ ਹੈ। ਇਸ ਵਿਚ ਸਗੋਂ ਵੱਖ-ਵੱਖ ਪ੍ਰਾਂਤਾਂ ਤੇ ਦੇਸ਼ ਭਗਤਾਂ, ਕ੍ਰਾਂਤੀਕਾਰੀਆਂ ਤੇ ਗਦਰੀ ਬਾਬਿਆਂ ਨੂੰ ਉਭਾਰਿਆ ਜਾਵੇ। ਜਰਮਨ, ਅਮਰੀਕਾ ਤੇ ਆਇਰਲੈਂਡ ਦੇ ਉਹਨਾਂ ਦੇਸ਼ ਭਗਤਾਂ ਨੂੰ ਯਾਦ ਕੀਤਾ ਜਾਵੇ, ਜਿਹਨਾਂ ਨੇ ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਹਿੱਸਾ ਲਿਆ, ਸਾਲਾਂ ਬੱਧੀ ਕੈਦਾਂ ਕੱਟੀਆਂ ਤੇ 10-10 ਹਜ਼ਾਰ ਡਾਲਰ ਦੇ ਜੁਰਮਾਨੇ ਭਰੇ। ਇਤਿਹਾਸਕਾਰ ਆਪਣੀ ਤੰਗਦਿਲੀ ਤੇ ਸੌੜੀ ਸੋਚ ਨੂੰ ਤੇ ਰਾਜਨੀਤਿਕ ਪ੍ਰਭਾਵ ਦੀ ਪਰਵਾਹ ਨਾ ਕਰਦੇ ਹੋਏ ਅਣਗੌਲੇ ਦਲਿਤ ਗਦਰੀ ਬਾਬਿਆਂ ਨੂੰ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਉਕਰ ਕੇ ਅਮਰ ਬਣਾ ਦੇਣ। ਕਾਸ਼! ਇਸ ਤਰ੍ਹਾਂ ਦੀ ਸਮਾਜਿਕ 'ਗਦਰੀ ਲਹਿਰ' ਅੱਜ ਦੇ ਜ਼ਮਾਨੇ ਵਿਚ ਹੁੰਦੀ ਤੇ ਅੱਜ ਇਸ ਤਰ੍ਹਾਂ ਦੀ ਵੱਖੋ-ਵੱਖਰੀ ਡਫ਼ਲੀ ਨਾ ਵਜਾਉਣੀ ਪੈਂਦੀ।

ਇਸ ਤੱਥ, ਸੋਚ ਤੇ ਸਮਾਜਿਕ ਵਿਸ਼ਲੇਸ਼ਣ ਨੂੰ ਧਿਆਨ ਗੋਚਰੇ ਰੱਖਿਆ ਜਾਣਾ ਬਹੁਤ ਜ਼ਰੂਰੀ ਹੈ ਤੇ ਗੁਲਾਮੀ ਨੂੰ ਸੱਦਾ ਦੇਣ ਤੇ ਉਸ ਨੂੰ ਬਰਕਰਾਰ ਰੱਖਣ ਵਿਚ ਸਾਡਾ ਆਪਣਾ ਹੀ ਵਰਣ-ਧਰਮ, ਆਰਥਿਕ ਕਾਣੀ ਵੰਡ, ਜਾਤ-ਪਾਤ ਤੇ ਛੂਤ-ਛਾਤ ਵਿਚ ਵੰਡਿਆ ਸਮਾਜ ਵੀ ਪ੍ਰਮੁੱਖ ਕਾਰਨ ਹੈ। ਇਸ ਵੱਲ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਨੇ ਵੀ ਆਪਣੇ ਇਕ ਲੰਮੇ ਲੇਖ 'ਅਛੂਤ ਦਾ ਸਵਾਲ' ਵਿਚ ਸਮਾਜਿਕ ਬਣਤਰ ਉੱਤੇ ਗੰਭੀਰ ਸਵਾਲ ਖੜ੍ਹੇ ਕੀਤੇ ਸਨ। ਉਹ ਇਹ ਵੀ ਕਹਿੰਦੇ ਹਨ ਕਿ ਕ੍ਰਾਂਤੀ ਤੋਂ ਸਾਡਾ ਭਾਵ ਹੈ ਕਿ ਬੇਇਨਸਾਫ਼ੀ ਤੇ ਆਧਾਰਿਤ ਵਰਤਮਾਨ ਵਿਵਸਥਾ ਵਿਚ ਵੱਡੀ ਤਬਦੀਲੀ ਆਉਣੀ ਚਾਹੀਦੀ ਹੈ।

ਉਪਰੋਕਤ ਸਭ ਕੁਝ ਲਈ ਅਸੀਂ ਗਦਰ ਪਾਰਟੀ ਦੇ ਕ੍ਰਾਂਤੀਕਾਰੀਆਂ ਸੂਰਮਿਆਂ ਨੂੰ ਤਾਂ ਹੀ ਸੱਚੀ ਸ਼ਰਧਾਂਜਲੀ ਦੇ ਸਕਾਂਗੇ ਜੇ ਉਹਨਾਂ ਦੀ ਸਮੁੱਚੀ ਵਿਚਾਰਧਾਰਾ ਨੂੰ ਭਾਰਤੀ ਸਮਾਜ ਵਿਚ ਤਬਦੀਲ ਕਰ ਸਕੀਏ।

ਜਦੋਂ ਸ੍ਰੀ ਮੰਗੂ ਰਾਮ ਜੀ ਮੈਵਰਿਕ ਜਹਾਜ਼ ਵਿਚ ਸਫਰ ਕਰ ਰਹੇ ਸਨ ਤਾਂ ਜਦੋਂ ਉਹਨਾਂ ਦਾ ਜਹਾਜ਼ ਵੇਰਾਕਰੂਜ਼ ਬੰਦਰਗਾਹ ਤੇ ਪਹੁੰਚਿਆ ਤਾਂ ਦੋ ਅਮਰੀਕੀ ਜਹਾਜ਼ ਕੇਂਡ ਤੇ ਰੇਨਬੋ ਨੇ ਘੇਰਾ ਪਾ ਕੇ ਮੈਵਰਿਕ ਜਹਾਜ਼ ਦੀ ਤਲਾਸ਼ੀ ਲਈ ਤੇ ਆਮ ਰੋਜ਼ ਦੀ ਤਰ੍ਹਾਂ ਰਸਮੀ ਤਲਾਸ਼ੀ ਲੈਣ ਤੋਂ ਬਾਅਦ ਜਹਾਜ਼ ਨੂੰ ਜਾਣ ਦਿੱਤਾ ਗਿਆ। ਇਸ ਜਹਾਜ਼ ਵਿਚ ਬ੍ਰਿਟਿਸ਼ ਸਰਕਾਰ ਦੇ ਖੁਫ਼ੀਆ ਵਿਭਾਗ ਦਾ ਇਕ ਵਿਅਕਤੀ ਚੁੱਪ-ਚਾਪ ਇਸ ਜਹਾਜ਼ ਵਿਚ ਸਫਰ ਕਰ ਰਹੇ ਸਭ ਮੁਸਾਫ਼ਰਾਂ ਤੇ ਆਪਣੀ ਨਜ਼ਰ ਰੱਖ ਰਿਹਾ ਸੀ।

(ਹਵਾਲਾ: 'ਵਿਦੇਸ਼ੋਂ ਮੇਂ ਭਾਰਤੀਯ ਕ੍ਰਾਂਤੀਕਾਰੀ ਅੰਦੋਲਨ', ਦੂਜਾ ਭਾਗ, ਵਿਸ਼ਵਾਮਿੱਤਰ ਉਪਾਧਿਆਇ ਪੰਨਾ 127, 128)

ਮੈਵਰਿਕ ਦੇ ਸਫਰ ਦੌਰਾਨ ਹੀ ਉਹ ਵੇਰਾਕਰੂਜ਼ ਬੰਦਰਗਾਹ ਤੇ ਆਪਣਾ ਖਾਣ-ਪੀਣ ਦਾ ਰਾਸ਼ਨ ਲੈਣ ਲਈ ਪਹੁੰਚੇ। ਸ਼ੱਕ ਦੀ ਬੁਨਿਆਦ ਤੇ ਅਮਰੀਕੀ ਸਰਕਾਰ ਨੇ ਉਹਨਾਂ ਨੂੰ 10 ਦਿਨ ਤੱਕ ਜੇਲ੍ਹ ਵਿਚ ਨਜ਼ਰਬੰਦ ਰੱਖਿਆ। ਇਹ ਜਹਾਜ਼ ਕਈ ਟਾਪੂਆਂ ਵਿਚ ਦੀ ਲੰਘਦਾ ਹੋਇਆ ਬਤਾਵੀਆ ਦੀ ਬੰਦਰਗਾਹ ਤੇ ਪਹੁੰਚਿਆ ਤੇ ਪੁੱਜਦੇ ਸਾਰ ਹੀ ਕਈ ਜਪਾਨੀ ਜਹਾਜ਼ ਆਏ ਤੇ ਉਹਨਾਂ ਨੇ ਜਹਾਜ਼ ਸਮੇਤ ਬਾਬੂ ਮੰਗੂਰਾਮ ਜੀ ਨੂੰ ਗ੍ਰਿਫਤਾਰ ਕਰ ਲਿਆ। ਕੈਲੇਫੋਰਨੀਆ ਵਿਚ ਉਹਨਾਂ ਤੇ ਮੁਕੱਦਮਾ ਚਲਾਇਆ ਗਿਆ ਤੇ ਫੈਸਲਾ ਇਹ ਸੁਣਾਇਆ ਗਿਆ

**(ਬਾਕੀ ਅਗਲੇ ਸਫੇ ਤੇ)**

# ‘ਗਦਰ-ਲਹਿਰ ਦੇ ਅਣਗੌਲੇ, ਮਹਾਨ ਯੋਧੇ’

**ਇੱਥੇ ਪਾਠਕਾਂ ਦੀ ਜਾਣਕਾਰੀ ਲਈ ਦੱਸਣਾ ਜ਼ਰੂਰੀ ਹੈ ਕਿ ਸ੍ਰੀ ਮੰਗੂ ਰਾਮ ਜੀ ਦੀ ਸੀ. ਆਈ. ਡੀ. ਫਾਈਲ ਨੰਬਰ 1273 ਆਫ 1915 ਅਨੁਸਾਰ ਉਹ ਸਤੰਬਰ 1915 ਤੱਕ ਅਮਰੀਕਾ ਵਿਚ ਸਨ ਜਦਕਿ ਉਹ 24 ਅਪ੍ਰੈਲ, 1915 ਨੂੰ ਲਾਸ ਏਂਜਲਸ ਤੋਂ ਆਪਣੇ ਮਿਸ਼ਨ ਲਈ ਹਿੰਦੁਸਤਾਨ ਨੂੰ ਰਵਾਨਾ ਹੋ ਚੁੱਕੇ ਸਨ। ਆਪਣੇ ਦੂਜੇ ਚਾਰ ਸਾਥੀਆਂ ਹਰੀ ਸਿੰਘ ਬੱਦੋਵਾਲੀਆ (ਉਸਮਾਨ), ਗੰਭੀਰ ਸਿੰਘ, ਚਰਨ ਦਾਸ ਅਤੇ ਹਰਨਾਮ ਚੰਦ ਜਿਹਨਾਂ ਦੇ ਫਰਜ਼ੀ ਨਾਂ ਭਾਰਤ ਆਉਣ ਲਈ ਹੋਰ ਰੱਖੇ ਸਨ, ਨਾਲ ਫਾਈਲ ਦੇ ਰਿਕਾਰਡ ਅਨੁਸਾਰ 10 ਅਪ੍ਰੈਲ 1915 ਨੂੰ ਸਾਨਫਰਾਂਸਿਸਕੋ ਤੋਂ ਲਾਸ ਏਂਜਲਸ ਕੈਲੇਫੋਰਨੀਆ ਲਈ ਰਵਾਨਾ ਹੋਏ ਵੀ ਸਨ। ਇਸੇ ਤਰ੍ਹਾਂ ਹੀ ਵਰੰਟ/ਸੰਮਨ (ਨੰਬਰ 1) 7 ਜੁਲਾਈ 1917 ਅਤੇ 11 ਅਕਤੂਬਰ 1917 ਦੀ ਤਾਰ ਸੀ. ਆਈ. ਡੀ. ਮਹਿਕਮੇ ਦੀ ਨਲਾਇਕੀ ਨੂੰ ਜ਼ਾਹਿਰ ਕਰਦੀ ਹੈ। ਇਸ ਦੇ ਨਾਲ ਹੀ ਇਹ ਗਦਰ ਪਾਰਟੀ ਦੇ ਆਪਣੇ ਖੁਫ਼ੀਆ ਤੰਤਰ ਦੀ ਹੁਸ਼ਿਆਰੀ ਨੂੰ ਦਰਸਾਉਂਦੀ ਹੈ। ਕੇਸ ਦੇ ਵੇਰਵੇ ਅਨੁਸਾਰ (ਨਿਆਂ ਵਿਭਾਗ ਯੂ. ਐਸ. ਮਾਰਸ਼ਲ ਦਾ ਦਫ਼ਤਰ, ਵਾਸ਼ਿੰਗਟਨ ਦਾ ਪੱਛਮੀ ਜ਼ਿਲ੍ਹਾ 7 ਮਾਰਚ 1917 ਦਾ ਪੱਤਰ) ਐਨੀ ਲਾਰਸਨ ਵਿਚ ਰਫਲਾਂ ਦੇ 554 ਬਕਸੇ, ਲੱਗਭੱਗ 7 ਜਾਂ 8 ਹਜ਼ਾਰ (ਸੰਗੀਨਾਂ ਵਾਲੀਆਂ ਕਾਰਬਾਈਨਾਂ) ਕਾਰਤੂਸਾਂ ਦੇ ਲੱਗਭੱਗ 3773 ਬਕਸੇ ਜਿਹਨਾਂ ਵਿਚ ਲੱਗਭੱਗ 3,5000,000 ਗੋਲੀਆਂ ਹਨ, ਕਾਰਤੂਸ ਪੇਟੀਆਂ ਦੇ ਲੱਗਭੱਗ 10 ਬਕਸੇ, ਹਰੇਕ ਬਕਸੇ ਵਿਚ 200 ਜਾਂ 300 ਕਾਰਤੂਸ ਪੇਟੀਆਂ ਹਨ ਅਤੇ 45 ਬੋਰ ਦੇ ਪਿਸਤੌਲ ਜਿਹਨਾਂ ਦੀ ਗਿਣਤੀ ਪਤਾ ਨਹੀਂ ਹੈ।’’ ਇਸ ਤੋਂ ਇਲਾਵਾ, ‘ਗਦਰ ਲਹਿਰ’ ਦੀ ਤਰਥੱਲੀ ਮਚਾਉਣ ਵਾਲਾ ਸਾਹਿਤ ਸੀ। ਸ੍ਰੀ ਮੰਗੂ ਰਾਮ ਜੀ ਮੁਤਾਬਕ ਜਹਾਜ਼ ਵਿਚ ‘ਗਦਰ’ ਅਖ਼ਬਾਰ ਦੀਆਂ ਵੀਹ ਹਜ਼ਾਰ ਕਾਪੀਆਂ ਸਨ। ਇਸ ਤੋਂ ਇਲਾਵਾ ਹੋਰ ਵੀ ਕਈ ਪ੍ਰਕਾਰ ਦੀ ਜਾਣਕਾਰੀ ਇਸ ਕੇਸ ਵਿਚੋਂ ਮਿਲਦੀ ਹੈ।**

ਕਿ ਜਹਾਜ਼ ਵਿਚ ਜਿਹੜੇ ਪੰਜ ਭਾਰਤੀ ਸਨ, ਉਹਨਾਂ ਨੂੰ ਦੂਜੇ ਦਿਨ 10 ਵਜੇ ਫਾਂਸੀ ਲਾ ਦਿੱਤੀ ਜਾਵੇਗੀ। ਜਰਮਨ ਦੇ ਕੁਝ ਦੂਤਾਂ ਨੂੰ ਜਦ ਇਸ ਫਾਂਸੀ ਦੇਣ ਦਾ ਪਤਾ ਲੱਗਾ ਤਾਂ ਉਹਨਾਂ ਨੇ ਇਹਨਾਂ ਭਾਰਤੀਆਂ ਨੂੰ ਬਚਾਉਣ ਦਾ ਪ੍ਰਬੰਧ ਕੀਤਾ, ਉਹਨਾਂ ਨੂੰ ਰਾਤ ਨੂੰ ਕੋਈ 12 ਵਜੇ ਦੇ ਕਰੀਬ ਜਹਾਜ਼ ਵਿਚੋਂ ਕੱਢ ਕੇ ਅਲੱਗ-ਅਲੱਗ ਜਗ੍ਹਾ ਤੇ ਭੇਜ ਦਿੱਤਾ ਤੇ ਬਾਬੂ ਮੰਗੂ ਰਾਮ ਜੀ ਨੂੰ ਮਨੀਲਾ ਭੇਜ ਦਿੱਤਾ।

ਜਹਾਜ਼ੀ ਸਫਰ ਸਮੇਂ ਉਹਨਾਂ ਨੂੰ ਕਈ ਔਕੜਾਂ ਦਾ ਸਾਹਮਣਾ ਵੀ ਕਰਨਾ ਪਿਆ। ਜਿਸ ਜਹਾਜ਼ ਵਿਚ ਉਹ ਮਨੀਲਾ ਜਾ ਰਹੇ ਸਨ, ਸਮੁੰਦਰੀ ਤੂਫਾਨ ਤੇ ਖਰਾਬ ਮੌਸਮ ਕਾਰਨ ਉਹ ਮਨੀਲਾ ਦੀ ਥਾਂ ਸਿੰਗਾਪੁਰ ਪਹੁੰਚ ਗਏ। ਜਹਾਜ਼ ਵਿਚੋਂ ਅਜੇ ਉਤਰੇ ਨਹੀਂ ਸਨ ਤਾਂ ਉਹਨਾਂ ਦੀ ਨਜ਼ਰ ਬੰਦਰਗਾਹ ਤੇ ਖੜ੍ਹੇ ਦੋ ਭਾਰਤੀਆਂ ’ਤੇ ਪਈ, ਉਹਨਾਂ ਵਿਚੋਂ ਇਕ ਦਾ ਨਾਮ ਬੇਲਾ ਸਿੰਘ ਪਿੰਡ ਜਿਆਣ, ਜ਼ਿਲ੍ਹਾ ਹੁਸ਼ਿਆਰਪੁਰ ਤੇ ਦੂਸਰੇ ਦਾ ਨਾਮ ਭਾਗ ਸਿੰਘ ਪਿੰਡ ਮਾਣਕੋ, ਜ਼ਿਲ੍ਹਾ ਜਲੰਧਰ ਸੀ। ਉਹਨਾਂ ਦੇ ਸੂਹ ਦੇਣ ਕਾਰਨ ਕਿਉਂਕਿ ਉਹ ਦੇਸ਼ ਦੇ ਗਦਾਰ ਸਨ, ਬਾਬੂ ਮੰਗੂ ਰਾਮ ਜੀ ਨੂੰ ਪੁਲਿਸ ਨੇ ਪਕੜ ਲਿਆ ਤੇ ਇਕ ਕਿਲੇ ਵਿਚ ਲੈ ਗਏ ਤੇ ਤੋਪ ਦੇ ਅੱਗੇ ਖੜ੍ਹੇ ਕਰ ਦਿੱਤਾ ਤੇ ਕਿਹਾ ਕਿ ਤੈਨੂੰ ਅੱਧੇ ਘੰਟੇ ਬਾਅਦ ਤੋਪ ਨਾਲ ਉਡਾਅ ਦੇਣਾ ਹੈ, ਤੂੰ ਜਿਸ ਨੂੰ ਮਿਲਣਾ ਚਾਹੁੰਦਾ ਹੈ, ਸਾਨੂੰ ਦੱਸ ਅਸੀਂ ਤੈਨੂੰ ਮਿਲਾਅ ਦਿਆਂਗੇ। ਉਹਨਾਂ ਨੇ ਕਿਹਾ ਕਿ ਮੈਂ ਕਿਸੇ ਨੂੰ ਨਹੀਂ ਮਿਲਣਾ ਤੇ ਨਾ ਹੀ ਇੱਥੇ ਕੋਈ ਮੇਰਾ ਵਾਕਿਫ਼ ਹੈ। ਉਹ ਤੋਪ ਦੇ ਸਾਹਮਣੇ ਅਜੇ ਖੜ੍ਹੇ ਹੀ ਸਨ ਕਿ ਇਕ ਬੰਦਾ ਆਇਆ, ਉਸ ਨੇ ਜਿਸ ਰੱਸੇ ਨਾਲ ਉਹਨਾਂ ਨੂੰ ਬੰਨ੍ਹਿਆ ਹੋਇਆ ਸੀ ਨਾਲੋਂ ਖੋਲ੍ਹ ਕੇ ਫਿਰ ਮਨੀਲਾ ਜਾਣ ਵਾਲੇ ਜਹਾਜ਼ ਵਿਚ ਬਿਠਾਅ ਦਿੱਤਾ ਤੇ ਇਸ ਤਰ੍ਹਾਂ ਉਹ ਤੀਸਰੇ ਦਿਨ ਮਨੀਲਾ ਪੁੱਜੇ। ਜਹਾਜ਼ ਤੋਂ ਉਤਰਦੇ ਹੀ ਉਹਨਾਂ ਨੂੰ ਦੋ-ਤਿੰਨ ਭਾਰਤੀ ਤੇ ਕੁਝ ਜਰਮਨੀ ਦੇ ਬੰਦੇ ਮਿਲੇ। ਉਹ ਬਾਬੂ ਮੰਗੂ ਰਾਮ ਨੂੰ ਇਕ ਹੋਟਲ ਵਿਚ ਲੈ ਗਏ। ਉਹਨਾਂ ਨੇ ਚਾਹ ਵਗੈਰਾ ਪੀਤੀ। ਉਥੇ ਪਏ ਇਕ ਅਖ਼ਬਾਰ ਜਿਸ ਦਾ ਨਾਂ ’ਮਨੀਲਾ ਟਾਈਮਜ਼’ ਸੀ ਤੇ ਮੋਟੀ ਖ਼ਬਰ ਪੜ੍ਹੀ ਕਿ ਮੰਗੂ ਰਾਮ ਨੂੰ ਤੋਪ ਨਾਲ ਉਡਾਅ ਦਿੱਤਾ ਗਿਆ ਹੈ। ਇਹ ਖ਼ਬਰ ਸਭ ਪਾਸੇ ਜੰਗਲ ਦੀ ਅੱਗ ਵਾਂਗ ਫੈਲ ਗਈ, ਪਾਰਟੀ ਦੇ ਦਫ਼ਤਰ ਤੇ ਉਹਨਾਂ ਦੇ ਪਿੰਡ ਮੁੱਗੋਵਾਲ ਉਹਨਾਂ ਦੇ ਘਰ ਵੀ ਪਹੁੰਚ ਗਈ। ਇਸ ਖ਼ਬਰ ਦੇ ਪਹੁੰਚਣ ਦੇ ਕੁਝ ਦਿਨਾਂ ਬਾਅਦ ਸ੍ਰੀ ਮੰਗੂ ਰਾਮ ਜੀ ਦੀ ਪਤਨੀ ਨੂੰ ਉਹਨਾਂ ਦੇ ਸਕੇ ਭਰਾ ਦੇ ਨਾਲ ਵਿਆਹ ਦਿੱਤਾ ਗਿਆ।

ਗਦਰ ਪਾਰਟੀ ਦੇ ਇਸ ਮਹਾਨ ਕ੍ਰਾਂਤੀਕਾਰੀ ਨੇ ਅਨੇਕਾਂ ਔਕੜਾਂ ਦਾ ਸਾਹਮਣਾ ਕੀਤਾ ਤੇ ਦੇਸ਼ ਦੀ ਆਨ ਤੇ ਸ਼ਾਨ ਨੂੰ ਉੱਚਾ ਰੱਖਣ ਲਈ ਕਿ ਮੇਰਾ ਦੇਸ਼ ਆਜ਼ਾਦ ਹੋਵੇ, ਇਸੇ ਉਦੇਸ਼ ਨਾਲ ਉਹ ਆਪਣੀ ਮੰਜ਼ਿਲ ਵੱਲ ਅੱਗੇ ਵਧਦੇ ਗਏ ਤੇ ਹੌਸਲਾ ਨਹੀਂ ਹਾਰਿਆ।

ਗਦਰ ਪਾਰਟੀ ਨੂੰ ਜਦ ਉਹਨਾਂ ਦੀਆਂ ਮੁਸੀਬਤਾਂ ਦਾ ਪਤਾ ਲੱਗਾ ਤਾਂ ਉਹਨਾਂ ਦੀ ਰਿਹਾਇਸ਼ ਦਾ ਪ੍ਰਬੰਧ ਇਕ ਫਲਪੀਨੀ ਪਰਿਵਾਰ ਨਾਲ ਕਰ ਦਿੱਤਾ। ਇਸ ਪਰਿਵਾਰ ਕੋਲ ਉਹ ਕੋਈ ਇਕ ਮਹੀਨੇ ਦੇ ਕਰੀਬ ਰਹੇ ਤੇ ਇਸ ਠਿਕਾਣੇ ਦਾ ਬ੍ਰਿਟਿਸ਼ ਸਰਕਾਰ ਨੂੰ ਪਤਾ ਲੱਗ ਗਿਆ। ਇਸ ਤੋਂ ਬਾਅਦ ਉਹ ਪੰਡਤ ਮਾਧੋ ਰਾਮ ਬੱਦੋਵਾਲ, ਜ਼ਿਲ੍ਹਾ ਲੁਧਿਆਣਾ ਤੇ ਸਰਦਾਰ ਜਵਾਲਾ ਸਿੰਘ ਖੁਰਦ ਪੁਰ, ਜ਼ਿਲ੍ਹਾ ਜਲੰਧਰ ਕੋਲ ਰਹੇ। ਇੱਥੇ ਉਹ ਤਕਰੀਬਨ ਇਕ ਸਾਲ ਤੱਕ ਰਹੇ ਤੇ ਫਿਰ ਉਹ ਮਨੀਲਾ ਮੁੜ ਗਏ ਤੇ ਜੰਗਲ ਵਿਚ ਕੋਈ ਦੋ ਸਾਲ ਦੇ ਕਰੀਬ ਆਦਿ-ਵਾਸੀਆਂ ਕੋਲ ਰਹੇ। ਇੱਥੇ ਆਦਿਵਾਸੀਆਂ ਵਿਚ ਰਹਿੰਦਿਆਂ ਉਹਨਾਂ ਨੇ ਕਈ ਔਕੜਾਂ ਦਾ ਸਾਹਮਣਾ ਕੀਤਾ।

ਉਸੇ ਸਮੇਂ ਦੌਰਾਨ ਮੈਵਰਿਕ ਤੇ ਐਨੀ ਲਾਰਸਨ ਸਮੁੰਦਰੀ ਜਹਾਜ਼ ਵਿਚ ਹਥਿਆਰ ਲਿਜਾਣ ਤੇ ਅਮਰੀਕਾ ਦੀ ਕੈਲੇਫੋਰਨੀਆ ਵਿਚ, ’ਨਾਰਦਰਨ ਡਿਸਟ੍ਰਿਕਟ ਕੋਰਟ ਵਿਚ ਗਦਰ ਲਹਿਰ ਦਾ ਇਕ ਜਗਤ ਪ੍ਰਸਿੱਧ ਕੇਸ 20 ਨਵੰਬਰ, 1917 ਨੂੰ ਚੱਲ ਪਿਆ। ਇਸ ਮੁਕੱਦਮੇ ਦੀ ਸੁਣਵਾਈ ਕੋਈ 80 ਦਿਨਾਂ ਦੇ ਕਰੀਬ ਅਪ੍ਰੈਲ, 1918 ਤੱਕ ਚੱਲੀ।

(ਹਵਾਲਾ ਕੇਸ ਨੰਬਰ 6133 ਬਾਕਸ ਨੰਬਰ 575, ਫਾਈਲ ਨੰਬਰ-1, ਫਾਈਲ, ਨੈਸ਼ਨਲ ਆਰਕਾਈਵ ਐਂਡ ਰਿਕਾਰਡ ਐਡਮਨਿਸਟ੍ਰੇਸ਼ਨ (ਨਾਰ੍ਹਾ) ਸਾਨ ਬਰੂਨੋ, ਕੈਲੇਫੋਰਨੀਆ ਯੂ. ਐਸ. ਏ.)।

ਇਸ ਮੁਕੱਦਮੇ ਦਾ ਪੂਰਾ ਨਾਮ ਹੈ: ‘ਹਿੰਦੂ ਜਰਮਨ ਸਾਜਿਸ਼ ਕੇਸ- 1915 ਤੇ। ਇਸ ਕੇਸ ਦੀ ਫਾਈਲ ਦੇ ਆਰੰਭ ਵਿਚ ਜਰਮਨਾਂ, ਆਇਰਿਸ਼ ਸੁਤੰਤਰਤਾ ਸੰਗਰਾਮੀਆਂ ਤੋਂ ਬਾਅਦ ਭਾਰਤੀ ਕ੍ਰਾਂਤੀਕਾਰੀਆਂ ਦੇ ਨਾਮ ਹਨ ਤੇ ਇਸ ਕੇਸ ਫਾਈਲ ਤੇ ਮੰਗੂ ਰਾਮ ਜੀ ਦਾ ਨਾਮ ਵੀ ਦਰਜ ਹੈ। ਇਸ ਅਦਾਲਤੀ ਕਾਰਵਾਈ ’ਤੇ ਮਾਰਚ, 1917 ਦੇ ਪਹਿਲੇ ਸੋਮਵਾਰ ਦੀ ਮਿਤੀ ਦਰਜ ਹੈ।

ਅਮਰੀਕਾ ਦੀ ਫੌਜਦਾਰੀ ਦੰਡਾਵਲੀ ਦੀ ਧਾਰਾ 13 ਦੀ ਸਾਜਿਸ਼ ਦਾ ਦੋਸ਼ ਮੰਗੂ ਰਾਮ ਜੀ ਤੇ ਲਾ ਕੇ 7 ਜੁਲਾਈ 1917 ਨੂੰ ਕੈਲੇਫੋਰਨੀਆ ਨਾਰਦਰਨ ਜ਼ਿਲ੍ਹੇ ਦੇ ਮਾਰਸ਼ਲ ਵੱਲੋਂ ਸੰਮਨ ਜਾਰੀ ਕੀਤਾ ਗਿਆ ਹੈ। ਇਸ ਵਿਚ ਜੱਜ ਵੱਲੋਂ ਆਦੇਸ਼ ਦਿੱਤਾ ਗਿਆ ਹੈ ਕਿ ਮੰਗੂ ਰਾਮ ਨੂੰ ਫੜ ਕੇ ਅਦਾਲਤ ਵਿਚ ਪੇਸ਼ ਕੀਤਾ ਜਾਵੇ। ਇਸ ਤਰ੍ਹਾਂ 11 ਅਕਤੂਬਰ, 1917 ਨੂੰ ਅਟਾਰਨੀ ਨੇ ਅਟਾਰਨੀ ਜਨਰਲ ਵਾਸ਼ਿੰਗਟਨ ਨੂੰ ਸਾਨਫਰਾਂਸਿਸਕੋ ਤੋਂ ਤਾਰ ਰਾਹੀਂ ਸੂਚਨਾ ਦਿੱਤੀ ਹੈ, ’’ਤੁਹਾਡੀ ਤਾਰ ਦੇ ਜਵਾਬ ਵਿਚ ਮੰਗੂ ਰਾਮ ਨੇ ਹਕੀਕਤਾਂ ਦਾ ਬਿਆਨ ਕਰ ਦਿੱਤਾ ਹੈ ਤੇ ਤਸਦੀਕ ਸ਼ੁਦਾ ਦੋਸ਼ ਅਰੋਪਣ ਪੱਤਰ (ਕਾਨੂੰਨੀ ਕਾਰਵਾਈ) ਦੀ ਨਕਲ ਯੂਨਾਈਟਿਡ ਸਟੇਟਸ ਅਟਾਰਨੀ ਸਦਰਨ ਡਿਸਟ੍ਰਿਕਟ, ਫਲੋਰੀਡਾ ਨੂੰ ਭੇਜੀ ਹੈ।’’

ਇੱਥੇ ਪਾਠਕਾਂ ਦੀ ਜਾਣਕਾਰੀ ਲਈ ਦੱਸਣਾ ਜ਼ਰੂਰੀ ਹੈ ਕਿ ਸ੍ਰੀ ਮੰਗੂ ਰਾਮ ਜੀ ਦੀ ਸੀ. ਆਈ. ਡੀ. ਫਾਈਲ ਨੰਬਰ 1273 ਆਫ 1915 ਅਨੁਸਾਰ ਉਹ ਸਤੰਬਰ 1915 ਤੱਕ ਅਮਰੀਕਾ ਵਿਚ ਸਨ ਜਦਕਿ ਉਹ 24 ਅਪ੍ਰੈਲ, 1915 ਨੂੰ ਲਾਸ ਏਂਜਲਸ ਤੋਂ ਆਪਣੇ ਮਿਸ਼ਨ ਲਈ ਹਿੰਦੁਸਤਾਨ ਨੂੰ ਰਵਾਨਾ ਹੋ ਚੁੱਕੇ ਸਨ। ਆਪਣੇ ਦੂਜੇ ਚਾਰ ਸਾਥੀਆਂ ਹਰੀ ਸਿੰਘ ਬੱਦੋਵਾਲੀਆ (ਉਸਮਾਨ), ਗੰਭੀਰ ਸਿੰਘ, ਚਰਨ ਦਾਸ ਅਤੇ ਹਰਨਾਮ ਚੰਦ ਜਿਹਨਾਂ ਦੇ ਫਰਜ਼ੀ ਨਾਂ ਭਾਰਤ ਆਉਣ ਲਈ ਹੋਰ ਰੱਖੇ ਸਨ, ਨਾਲ ਫਾਈਲ ਦੇ ਰਿਕਾਰਡ ਅਨੁਸਾਰ 10 ਅਪ੍ਰੈਲ 1915 ਨੂੰ ਸਾਨਫਰਾਂਸਿਸਕੋ ਤੋਂ ਲਾਸ ਏਂਜਲਸ ਕੈਲੇਫੋਰਨੀਆ ਲਈ ਰਵਾਨਾ ਹੋਏ ਵੀ ਸਨ। ਇਸੇ ਤਰ੍ਹਾਂ ਹੀ ਵਰੰਟ/ਸੰਮਨ (ਨੰਬਰ 1) 7 ਜੁਲਾਈ 1917 ਅਤੇ 11 ਅਕਤੂਬਰ 1917 ਦੀ ਤਾਰ ਸੀ. ਆਈ. ਡੀ. ਮਹਿਕਮੇ ਦੀ ਨਲਾਇਕੀ ਨੂੰ ਜ਼ਾਹਿਰ ਕਰਦੀ ਹੈ। ਇਸ ਦੇ ਨਾਲ ਹੀ ਇਹ ਗਦਰ ਪਾਰਟੀ ਦੇ ਆਪਣੇ ਖੁਫ਼ੀਆ ਤੰਤਰ ਦੀ ਹੁਸ਼ਿਆਰੀ ਨੂੰ ਦਰਸਾਉਂਦੀ ਹੈ।

ਕੇਸ ਦੇ ਵੇਰਵੇ ਅਨੁਸਾਰ (ਨਿਆਂ ਵਿਭਾਗ ਯੂ. ਐਸ. ਮਾਰਸ਼ਲ ਦਾ ਦਫ਼ਤਰ, ਵਾਸ਼ਿੰਗਟਨ ਦਾ ਪੱਛਮੀ ਜ਼ਿਲ੍ਹਾ 7 ਮਾਰਚ 1917 ਦਾ ਪੱਤਰ) ਐਨੀ ਲਾਰਸਨ ਵਿਚ ਰਫਲਾਂ ਦੇ 554 ਬਕਸੇ, ਲੱਗਭੱਗ 7 ਜਾਂ 8 ਹਜ਼ਾਰ (ਸੰਗੀਨਾਂ ਵਾਲੀਆਂ ਕਾਰਬਾਈਨਾਂ) ਕਾਰਤੂਸਾਂ ਦੇ ਲੱਗਭੱਗ 3773 ਬਕਸੇ ਜਿਹਨਾਂ ਵਿਚ ਲੱਗਭੱਗ 3,5000,000 ਗੋਲੀਆਂ ਹਨ, ਕਾਰਤੂਸ ਪੇਟੀਆਂ ਦੇ ਲੱਗਭੱਗ 10 ਬਕਸੇ, ਹਰੇਕ ਬਕਸੇ ਵਿਚ 200 ਜਾਂ 300 ਕਾਰਤੂਸ ਪੇਟੀਆਂ ਹਨ ਅਤੇ 45 ਬੋਰ ਦੇ ਪਿਸਤੌਲ ਜਿਹਨਾਂ ਦੀ ਗਿਣਤੀ ਪਤਾ ਨਹੀਂ ਹੈ।’’ ਇਸ ਤੋਂ ਇਲਾਵਾ, ’ਗਦਰ ਲਹਿਰ’ ਦੀ ਤਰਥੱਲੀ ਮਚਾਉਣ ਵਾਲਾ ਸਾਹਿਤ ਸੀ। ਸ੍ਰੀ ਮੰਗੂ ਰਾਮ ਜੀ ਮੁਤਾਬਕ ਜਹਾਜ਼ ਵਿਚ ’ਗਦਰ’ ਅਖ਼ਬਾਰ ਦੀਆਂ ਵੀਹ ਹਜ਼ਾਰ ਕਾਪੀਆਂ ਸਨ। ਇਸ ਤੋਂ ਇਲਾਵਾ ਹੋਰ ਵੀ ਕਈ ਪ੍ਰਕਾਰ ਦੀ ਜਾਣਕਾਰੀ ਇਸ ਕੇਸ ਵਿਚੋਂ ਮਿਲਦੀ ਹੈ।

ਇਸ ਉਪਰੰਤ ਸਾਰਾ ਅਸਲਾ-ਬਾਰੂਦ ਜੱਜਾਂ ਦੇ ਦਸਤਖਤਾਂ ਮਗਰੋਂ ਵੇਚ ਦਿੱਤਾ ਗਿਆ।

ਸਨਫਰਾਂਸਿਸਕੋ ਕਰੋਨੀਕਲ, 22 ਅਪ੍ਰੈਲ 1918 (ਉਸ ਸਮੇਂ ਦੀ ਪ੍ਰਸਿੱਧ ਅਖ਼ਬਾਰ) ਦੇ ਮੁੱਖ ਪੰਨੇ ਦੇ ਸਿਖਰ ਉੱਤੇ ਮੋਏ ਅੱਖਰਾਂ ਵਿਚ ਸੁਰਖੀ ਹਨ: / 3,000,000 ਇਜ ਕੋਸਟ ਆਫ ਪ੍ਰੋਸਿਕਿਊਟਿੰਗ ਹਿੰਦੂਸ ਪਲੌਟ ਕੇਸ’ ਤੋਂ ਦੂਜੀ ਛੋਟੀ ਸੁਰਖੀ ਹੈ: ਯੂ. ਐਸ. ਕੈਨ ਗੈਟ ਉਨਲੀ ਸਮਾਲ ਪਾਰਟੀ ਬੈਕ।’ ਇੱਥੇ ਕਹਿਣ ਦਾ ਮਤਲਬ ਹੈ ਕਿ ਇਹ ਦੁਨੀਆਂ ਦਾ ਸਭ ਤੋਂ ਮਹਿੰਗਾ ਮੁਕੱਦਮਾ ਸੀ, ਜਿਸ ਉੱਤੇ ਅਮਰੀਕੀ ਤੇ ਬਰਤਾਨਵੀ ਸਰਕਾਰਾਂ ਨੇ ਮਿਲ ਕੇ ਬਹੁਤ ਵੱਡਾ ਖਰਚ ਕੀਤਾ ਅਤੇ 320,000 ਜੁਰਮਾਨਾ ਮਿਲਣ ਦੀ ਸੰਭਾਵਨਾ ਹੈ। ਅੱਗੇ ਹੋਰ ਲਿਖਿਆ ਹੈ, ‘25 ਸਾਲ ਪਹਿਲਾਂ ਦੇ ਕਿਪਲਿੰਗ ਦੇ “ਮੈਵਰਿਕ’’ ਦੀ 1918 ਦੇ “ਮੈਵਰਿਕ’’ ਨੇ ਮੁੜ ਯਾਦ ਕਰਵਾਈ।’’ ਇੱਥੇ ਇਹ ਜ਼ਿਕਰ ਵੀ ਜ਼ਰੂਰੀ ਹੈ ਕਿ ਪ੍ਰਧਾਨ ਵੁਡਰੋ ਵਿਲਸਨ, ਅਮਰੀਕਾ ਦੀ ਕ੍ਰਾਂਤੀਕਾਰੀਆਂ ਪ੍ਰਤੀ ਸੁਹਿਰਦਤਾ ਤੇ ਉਸ ਤੋਂ ਮਗਰੋਂ ਦੀ ਸਰਕਾਰ ਨੇ ਉਪਰੋਕਤ ਮੁਕੱਦਮੇ ਨੂੰ ਨਾ ਚਲਾਉਣ ਲਈ ਬਹੁਤ ਸਮਾਂ ਟਾਲਿਆ ਪਰ ਬਰਤਾਨਵੀ ਦਬਾਅ ਵਧੇਰੇ ਵਧਣ ਕਾਰਨ ਇਹ ਮੁਕੱਦਮਾ ਚਲਾਇਆ ਗਿਆ।

ਮੈਵਰਿਕ ਤੇ ਐਨੀ ਲਾਰਸਨ ਜਹਾਜ਼ ਨਾਲ ਸਬੰਧਤ ’ਹਿੰਦੂ ਜਰਮਨ ਸਾਜਿਸ਼’ ਕੇਸ ਅਪ੍ਰੈਲ 1918 ਵਿਚ ਸਮਾਪਤ ਹੋ ਗਿਆ। ਸੰਸਾਰ ਦੀ ਪਹਿਲੀ ਵੱਡੀ ਜੰਗ ਵੀ 11 ਨਵੰਬਰ 1918 ਨੂੰ ਖਤਮ ਹੋ ਗਈ। ਪ੍ਰਿੰਸ ਆਫ ਵੇਲਜ਼ ਨੇ ਜੋ ਜਾਰਜ ਪੰਜਵੇਂ ਦਾ ਪੁੱਤਰ ਸੀ 1921 ਤੋਂ 1922 ਦੇ ਦੌਰਾਨ ਭਾਰਤ ਸਮੇਤ ਪੂਰੇ ਪੂਰਬ ਏਸ਼ੀਆ ਦਾ ਦੌਰਾ ਕੀਤਾ। ਮਈ 1922 ਨੂੰ ਉਹ ਪੂਰਬੀ ਏਸ਼ੀਆ ਦੇ ਦੇਸ਼ ਫਿਲਪਾਈਨਜ਼ ਦਾ ਦੌਰਾ ਕੀਤਾ। ਉਸ ਸਮੇਂ ਬਾਬੂ ਮੰਗੂ ਰਾਮ ਜੀ ’ਮਿ: ਜੌਹਨਸਨ ਐਂਡ ਮਾਰਸ਼ਲ ਫੀਲਡ ਕੰਪਨੀ (ਜਿਸ ਦਾ ਸ਼ਿਕਾਗੋ ਵਿਚ ਵਿਭਾਗੀ ਭੰਡਾਰ ਵੀ ਹੈ) ਵਿਚ ਨੌਕਰੀ ਕਰਦੇ ਸਨ ਤੇ ਫੈਕਟਰੀ ਵਿਚ ਹੀ ਰਹਿੰਦੇ ਸਨ। ਕੋਈ ਇਕ ਸਾਲ ਨੌਕਰੀ ਕਰਨ ਉਪਰੰਤ ਫੈਕਟਰੀ ਦੇ ਮਾਲਕ ਨੂੰ ਪਤਾ ਲੱਗ ਗਿਆ ਕਿ ਉਹ ’ਗਦਰ ਪਾਰਟੀ’ ਦਾ ਆਦਮੀ ਹੈ। ਉਸ ਸਮੇਂ ਪ੍ਰਿੰਸ ਆਫ ਵੇਲਜ਼ ਦੁਨੀਆਂ ਦੀ ਸੈਰ ਕਰ ਰਿਹਾ ਸੀ ਇਸ ਲਈ ਉਨ੍ਹਾਂ ਨੂੰ 6 ਮਹੀਨੇ ਲਈ ਨਜ਼ਰਬੰਦ ਕਰ ਲਿਆ ਗਿਆ।

13 ਮਈ 1922 ਨੂੰ ਪ੍ਰਿੰਸ ਆਫ ਵੇਲਜ਼ ਦੇ ਪੋਲੋ ਖੇਡਦਿਆਂ ਸੱਜੀ ਅੱਖ ਜ਼ਖਮੀ ਹੋ ਗਈ ਤੇ ਉਹ ਅਗਲੇ ਹੀ ਦਿਨ ਇੰਗਲੈਂਡ ਲਈ ਰਵਾਨਾ ਹੋ ਗਿਆ ਪਰ ਬਾਬੂ ਮੰਗੂ ਰਾਮ ਜੀ ਨੂੰ ਪ੍ਰਿੰਸ ਦੇ ਜਾਣ ਉਪਰੰਤ ਵੀ ਜੇਲ੍ਹ ’ਚੋਂ ਨਾ ਛੱਡਿਆ। ਬਰਤਾਨੀਆ ਸਰਕਾਰ ਦੀ ਨਜ਼ਰ ਵਿਚ ਉਹ ਅਜੇ ਵੀ ਇਕ ਖਤਰਨਾਕ ਕ੍ਰਾਂਤੀਕਾਰੀ ਸੀ ਕਿ ਕਿਸੇ ਤਰ੍ਹਾਂ ਦਾ ਪ੍ਰਿੰਸ ਨੂੰ ਨੁਕਸਾਨ ਨਾ ਪਹੁੰਚਾ ਦੇਵੇ।

(ਹਵਾਲਾ ’ਦਿ ਬੈਰੀਅਰ ਮਾਈਨਰ 15 ਮਈ 1922 ਅਤੇ 14 ਮਈ 1922 ਅਨੁਸਾਰ)

ਭਾਰਤ ਦੇ ਇਤਿਹਾਸਕਾਰ, ਸਾਹਿਤਕਾਰ ਤੇ ਬੁੱਧੀਜੀਵੀ ਲੋਕ ਸਭ ਇਸ ਸਚਾਈ ਨੂੰ ਮੰਨਦੇ ਹਨ ਕਿ 1857 ਦੇ ਪਹਿਲੇ ਗਦਰ ’ਤੇ 1913-15 ਦਾ ਦੂਜਾ ਗਦਰ ਆਧਾਰਿਤ ਸੀ। ਦੋਹਾਂ ਹੀ ਗਦਰਾਂ ਵਿਚ ਗਦਰੀ ਕ੍ਰਾਂਤੀਕਾਰੀ ਭਾਰਤ ਨੂੰ ਬਰਤਾਨੀਆ ਦੀ ਸਰਕਾਰ ਤੋਂ ਆਜ਼ਾਦ ਕਰਾਉਣਾ ਚਾਹੁੰਦੇ ਸਨ। ਇਹਨਾਂ ਦੋਹਾਂ ਗਦਰਾਂ ਵਿਚ ਅੰਤਰ ਸਿਰਫ ਇੰਨਾ ਸੀ ਕਿ ਪਹਿਲੇ ਗਦਰ ਵਿਚ ਭਾਰਤੀ ਕ੍ਰਾਂਤੀਕਾਰੀ ਹਥਿਆਰ ਚੁੱਕ ਕੇ ਲਾਮਬੰਦ ਹੋਏ ਤੇ ਦੂਸਰੇ ਗਦਰ ਵਿਚ ਭਾਰਤੀ ਕ੍ਰਾਂਤੀਕਾਰੀ ਦੂਸਰੇ ਦੇਸ਼ਾਂ ਵਿਚ ਖਾਸ ਕਰਕੇ ਅਮਰੀਕਾ ਵਿਚ ਲਾਮਬੰਦ ਹੋਏ। ਦੋਹਾਂ ਗਦਰਾਂ ਵਿਚ ਦਲਿਤ ਸਮਾਜ ਨਾਲ ਸਬੰਧਤ ਲੋਕਾਂ ਨੇ ਵੀ ਕਾਫੀ ਗਿਣਤੀ ਵਿਚ ਕੁਰਬਾਨੀਆਂ ਦਿੱਤੀਆਂ ਤੇ ਫਾਂਸੀ ਦੇ ਰੱਸਿਆਂ ਨੂੰ ਚੁੰਮਿਆ ਪਰ ਇਸ ਵਿਚ ਇਕ ਵੱਡੀ ਤ੍ਰਾਸਦੀ ਇਹੀ ਰਹੀ ਕਿ ਦਲਿਤ ਵਰਗ ਦੇ ਗਦਰੀ ਬਾਬਿਆਂ ਨੂੰ ’ਸਾਹਿਤ ਦੇ ਇਤਿਹਾਸ’ ਵਿਚ ਤੇ ’ਭਾਰਤ ਦੇ ਇਤਿਹਾਸ’ ਵਿਚ ਇਕ ਖਾਸ ਸੋਚ ਦੇ ਅਧੀਨ ਅਣਗੌਲਿਆਂ ਰੱਖਿਆ ਗਿਆ। ਪੰਜਾਬ ਵਿਚ ਤੇ ਭਾਰਤ ਦੇ ਇਤਿਹਾਸ ਵਿਚ ਇਕ ਖਾਸ ਵਰਗ ਦੇ ਲੋਕਾਂ ਨੂੰ ਉਭਾਰਿਆ ਗਿਆ ਤੇ ਸਨਮਾਨਿਤ ਕੀਤਾ ਗਿਆ। ਇਹ ਦਲਿਤ ਵਰਗ ਦੇ ਦੇਸ਼ ਭਗਤਾਂ ਤੇ ਕ੍ਰਾਂਤੀਕਾਰੀਆਂ ਨਾਲ ਵੱਡੀ ਬੇਇਨਸਾਫ਼ੀ ਹੈ। ਇਹ ਸਾਹਿਤਕਾਰਾਂ ਤੇ ਇਤਿਹਾਸਕਾਰਾਂ ਦਾ ਇਖ਼ਲਾਕੀ ਫਰਜ਼ ਬਣਦਾ ਹੈ ਕਿ ਉਹ ਕ੍ਰਾਂਤੀਕਾਰੀਆਂ ਦੀਆਂ ਕੁਰਬਾਨੀਆਂ ਨੂੰ ਮੱਦੇਨਜ਼ਰ ਰੱਖਦੇ ਹੋਏ ਇਨਸਾਫ ਦੀ ਤੱਕੜੀ ਦੇ ਦੋਵੇਂ ਪੱਲੇ ਸਾਵੇਂ ਰੱਖਦੇ ਹੋਏ ਮੁੜ ਆਜ਼ਾਦੀ ਦੇ ਇਤਿਹਾਸ ਵਿਚ ਦਿੱਤੀਆਂ ਗਈਆਂ ਕੁਰਬਾਨੀਆਂ ਕਰਨ ਵਾਲਿਆਂ ਨੂੰ ਉਭਾਰਨ, ਤਾਂ ਜੋ ਉਹਨਾਂ ਨੂੰ ਆਜ਼ਾਦੀ ਦੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਅੰਕਿਤ ਕਰਕੇ ਮਾਣ ਤੇ ਸਨਮਾਨ ਦਿੱਤਾ ਜਾਵੇ। ਇਸੇ ਹੀ ਤਰ੍ਹਾਂ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਦੀਆਂ ਗਦਰ ਲਹਿਰ ਵਿਚ ਦਿੱਤੀਆਂ ਕੁਰਬਾਨੀਆਂ ਨੂੰ ਉਭਾਰ ਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ ’ਤੇ ਅੰਕਿਤ ਕੀਤਾ ਜਾਵੇ ਕਿਉਂਕਿ ਸਾਰੇ ਇਤਿਹਾਸਕਾਰ, ਸਮਾਜਾਵਾਦੀ-ਪ੍ਰਗਤੀਵਾਦੀ ਅਤੇ ਕ੍ਰਾਂਤੀਕ-ਾਰੀਆਂ ਨੂੰ ਆਪਣੀ ਵਿਰਾਸਤ ਸਮਝਦੇ ਹਨ। ਇਸੇ ਹੀ ਤਰ੍ਹਾਂ 1857 ਦੇ ਗਦਰ ’ਚ ਅਨੇਕਾਂ ਹੀ ਦਲਿਤ ਕ੍ਰਾਂਤੀਕਾਰੀ ਹਨ, ਜਿਵੇਂ: - ਗੰਗੂ ਮੇਹਤਰ, ਬੱਲੂ ਮੇਹਤਰ, ਬਾਂਕੇ ਲਾਲ, ਚੇਤ ਰਾਮ ਜਾਟਵ, ਮੰਗਾ ਬਖਸ਼ ਪਾਸੀ, ਬੀਰਾ ਪਾਸੀ ਤੇ ਹੋਰ ਕਈ ਅਜਿਹੇ ਨਾਮ ਹਨ, ਜਿਹਨਾਂ ਨੇ ਇਸ ਗਦਰ ਲਹਿਰ ’ਚ ਕੁਰਬਾਨੀਆਂ ਦਿੱਤੀਆਂ ਹਨ। ਇਸ ਤੋਂ ਇਲਾਵਾ ਅਨੇਕਾਂ ਦਲਿਤ ਕ੍ਰਾਂਤੀਕਾਰੀ ਇਸਤਰੀਆਂ ਨੇ ਵੀ ਇਸ ਗਦਰ ਲਹਿਰ ’ਚ ਕੁਰਬਾਨੀਆਂ ਦਿੱਤੀਆਂ ਹਨ ਜਿਵੇਂ: - ਮਹਾਂਵੀਰੀ ਦੇਵੀ ਭੰਗੀ ਤੇ ਉਸ ਨਾਲ 22 ਭੰਗੀ ਇਸਤਰੀਆਂ ਉਸ ਦੇ ਸੰਗ ਸਨ, ਅੰਗਰੇਜ਼ਾਂ ਉੱਤੇ ਹਮਲਾ ਕਰਦੀਆਂ ਸ਼ਹੀਦ ਹੋਈਆਂ ਸਨ। ਝਲਕਾਰੀ ਵਾਈ, ਮੁਫਤਸਾ ਬੇਗ਼ਮ, ਉਦਾਵਾਈ ਪਾਸੀ ਆਦਿ ਸਨ, ਦੀਆਂ ਕੁਰਬਾਨੀਆਂ ਨੂੰ ਇਤਿਹਾਸਕਾਰ ਖੋਜ ਕੇ, ਇਤਿਹਾਸ ਦੇ ਪੰਨਿਆਂ ਤੇ ਲਿਆਉਣ ਦੀ ਜ਼ਰੂਰਤ ਹੈ। ਇਸ ਦੇ ਨਾਲ ਹੀ 1857 ਦੇ ਗਦਰ ਤੋਂ ਪਹਿਲਾਂ ਅੰਗਰੇਜ਼ਾਂ ਨਾਲ ਗੁਰੀਲਾ ਯੁੱਧ ਲੜਦੇ ਹੋਏ ਕਈ ਯੋਧੇ ਫਾਂਸੀ ਤੇ ਚੜ੍ਹਾਏ ਗਏ ਜਾਂ ਅੰਗਰੇਜ਼ਾਂ ਦੇ ਅੱਤਿਆਚਾਰ ਦੇ ਸ਼ਿਕਾਰ ਹੋਏ। ਉਹਨਾਂ ’ਚ ਉਪਈਆ ਨਾਮ ਦੇ ਦਲਿਤ ਯੋਧੇ ਦਾ ਖਾਸ ਜ਼ਿਕਰ ਆਉਂਦਾ ਹੈ ਜਿਸ ਨੇ ਛਤਰੀ ਕਿਲੇ, ’ਚ ਬਰੂਦੀ ਸੁਰੰਗ ਵਿਛਾਅ ਕੇ ਕਈ ਅੰਗਰੇਜ਼ਾਂ ਨੂੰ ਮੌਤ ਦੇ ਘਾਟ ਉਤਾਰਿਆ ਸੀ।

ਇਹ ਬੜੇ ਦੁੱਖ ਨਾਲ ਲਿਖਣਾ ਪੈਂਦਾ ਹੈ ਕਿ ਇਹਨਾਂ ਮਹਾਨ ‘ਗਦਰੀ-ਲਹਿਰ’ ਦੇ ਦੇਸ਼ ਭਗਤ ਬਾਬਿਆਂ ਨੇ, ਜੋ ਆਜ਼ਾਦ ਭਾਰਤ ਦਾ ਸੁਪਨਾ ਸੰਜੋਇਆ ਸੀ ਉਹ ਆਜ਼ਾਦੀ ਪ੍ਰਾਪਤ ਕਰ ਲੈਣ ਬਾਅਦ ਵੀ ਅਧੂਰਾ ਹੈ ਕਿਉਂਕਿ ਅੱਜ ਵੀ ਸਰਮਾਏਦਾਰ ਲੋਕ, ਭ੍ਰਿਸ਼ਟ ਰਾਜਨੀਤਿਕ ਲੋਕ ਤੇ ’ਆਪੇ ਬਣੇ ਰੱਬ’ ਪਾਖੰਡੀ, ਢੌਂਗੀ ਤੇ ਸਾਧ ਬਾਬੇ ਭੋਲੀ-ਭਾਲੀ ਜਨਤਾ ਨੂੰ ਸੋਸ਼ਿਤ ਤੇ ਗੁੰਮਰਾਹ ਕਰਕੇ ਅਮੀਰ ਬਣੀ ਜਾ ਰਹੇ ਹਨ ਤੇ ਕਿਰਤੀ ਤੇ ਮਿਹਨਤਕਸ਼ ਲੋਕ ਗਰੀਬ ਹੋਈ ਜਾ ਰਹੇ ਹਨ। ਇਹਨਾਂ ਕਿਰਤੀ ਲੋਕਾਂ ਦੇ ਅਧਿਕਾਰਾਂ ਤੇ ਹੱਕਾਂ ਨੂੰ ਅਮੀਰ ਆਦਮੀ ਦਬਾਅ ਕੇ ਰੱਖਦੇ ਹਨ ਤਾਂ ਕਿ ਉਹ ਉਪਰ ਨਾ ਉਠ ਸਕਣ। ਉਕਤ ਦੱਸੇ ਸਾਰੇ ਵੇਰਵੇ ਤੇ ਸਮਾਜਿਕ ਹਾਲਾਤ ਲਈ ਅਸੀਂ ਗਦਰ ਪਾਰਟੀ ਦੇ ਕ੍ਰਾਂਤੀਕਾਰੀ ਸੂਰਮਿਆਂ ਨੂੰ ਤਾਂ ਹੀ ਸੱਚੀ ਸ਼ਰਧਾਂਜਲੀ ਦੇ ਸਕਾਂਗੇ ਜੇ ਉਹਨਾਂ ਦੀ ਸਮੁੱਚੀ ਵਿਚਾਰਧਾਰਾ ਨੂੰ ਭਾਰਤੀ ਸਮਾਜ ’ਚ ਤਬਦੀਲ ਕਰ ਸਕੀਏ। ਅੰਤ ’ਚ ਮੈਂ ਭਾਰਤ ਦੀ ‘ਗਦਰ ਲਹਿਰ’ ਦੇ ਮਹਾਨ ਕ੍ਰਾਂਤੀਕਾਰੀ ਯੋਧੇ ਸ੍ਰੀ ਮੰਗੂ ਰਾਮ ਜੀ ਮੁੱਗੋਵਾਲੀਆ ਦੀ ਬਰਸੀ ’ਤੇ ਆਪਣੇ ਸ਼ਰਧਾ ਸੁੰਮਨ ਪੇਸ਼ ਕਰਦਾ ਹਾਂ।

ਉਕਤ ਸਭ ਹਵਾਲੇ ਤੇ ਵਿਆਖਿਆ ਨਿਮਨ-ਲਿਖਤ ਪੁਸਤਕਾਂ ਤੇ ਲੇਖਾਂ ’ਤੇ ਆਧਾਰਿਤ ਹੈ:-

(1) ‘ਗਦਰ ਲਹਿਰ ਦੇ ਅਣਫੋਲੇ ਬਰਕੇ’- ਬਾਬਾ ਭਗਤ ਸਿੰਘ ਜੀ ਬਿਲਗਾ, ਐਡੀਸ਼ਨ: 1989, ਪ੍ਰਕਾਸ਼ਕ: ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ।
(2) ‘ਸੋਵੀਨਾਰ’ ਗਦਰੀ ਬਾਬਾ ਸ੍ਰੀ ਮੰਗੂ ਰਾਮ ਮੁੱਗੋਵਾਲੀਆ, ਪ੍ਰਕਾਸ਼ਕ: ’ਕੌਮੀ ਉਡਾਰੀਆਂ’ ਜਲੰਧਰ। ਮੁੱਖ ਸੰਪਾਦਕ ਸ੍ਰੀ ਸੀ. ਐਲ. ਚੁੰਬਰ।
(3) ‘ਗਦਰ ਪਾਰਟੀ ਦਾ ਇਤਿਹਾਸ’ - ਗੁਰਚਰਨ ਸਿੰਘ ਸੈਂਸਰਾ, ਤੀਜਾ ਐਡੀਸ਼ਨ: ਨਵੰਬਰ, 2006। ਪ੍ਰਕਾਸ਼ਕ: ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ।
(4) ‘ਗਦਰ’- ਗਦਰ ਪਾਰਟੀ ਦਾ ਸਪਤਾਹਿਕ ਪਰਚਾ, ਭਾਗ ਪਹਿਲਾ (1913-14) ਪੁਨਰ ਪ੍ਰਕਾਸ਼ਨ- ਡਾ. ਵੇਦ ਪ੍ਰਕਾਸ਼।
(5) ‘ਵਟੁਕ’ ਪ੍ਰਕਾਸ਼ਨ: ਫੋਕ ਲੋਰ ਇੰਸਟੀਚਿਊਟ, ਪੀ. ਓ. ਵਾਕਸ 1142, ਬਰਕਲੇ, ਕੈਲੇਫੋਰਨੀਆ।
(6) ‘ਗਦਰ ਦੀ ਗੂੰਜ’- ਦੇਸ਼ ਭਗਤਾਂ ਦੀ ਬਾਣੀ, ਐਡੀਸ਼ਨ: 1993, ਪ੍ਰਕਾਸ਼ਕ: ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ।
(7) ’ਰਵਿਦਾਸ ਪੱਤ੍ਰਿਕਾ’ (ਅਪ੍ਰੈਲ 1971),615 ਐਲ. ਮਾਡਲ ਟਾਊਨ, ਜਲੰਧਰ।
(8) ਵਿਦੇਸ਼ੋਂ ਮੇਂ ਭਾਰਤੀਯ ਕ੍ਰਾਂਤੀਕਾਰੀ ਅੰਦੋਲਨ- ਵਿਸ਼ੱਵਾਮਿੱਤਰ ਉਪਾਧਿਆਇ, ਪ੍ਰਗਤੀਸ਼ੀਲ ਜਨ ਪ੍ਰਕਾਸ਼ਨ, ਨਵੀਂ ਦਿੱਲੀ। ਪਹਿਲਾ ਸੰਸਕਰਣ: 1986
(9) ‘1857 ਕੀ ਕ੍ਰਾਂਤੀ ਮੇਂ ਦਲਿਤੋਂ ਕਾ ਯੋਗਦਾਨ’- ਸਤਨਾਮ ਸਿੰਘ ਸਮੱਕਅ ਪ੍ਰਕਾਸ਼ਨ, ਨਵੀਂ ਦਿੱਲੀ, ਪਹਿਲਾ ਸੰਸਕਰਣ: 2007
(10) ’ਹਿੰਦੋਸਤਾਨ ਗਦਰ ਪਾਰਟੀ’: ਸੋਹਣ ਸਿੰਘ ਜੋਸ਼: ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ।
(11) ’ਹਿੰਦੂ ਜਰਮਨ ਕਾਂਸਪੀਰੇਸੀ ਕੇਸ’ ਸ੍ਰੀ ਮੰਗੂ ਰਾਮ ਜੀ ਬਾਰੇ- ਸੀਤਾ ਰਾਮ ਮਾਧੋਪੁਰੀ।
(12) ਗਦਰ ਡਾਇਰੈਕਟਰੀ ਵਾਲੀਅਮ 4, 1913-15, ਲਹੌਰ 1916 ਐਡੀਸ਼ਨ: ਭਾਈ ਨਾਹਰ ਸਿੰਘ ਤੇ ਕ੍ਰਿਪਾਲ ਸਿੰਘ ਐਡੀਸ਼ਨ: 1996 ਤੇ (ਗਦਰ ਡਾਇਰੈਕਟਰੀ’ ਡਾਇਰੈਕਟਰ ਇੰਟੈਲੀਜੈਂਸ ਬਿਊਰੋ, ਹੋਮ ਡੀਪਾਰਟਮੈਂਟ, ਭਾਰਤ ਸਰਕਾਰ- 1934
(13) ਅਦਾਰਾ ’ਦੇਸ਼ ਦੁਆਬਾ’ ਤੇ ’ਅੰਬੇਦਕਰ ਟਾਈਮਜ਼’ ਕੈਲੇਫੋਰਨੀਆ, ਮੁੱਖ-ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ।
(14) ਇੰਟਰਨੈਟ ਤੇ ਪੜ੍ਹੇ ਗਏ ਲੇਖ- ਲੇਖਕ ਡਾ: ਰੌਣਕੀ ਰਾਮ ਡੀਨ ਆਰਟਸ ਫੈਕਲਟੀ ਆਨਰੇਰੀ ਡਾਇਰੈਕਟਰ, ਆਈ. ਸੀ. ਐਸ. ਐਸ. ਆਰ., ਸ਼ਹੀਦ ਭਗਤ ਸਿੰਘ ਪ੍ਰੋਫੈਸਰ ਆਫ ਪੋਲੀਟੀਕਲ ਸਾਇੰਸ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ।

# ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ (14 ਜਨਵਰੀ 1886 ਤੋਂ 22 ਅਪ੍ਰੈਲ 1980)

## (ਬਾਨੀ ਆਦਿ-ਧਰਮ ਲਹਿਰ, ਸਾਬਕਾ ਐਮ.ਐਲ.ਏ, ਫਰੀਡਮ ਫਾਈਟਰ ਗਦਰ ਪਾਰਟੀ, ਸਾਬਕਾ ਐਮ. ਬੀ. ਡੀ., ਸਾਬਕਾ ਪ੍ਰਧਾਨ ਪੰਜਾਬ ਸ਼ਡੂਲਡ ਕਾਸਟ ਫੈਡਰੇਸ਼ਨ, ਸਾਬਕਾ ਪ੍ਰਧਾਨ ਆਲ-ਇੰਡੀਆ ਆਦਿ-ਧਰਮ ਫੈਡਰੇਸ਼ਨ)

**ਉੱਘੇ ਸਮਾਜ ਸੇਵਕ, ਸਾਬਕਾ ਤਹਿਸੀਲ ਭਲਾਈ ਅਫਸਰ, ਬਹੁਜਨ ਸਮਾਜ ਬੁਲੇਟਿਨ ਦੇ ਰੈਜ਼ੀਡੈਂਟ ਐਡੀਟਰ, ਬਹੁਜਨ ਸਮਾਜ ਦੇ ਜਾਣੇ-ਪਛਾਣ ਨਿਧੱੜਕ, ਨਿਰਪੱਖ, ਬੇ-ਖੌਫ, ਨਿਰਪੱਖ ਲੇਖਣੀ ਦੇ ਬੇਤਾਜ ਮਹਾਨ ਚਿੰਤਕ ਅਤੇ ਲੇਖਕ ਮਾਨਯੋਗ ਸੀ. ਐਲ. ਚੁੰਬਰ (ਜੋ ਅੱਜ ਜਿਸਮਾਨੀ ਤੌਰ ਤੇ ਸਾਡੇ ਵਿਚਕਾਰ ਨਹੀਂ ਰਹੇ ਪਰ ਉਹਨਾਂ ਦੇ ਕੰਮ ਹਮੇਸ਼ਾਂ-ਹਮੇਸ਼ਾਂ ਲਈ ਸਲਾਹੁਣਯੋਗ ਰਹਿਣਗੇ), ਐਡੀਟਰ-ਇੰਨ-ਚੀਫ ਕੌਮੀ ਉਡਾਰੀਆਂ ਜਲੰਧਰ,(ਪੰਜਾਬ) ਭਾਰਤ, ਸ਼੍ਰੀਮਾਨ ਸੀ. ਐਲ. ਚੁੰਬਰ , ਨੇ ਆਦਿ ਧਰਮ ਮੰਡਲ ਦੇ ਦਸਤਾਵੇਜਾਂ ਨੂੰ ਬਹੁਜਨ ਸਮਾਜ ਬੁਲੇਟਿਨ ਦੇ ਅੰਕ 9 ਵਿੱਚ "ਨਾਮ ਮੰਗੂ ਰਾਮ ਜੀ ਦਾ ਭੁੱਲਣਾ ਨਹੀਂ ਚਾਹੀਦਾ" ਦੇ ਸਿਰਲੇਖ ਹੇਠ ਪ੍ਰਕਾਸ਼ਿਤ ਕੀਤਾ। ਜਿਸਨੂੰ ਕਿ ਪਾਠਕਾਂ ਦੇ ਰੂਬਰੂ ਕੀਤਾ ਜਾ ਰਿਹਾ ਹੈ। ਉਮੀਦ ਹੈ ਆਪ ਸਭ ਪਸੰਦ ਕਰੋਗੇ।**

***ਤੇਜਪਾਲ ਗੰਗੜ (ਬਰਨਬੀ, ਬ੍ਰਿਟਿਸ਼ ਕੁਲੰਬੀਆ, ਕਨੇਡਾ) ਫੋਨ: 778.319.5431***

ਪੰਜਾਬ ਦੇ ਮਹਾਨ ਸਪੂਤ, ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ, ਜਿਸਨੇ ਸਾਨੂੰ ਪੜਣ ਅਤੇ ਨੌਕਰੀਆਂ ਕਰਨ ਦਾ ਅਧਿਕਾਰ, ਵੋਟ ਦਾ ਅਧਿਕਾਰ, ਜ਼ਮੀਨ ਖਰੀਦਣਦਾ ਅਧਿਕਾਰ ਦਵਾ ਕੇ ਸਮਾਜ ਵਿੱਚ ਸਿਰ ਉੱਚਾ ਚੁੱਕ ਕੇ ਚਲਣਾ ਸਿਖਾਇਆ, ਨੂੰ ਦਲਿਤ ਸਮਾਜ ਵਲੋਂ ਬਹੁਤ ਘੱਟ ਯਾਦ ਕੀਤਾ ਜਾਂਦਾ ਹੈ। ਇਸ ਮਹਾਨ ਨੇਤਾ ਅਤੇ ਦੇਸ਼ ਭਗਤ ਦੀ ਦੇਣ ਹੋਰਨਾਂ ਸਮਾਜ ਸੁਧਾਰਕਾਂ ਅਤੇ ਰਾਜਨੀਤਿਕ ਨੇਤਾਵਾਂ ਤੋਂ ਘੱਟ ਨਹੀਂ ਹੈ। ਬਾਬੂ ਜੀ ਪੜ੍ਹੇ ਲਿਖੇ, ਘਰੋਂ ਸੁਖਾਲੇ ਅਤੇ ਬਹਾਦੁਰ ਨੌਜਵਾਨ ਸਨ। ਵਿਦੇਸ਼ਾਂ ਵਿੱਚ 16 ਸਾਲ ਤੱਕ ਰਹਿ ਕੇ ਉਨ੍ਹਾਂ ਨੇ ਜੋ ਇੱਜ਼ਤ ਮਾਣ, ਬਰਾਬਰੀ ਦਾ ਦਰਜਾ ਤੇ ਜ਼ਿੰਦਗੀ ਦੀਆਂ ਸਭ ਸਹੂਲਤਾਂ ਮਾਣੀਆਂ, ਉਹ ਚਾਹੁੰਦੇ ਸਨ ਕਿ ਇਹ ਸਹੂਲਤਾਂ ਹਰ ਅਛੂਤ ਸਮਝਿਆ ਜਾਣ ਵਾਲਾ ਇਨਸਾਨ ਇਨ੍ਹਾਂ ਸਹੂਲਤਾਂ ਦਾ ਅਨੰਦ ਮਾਣੇ। ਸੰਨ 1926 ਵਿੱਚ 40 ਸਾਲ ਦੀ ਉਮਰ ਵਿੱਚ ਜੋ ਰਸਤਾ ਬਾਬੂ ਜੀ ਨੇ ਚੁਣਿਆ, ਉਹ ਬੜਾ ਭਿਆਨਕ ਪਰ ਸਵੈਮਾਨਤਾ ਭਰਪੂਰ ਸੀ। ਬਾਬੂ ਜੀ ਦੀ ਸਖਤ ਜੱਦੋ-ਜਹਿਦ ਦਾ ਹੀ ਫਲ ਹੈ ਕਿ ਅੱਜ ਅਸੀਂ ਆਦਿ ਧਰਮ ਮੰਡਲ ਦੁਆਰਾ ਸਰਕਾਰ ਪਾਸੋਂ ਮੰਨਵਾਈਆਂ ਮੰਗਾਂ ਦਾ ਅਨੰਦ ਮਾਣ ਰਹੇ ਹਾਂ। ਸਮੁੱਚੀ ਆਦਿ-ਧਰਮੀ ਕੌਮ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਸ਼ੁਕਰਗੁਜ਼ਾਰ ਹੈ, ਜਿਨ੍ਹਾਂ ਨੇ ਸਾਡੀ ਕੌਮ ਦੀਆਂ ਹਜ਼ਾਰਾਂ ਸਾਲ ਪੁਰਾਣੀਆਂ ਗੁਲਾਮੀ ਦੀਆਂ ਜੰਜ਼ੀਰਾਂ ਤੋੜਕੇ ਸਾਨੂੰ ਮਾਨਵੀ ਅਧਿਕਾਰ ਲੈ ਕੇ ਦਿੱਤੇ। ਬਾਬੂ ਜੀ ਸਾਡੇ ਸਮਾਜ ਦੇ ਚਾਨਣ ਮੁਨਾਰੇ ਬਣੇ ਰਹਿਣਗੇ।

### ਵਾਇਸਰਾਏ ਅਤੇ ਗਵਰਨ ਜਨਰਲ ਨੂੰ ਯਾਦ ਪੱਤਰ

1931 ਦੀ ਮਰਦਮ ਸ਼ੁਮਾਰੀ ਤੋ ਬਾਅਦ ਅਤੇ ਗੋਲਮੇਜ਼ ਕਾਨਫਰੰਸ ਵਿੱਚ ਨਾਮਜ਼ਦਗੀ ਤੋਂ ਪਹਿਲਾਂ ਬਾਬੂ ਮੁੱਗੋਵਾਲੀਆ ਨੇ ਮਿਸਰਟ ਫਰੀਮੈਂਨ ਥਾਮਸ, ਅਰਲ ਆਫ ਵਿਲਿੰਗਡਨ, ਜੀਐਮਐਸਆਈ, ਜੀ. ਜੀ. ਐਮ. ਜੀ., ਜੀ.ਐਮ.ਆਈ.ਈ, ਜੀ.ਵੀ ਈ. ਵਾਇਸਰਾਏ ਅਤੇ ਗਵਰਨਰ ਜਨਰਲ ਆਫ ਇੰਡੀਆ ਨੂੰ ਯਾਦ ਪੱਤਰ ਭੇਜਿਆ। ਇਸ ਯਾਦ ਪੱਤਰ ਵਿੱਚ ਆਦਿ-ਧਰਮੀਆਂ ਦੇ ਇਤਹਾਸ ਅਤੇ ਉਨ੍ਹਾਂ ਉੱਪਰ ਉੱਚ ਜਾਤੀ ਦੇ ਜੁਲਮਾਂ ਨੂੰ ਚਿੱਤਰਿਆ ਹੈ ਆਦਿ-ਧਰਮੀਆ ਨੂੰ ਦੁਨੀਆਂ ਦੀ ਪ੍ਰਾਚੀਨਤਮ ਅਤੇ ਉੱਤਮ ਨਸਲ ਐਲਾਨਦਿਆਂ ਕਿਹਾ ਕਿ 5000 ਹਜ਼ਾਰ ਸਾਲ ਪਹਿਲਾਂ ਉਨ੍ਹਾਂ ਦਾ ਭਾਰਤ ਉੱਤੇ ਰਾਜ ਸੀ ਅਤੇ ਮੱਧ ਏਸ਼ੀਆ ਤੋਂ ਆਏ ਆਰਿਆ ਨੇ ਇਨ੍ਹਾਂ ਨੂੰ ਗੁਲਾਮ ਬਣਾਇਆ ਹੈ ਆਦਿ-ਧਰਮੀਆ ਉੱਪਰ ਉੱਚ ਜਾਤੀ ਹਿੰਦੂਆਂ ਅਤੇ ਅੰਗਰੇਜਾਂ ਦੀਆ ਦੋ ਸਰਕਾਰਾਂ ਦਾ ਰਾਜ ਦੱਸਿਆ ਹੈ।

ਯਾਦ ਪੱਤਰ ਵਿੱਚ ਮੰਜਾਬ ਵਿੱਚ ਮੁਸਲਿਮ ਰਾਜ ਰਹਿਣ ਕਾਰਨ ਦੂਜੇ ਰਾਜਾਂ ਮੁਕਾਬਲੇ ਘੱਟ ਛੂਆਂ ਛਾਤ ਦਾ ਦਾਅਵਾ ਕੀਤਾ ਹੈ ਪਰ ਰਾਜਨੀਤਕ ਤੌਰ ਤੇ ਗਏ ਗੁਜਰੇ ਕਿਹਾ ਹੈ ਕਿਉਂਕਿ ਪੰਜਾਬ ਵਿਚ ਵਿਧਾਨ ਪ੍ਰੀਸ਼ਦ ਜਾਂ ਸਥਾਨਕ ਸਰਕਾਰ ਵਿਚ ਇੱਕੋ ਵੀ ਮੈਂਬਰ ਨੂੰ ਨਾਮਜ਼ਦ ਨਹੀਂ ਕੀਤਾ ਜਦੋਂ ਕਿ ਦੂਜੇ ਸੂਬਿਆਂ ਵਿਚ 1 ਤੋਂ 11 ਤੱਕ ਨਾਮਜ਼ਦਗੀਆਂ ਇਨ੍ਹਾਂ ਵਰਗਾਂ ਚੋਂ ਕੀਤੀਆਂ ਹਨ। ਸੰਯੁਕਤ ਚੋਣ ਖੇਤਰ ਪ੍ਰਬੰਧ ਦੀ ਥਾਂ ਵੱਖਰੇ ਚੋਣ ਪ੍ਰਬੰਧ (ਸਏਪਓਰਓਟਏ ਏਲਏਚਟਰਓਟਏ) ਨੂੰ ਆਦਿ-ਧਰਮੀਆ ਦੇ ਰਾਜਨੀਤਕਨ ਅਤੇ ਸਮਾਜਿਕ ਅਤੇ ਇੱਥੋ ਤੱਕ ਕਿ ਨੈਤਿਕ ਮੁਕਤੀ ਦੇ ਲਈ ਸਹਾਈ ਦੱਸਿਆ। ਆਦਿ-ਧਰਮੀਆਂ ਦੀ ਮੌਜੂਦਾ ਸਥਿਤੀ ਦਾ ਵਰਨਣ ਕਰਦਿਆਂ ਉਨ੍ਹਾਂ ਦੀ ਸਥਿਤੀ ਵਿੱਚ ਸੁਧਾਰ ਲਈ 15 ਮੰਗਾਂ ਰੱਖੀਆਂ। ਜਿਨ੍ਹਾਂ ਵਿੱਚੋਂ ਮੁੱਖ ਸਨ:

1. ਆਦਿ-ਧਰਮ ਨੂੰ ਹਿੰਦੂ ਧਰਮ ਤੋਂ ਵੱਖਰਾ ਮੰਨਣਾ,
2. ਐਮ ਐਲ਼. ਏ ਆਦਿ ਦੀ ਚੋਣ ਮੰਡਲ ਵਲੋਂ ਕਰਨਾ,
3. ਧਾਰਮਿਕ ਘੱਟ ਗਿਣਤੀਆ ਦੀ ਨੁਮਾਇੰਦਗੀ ਦੇ ਮੁੱਦੇ ਨੂੰ ਨਿਜੱਠਣ ਤੋਂ ਪਹਿਲਾਂ ਕੇਂਦਰ ਸਵਿਧਾਨ ਵਿੱਚ ਸੋਧ ਨਾ ਕੀਤੀ ਜਾਵੇ, ਪੁਲਿਸ, ਸਿਵਲ, ਫੌਜ, ਸਿੱਖਿਆ, ਰੇਲਵੇ ਅਤੇ ਸਿਹਤ ਆਦਿ ਖੇਤਰਾਂ ਵਿੱਚ ਬਣਦੀ ਨੁਮਾਇੰਦਗੀ ਦੇਣਾ,
4. ਆਦਿ-ਧਰਮੀ ਨਾਂ ਥੱਲੇ ਫੌਜੀ ਰੈਜੀਮੈਂਟ ਦੀ ਸਥਾਪਨਾ ਕਰਨਾ,
5. ਮਿਊਂਸਪਲਟੀਆਂ, ਡਿਸਟ੍ਰਿਕਟ ਬੋਰਡਾਂ, ਕੌਂਸਲਾਂ ਅਤੇ ਅਸੰਬਲੀ ਵਿੱਚ ਅਬਾਦੀ ਅਨੁਸਾਰ 18 ਪ੍ਰਤੀਸ਼ਤ ਨੁਮਾਇਦਗੀ ਦੀ ਮੰਗ,
6. ਪੰਜਾਬ ਭੂਮੀ ਇੰਤਕਾਲ ਆਦਿ ਐਕਟ 1900 ਵਿੱਚ ਆਦਿ-ਧਰਮੀਆਂ ਨੂੰ ਸਹੂਲਤਾਂ ਦੇਣ ਸਬੰਧੀ ਸੋਧ ਕਰਨਾ,
7. ਦੂਜੀਆ ਕੌਮਾਂ ਵਾਂਗ ਜਾਇਦਾਦ ਦਾ ਅਧਿਕਾਰ ਦੇਣਾ, ਪੰਜਾਬ ਸਰਕਾਰ ਕੋਲ ਪਈ 151872 ਹਜਾਰ ਏਕੜ ਜ਼ਮੀਨ ਅਣਵਾਹੀ ਪਈ ਹੈ ਜੋ ਦੂਜੀਆ ਕੌਮਾ ਵਾਂਗ ਆਦਿ-ਧਰਮੀਆਂ ਵਿੱਚ ਵੰਡੀ ਜਾਵੇ।
8. ਆਦਿ-ਧਰਮੀਆਂ ਨੂੰ ਆਪਣੇ ਆਦਿ-ਧਰਮੀ ਭਰਾ ਦੀ ਜ਼ਾਮਨੀ ਦੇਣ ਦਾ ਕਾਨੂੰਨ ਹੋਵੇ।
9. ਆਦਿ-ਧਰਮੀਆਂ ਤੇ ਜ਼ਰਾਇਮ ਪੇਸ਼ਾ ਦਾ ਧੱਬਾ ਧੋਣਾ, ਵਿਦੇਸ਼ਾ ਖਾਸ ਕਰਕੇ ਕਨੇਡਾ, ਨਿਊਜੀਲੈਂਡ, ਅਸਟ੍ਰੇਲੀਆਂ ਆਦਿ ਵਿੱਚ ਜਾਣ ਦੀ ਇਜ਼ਾਜ਼ਤ ਦੇਣ ਕਿਉਕਿ ਆਦਿ-ਧਰਮੀ ਗਰੀਬ ਹਨ।
10. ਪ੍ਰਸ਼ਾਸਨ ਟੈਕਸ ਆਦਿ-ਧਰਮੀਆਂ ਤੋਂ ਖਤਮ ਕਰਨਾ, ਜਦੋਂ ਤੱਕ ਓਨ੍ਹਾਂ ਨੂੰ ਸਬੰਧਤ ਅਦਾਰਿਆਂ ਵਿੱਚ ਬਣਦੀ ਨੁਮਾਇੰਦਗੀ ਸਰਕਾਰ ਨਹੀ ਦਿੰਦੀ,
11. ਬੈਂਕਾ ਆਦਿ-ਧਰਮੀਆਂ ਨੂੰ ਕਰਜੇ ਨਹੀਂ ਦਿੰਦਆਂ ਇਸ ਲਈ ਸਪੈਸ਼ਲ ਬੈਂਕਿੰਗ ਪ੍ਰਬੰਧ ਸਰਕਾਰ ਦੇ ਅਧੀਨ ਹੋਣੇ ਚਾਹੀਦੇ ਹਨ, ਜਾਂ ਤਾਂ ਪੰਚਾਇਤ ਵਿੱਚ ਆਦਿ-ਧਰਮੀਆਂ ਨੂੰ ਨੁਮਾਇੰਦਗੀ ਮਿਲੇ ਜਾਂ ਫਿਰ ਆਦਿ ਧਰਮੀਆਂ ਦੀਆਂ ਪੰਚਾਇਤਾਂ ਨੂੰ ਕਾਨੂੰਨੀ ਮਾਨਤਾ ਮਿਲੇ।
12. ਜਨ ਗਣਨਾ ਦੌਰਾਨ ਆਦਿ-ਧਰਮੀਆਂ ਉੱਪਰ ਸਿੱਖਾਂ ਅਤੇ ਹਿੰਦੂਆਂ ਦੇ ਜੁਲਮਾਂ ਕਾਰਨ ਇਹ ਜਨ ਗਣਨਾ ਪ੍ਰਵਾਨ ਨਹੀਂ। ਇਸ ਸਬੰਧੀ ਇੰਨਕੁਆਇਰੀ ਕਰਾ ਕੇ ਸਹੀ ਜਣਗਣਨਾ ਕੀਤੀ ਜਾਵੇ। ਆਦਿ ਧਰਮੀ ਲੜਕੇ ਲੜਕੀਆਂ ਲਈ ਵਧੀਆ ਪੜ੍ਹਾਈ ਦਾ ਪ੍ਰਬੰਧ ਕੀਤਾ ਜਾਵੇ।
13. ਨੈਸ਼ਨਲ ਸਕਾਲਰ ਸ਼ਿੱਪ ਦੇਣ ਅਤੇ ਆਦਿ-ਧਰਮੀਆਂ ਲਈ ਜਿੱਥੇ ਤੱਕ ਹੋ ਸਕੇ ਵੱਖਰੇ ਸਕੂਲ ਖੋਲ੍ਹੇ ਜਾਣ, ਆਦਿ-ਧਰਮ ਮੰਡਲ ਆਫ ਪੰਜਾਬ ਜਲੰਧਰ ਨੂੰ ਆਦਿ-ਧਰਮੀਆਂ ਦਾ ਨੁਮਾਇੰਦਾ ਸਮਝਿਆ ਜਾਵੇ। ਦਇਆ ਨੰਦ ਦਲਿਤ ਉਦਾਰ ਮੰਡਲ ਹੁਸ਼ਿਆਰਪੁਰ, ਪਤਿਤ ਉਦਾਰ ਮੰਡਲ, ਅਛੂਤ ਉਦਾਰ ਮੰਡਲ ਅਤੇ ਅੰਤਜ ਉਦਾਰ ਮੰਡਲ ਲਾਹੌਰ ਆਦਿ-ਧਰਮੀਆਂ ਦੇ ਨੁਮਾਇੰਦਗੇ ਨਹੀ ਹਨ, ਮਤੇ ਪਾਸ ਕੀਤੇ।
14. ਲੰਡਨ ਵਿਖੇ ਆਯੋਜਿਤ ਹੋਣ ਜਾ ਰਹੀ ਗੋਲਮੇਜ ਕਾਨਫਰੰਸ ਵਿੱਚ ਆਦਿ ਧਰਮੀਆਂ ਦਾ ਘੱਟ ਤੋ ਘੱਟ ਇੱਕ ਨੁਮਾਇੰਦਾ ਭੇਜਿਆ ਜਾਵੇ।
15. ਸਰਕਾਰ ਆਦਿ-ਧਰਮ ਮੰਡਲ ਰਾਂਹੀ ਚਮੜੇ ਦੀ ਵਸਤਾਂ ਫੋਜ ਪੁਲਿਸ ਆਦਿ ਲਈ ਖਰੀਦੇ ਤਾਂ ਜੋ ਇਨ੍ਹਾਂ ਦੀ ਆਰਥਿਕ ਹਾਲਤ ਸੁੱਧਰੇ। ਇਹ ਯਾਦ ਪੱਤਰ ਸੁੰਦਰ ਦਿੱਖ ਵਾਲਾ ਕਿਸ਼ਨ ਸਕੀਮ ਪ੍ਰੈਸ, ਰੇਲਵੇ ਰੋਡ ਜਲੰਧਰ ਸ਼ਹਿਰ ਤੋਂ ਛਪਿਆਂ ਜਿੱਥੇ ਆਦਿ ਡੰਕਾਂ ਛੱਪਦਾ ਸੀ ਅੱਜ ਕੱਲ ਉਨ੍ਹਾਂ ਦੀ ਪ੍ਰੈਸ ਦਾ ਨਾਮ ਸੋਨੀ ਪ੍ਰਿੰਟਿੰਗ ਪ੍ਰੈਸ ਹੈ।



### ਪ੍ਰਧਾਨ ਫ੍ਰੈਚਾਈਜ਼ ਕਮੇਟੀ ਨੂੰ ਮਿਲਣ ਨੂੰ ਯਾਦ ਪੱਤਰ 1932 ਈ:

30 ਮਾਰਚ 1932 ਨੂੰ ਰਾਤ 8 ਵਜੇ ਆਦਿ ਧਰਮ ਮੰਡਲ ਦੀ ਖਾਸ ਮੀਟਿੰਗ ਕਿਲਾ ਗੁੱਜਰ ਸਿੰਘ, ਫੇਰੂ ਰੋਡ, ਲਾਹੌਰ ਵਿੱਖੇ ਬਾਬੂ ਬਿਹਾਰੀ ਲਾਲ ਸਿਆਲਕੋਟ ਦੀ ਪ੍ਰਧਾਨਗੀ ਹੇਠ ਮੀਟਿੰਗ ਵਿੱਚ ਹੋਈ ਜਿਸ ਵਿਚ ਇਹ ਫੈਸਲਾ ਲਿਆ ਕਿ ਬਾਬੂ ਮੁੱਗੋਵਾਲੀਆ ਪ੍ਰਧਾਨ ਅਤੇ ਬਾਬੂ ਹਜਾਰਾ ਰਾਮ ਪਿਪਲਾਂ ਵਾਲਾ ਜਨਰਲ ਸਕੱਤਰ ਲਾਰਡ ਲੋਥੀਅਨ ਕਮੇਟੀ (ਫਰੈਂਚਾਈਜ਼ ਕਮੇਟੀ) ਨੂੰ ਪੰਜਾਬ ਕੌਂਸਲ ਵਿੱਚ ਮਿਲਣਗੇ। ਜਿਨ੍ਹਾਂ ਦੀ ਮੱਦਦ ਲਈ 15 ਆਦਿ ਧਰਮੀ ਆਗੂ ਵੀ ਨਾਲ ਜਾਣਗੇ ਜਿਨ੍ਹਾਂ ਦੇ ਨਾਂ ਸਨ: ਪੰਡਿਤ ਹਰੀ ਰਾਮ ਉਪ ਪ੍ਰਧਾਨ, ਸੰਤ ਰਾਮ ਆਜ਼ਾਦ, ਰਾਮ ਚੰਦ ਸੰਪਾਦਕ, "ਆਦਿ ਡੰਕਾ", ਹਰਦਿੱਤਾ ਮੱਲ ਪ੍ਰਧਾਨ ਮਜ਼ਬੀ ਬਰਾਦਰੀ ਜ਼ਿਲ੍ਹਾ ਫਿਰੋਜ਼ਪੁਰ, ਭਗਤ ਗੁਲਾਬਾ ਮੱਲ, ਮੈਨੇਜਰ, ਮੈਨੇਜਿੰਗ ਕਮੇਟੀ, ਰੋਸ਼ਨ ਲਾਲ ਵਾਲਮੀਕ ਲਾਹੌਰ ਸ਼ਹਿਰ, ਬਿਹਾਰੀ ਲਾਲ ਸਿਆਲਕੋਟ, ਰੇਸੀ ਰਾਮ ਖਾਲਸਾ ਬਰਾਦਰੀ ਅੰਬਾਲਾ, ਰਾਮ ਸਿੰਘ ਕਬੀਰ ਪੰਥੀ ਜਿਲਾ ਹੁਸ਼ਿਆਰਪੁਰ, ਭੁੱਲਾ ਰਾਮ ਸੈਕਟਰੀ ਜਿਲ੍ਹਾ ਲਾਇਲਪੁਰ,ਚਮਨ ਲਾਲ ਰਵੀਦਾਸੀਆ ਜਿਲ੍ਹਾ ਲੁਧਿਆਣਾ। ਖੜਕੂ ਮੱਲ ਜਿਲ੍ਹਾ ਕਾਂਗੜਾ, ਉੱਤਮ ਚੰਦ ਚੀਚਾਵਤਨੀ, ਜਿਲਾ ਮਿੰਟਗੁਮਰੀ, ਹਰਦਿਆਲ ਡਲਹੌਜ਼ੀ।

**ਇਸ ਖਾਸ ਮੀਟਿੰਗ ਵਿੱਚ ਪੰਜ ਮਤੇ ਹੋਰ ਪਾਸ ਕੀਤੇ:**

**ਪਹਿਲਾ ਮਤਾ:** ਆਦਿਧਰਮੀ ਕੀ ਮਰਦ, ਕੀ ਔਰਤ, ਆਪਣੇ ਵਿਚਾਰ ਪ੍ਰਗਟ ਕਰਨ ਲਈ ਆਜ਼ਾਦ ਹਨ।

**ਦੂਜਾ:** ਮੰਡਲ ਵੱਖਰੇ ਚੋਣ ਕਰਤਾ ਪ੍ਰਣਾਲੀ ਦੇ ਪੱਖ ਵਿਚ ਹੈ। ਅਤੇ ਸੰਯੁਕਤ ਚੋਣ ਕਰਤਾ ਪ੍ਰਣਾਲੀ ਦੇ ਸਖਤ ਵਿਰੁੱਧ ਹੈ।

**ਤੀਜਾ ਮਤਾ:** ਰਾਜਾ ਮੁੰਜੇ ਪੈਕਟ ਦੀ ਸਖਤ ਵਿਰੋਧਤਾ ਕਰਦੇ ਹਾਂ।

**ਚੌਥਾ ਮਤਾ:** ਇਹ ਫੈਸਲਾ ਕਰਦੇ ਹਾਂ ਕਿ ਮਹਾਤਮਾ ਗਾਂਧੀ, ਕਾਂਗਰਸ, ਐਮ. ਸੀ. ਰਾਜਾ ਅਛੂਤਾਂ ਦੇ ਨੇਤਾ ਨਹੀਂ ਹਨ।ਸਗੋਂ ਡਾ. ਅੰਬੇਡਕਰ ਅਛੂਤਾਂ ਦੇ ਅਸਲੀ ਨੇਤਾ ਹਨ।

**ਪੰਜਵਾਂ ਮਤਾ:** ਹਿੰਦੂਵਾਦ, ਦਇਆਨੰਦ ਦਲਿਤਉਧਾਰ, ਅਛੂਤ ਉਧਾਰ ਅਤੇ ਆਰੀਆ ਸਮਾਜ ਅਛੂਤ ਵਰਗ ਨੂੰ ਧੋਖਾ ਦੇਣ ਲਈ ਬਣਾਏ ਗਏ ਹਨ।ਇਹ ਚਾਹੁੰਦੇ ਹਨ ਕਿ ਸਰਕਾਰ ਅਛੂਤਾਂ ਦੇ ਮਸਲਿਆ ਵਾਰੇ ਇਨ੍ਹਾਂ ਨਾਲ ਕੋਈ ਸੰਬੰਧ ਨਾ ਰੱਖੇ। ਇਨਾਂ ਮਤਿਆਂ ਦਾ ਪੱਤਰ ਬਾਬੂ ਪਿੱਪਲਾਂਵਾਲਾ ਵਲੋਂ ਪ੍ਰਧਾਨ, ਫਰੈਂਚਾਈਜ਼ ਕਮੇਟੀ ਲਾਹੋਰ ਨੂੰ 31 ਮਾਰਚ, 1932 ਨੂੰ ਲਿਖਿਆ। ਜਿਸ ਲੈਟਰਪੈਡ 'ਤੇ ਇਹ ਪੱਤਰ ਟਾਈਪ ਕੀਤਾ ਉਸ ਉੱਪਰ 'ਆਦਿ ਧਰਮ ਮੰਡਲ (ਪੰਜਾਬ) ਜਲੰਧਰ ਸ਼ਹਿਰ' ਅੰਗਰੇਜ਼ੀ, ਪੰਜਾਬੀ ਅਤੇ ਉਰਦੂ ਵਿੱਚ ਲਿਖਿਆ ਹੈ। ਉਪੱਰ ਖਬੇ ਹੱਥ ਜੈ ਗੁਰਦੇਵ, ਸੱਜੇ ਹੱਥ ਆਦਿ-ਧਰਮ ਕੀ ਜੈ' ਅਤੇ ਵਿਚਕਾਰ ਵਿਚ "ਸੋਹੰ"' ਛਪਿਆ ਹੈ। ਖੱਬੇ ਪਾਸੇ ਅਦਿ ਧਰਮ ਮੰਡਲ ਦੇ ਉਦੇਸ਼' ਸਿਰਲੇਖ ਹੇਠ ਛਪਿਆ ਹੈ:

1. ਆਦਿ ਧਰਮੀਆਂ ਦੇ ਖੁੱਸੇ ਹੋਏ ਹੱਕਾਂ ਦੀ ਪ੍ਰਾਪਤੀ ਕਰਨਾ।
2. ਮਨੂੰ ਸਿਮਰਤੀ ਅਤੇ ਹੋਰ ਸ਼ਾਸ਼ਤਰ ਜਿਨ੍ਹਾਂ ਵਿਚ ਆਦਿ ਧਰਮੀਆਂ ਨੂੰ ਗਿਰਾਇਆ ਗਿਆ ਕਾਨੂੰਨਨ ਜ਼ਬਤ ਕਰਾਉਣੇ।
3 ਜਾਤਪਾਤ ਦਾ ਪੱਖਵਾਦ ਛੱਡਕੇ ਏਕਤਾ ਪ੍ਰੇਮ ਵਧਾਉਣਾ।
4. ਆਦਿ ਧਰਮੀਆਂ ਦੇ ਦੁੱਖਾਂ ਦੀ ਹਾਲ ਪੁਕਾਰ ਗਵਰਨਮੈਂਟ ਤੱਕ ਪਹੁੰਚਾਉਣੀ।
5. ਜਥੇਬੰਦੀ ਅਤੇ ਵਿਦਿਆ ਦਾ ਹਾਸਲ ਕਰਨਾ।

ਉਦੇਸ਼ਾਂ ਦੀ ਡੱਬੀ ਦੇ ਨਾਲ ਟੇਢੇ ਰੋਕ ਲਿਖਿਆ ਹੈ- ਆਦਿ ਧਰਮ ਨਾ ਛੋਡਨਾ ਨਿਕਲ ਜਾਏ ਚਾਹੇ ਪ੍ਰਾਣ, ਛੋਟੇ ਬੜੋ ਸਭ ਮੰਨ ਲਉ ਬੁੱਢੇ ਅਤੇ ਜੁਆਨ।

### ਪੰਜਾਬ ਫਰੈਂਚਾਈਜ਼ ਕਮੇਟੀ, ਲਾਹੌਰ ਨੂੰ ਮੈਮੋਰੰਡਮ:

ਬਾਬੂ ਮੁੱਗੋਵਾਲੀਆ ਨੇ ਪੰਜਾਬ ਫਰੈਂਚਾਈਜ਼ ਕਮੇਟੀ, ਲਾਹੋਰ ਨੂੰ ਇੱਕ ਮੈਮੋਰੰਡਮ ਦਿੱਤਾ ਜੋ ਆਦਿ-ਧਰਮ ਮੰਡਲ ਦੀ ਫਿਲਾਸਫੀ ਨੂੰ ਬੜਾ ਉਘਾੜ ਕੇ ਪੇਸ਼ ਕਰਦਾ ਹੈ ਅਤੇ ਆਦਿ-ਧਰਮ ਨੂੰ ਇੱਕ ਵੱਖਰੇ ਧਰਮ ਵਜੋਂ ਅਤੇ ਆਦਿ-ਧਰਮੀ ਇੱਕ ਵੱਖਰੀ ਕੌਮ ਵਜੋ ਪੇਸ਼ ਕਰਦਾ ਹੈ ਉੱਚ ਜ਼ਾਤੀਆਂ ਵਲੋਂ ਆਦਿ-ਧਰਮੀਆਂ 'ਤੇ ਕੀਤੇ ਜ਼ੁਲਮਾਂ ਲਈ ਮਨੂੰ ਸਿਮਰਤੀ 17 ਸਲੋਕਾਂ, ਵਿਸ਼ਨੂੰ ਸਿਮਰਤੀ ਵਿੱਚੋਂ ਇੱਕ ਸਲੋਕ, ਮਹਾਂ ਰਿਸ਼ਿ ਗੋਤਮ ਧਰਮ ਸੂਤਰ ਦੇ ਇੱਕ ਸਲੋਕ ਅਤੇ ਭਗਵਾਨ ਬਾਲਮੀਕ ਰਮਾਇਣ ਦੇ ਉੱਤਰ ਕਾਂਡ ਦੇ ਸਰਗ 87 ਦਾ ਹਵਾਲਾ ਦਿੱਤਾ ਹੈ। ਇਹ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ ਆਦਿ-ਧਰਮ ਹਿੰਦੂਆਂ ਤੋਂ ਅਲੱਗ ਕੌਮ ਹੈ ਅਤੇ ਹਿੰਦੂਆਂ ਵਿੱਚ ਕਿਸੇ ਕੀਮਤ ਤੇ ਸ਼ਾਮਲ ਨਾ ਹੋਣ ਦਾ ਦਾਅਬਾ ਕੀਤਾ ਹੈ "ਵੱਖਰੇ ਚੋਣ ਖੇਤਰ ਪ੍ਰਨਾਲੀ" Separate Electorate ਤੇ ਜ਼ੋਰ ਦੇ ਕੇ ਕਿਹਾ ਕਿ ਇਸ ਵਿੱਚ ਅਸੀਂ ਅਸੰਬਲੀ ਵਿੱਚ ਸਹੀ ਅਵਾਜ਼ ਨਹੀਂ ਭੇਜ ਸਕਦੇ ਉਨ੍ਹਾਂ ਨੇ ਸਰਕਾਰ ਤੇ ਦੋਸ਼ ਲਾਇਆ ਕਿ ਉਸ ਨੇ ਸਾਨੂੰ ਹਿੰਦੂਆਂ ਨਾਲ ਨੱਥੀ ਕਰਕੇ ਸਦਾ ਬੇਇੰਨਸਾਫੀ ਕੀਤੀ ਹੈ ।

1921 ਦੀ ਜਨ ਗਣਨਾ ਜਾਤੀਵਾਰ ਦੀ ਲਿਸਟ ਦਿੱਤੀ ਹੈ ਜਿਸ ਵਿੱਚ 40 ਲੱਖ ਡਿਪ੍ਰੈਸਡ ਕਲਾਸਿਜ਼ (Depressed Classes) ਦੀ ਗਿਣਤੀ ਹੈ 1931 ਦੀ ਜਨ ਗਣਨਾ ਵਿੱਚ 4.5 ਲੱਖ ਵਲੋ ਆਦਿ-ਧਰਮ ਲਿਅਉਣ ਤੇ ਉਨ੍ਹਾਂ ਵਲੋਂ ਜਗੀਰਦਾਰਾਂ ਅਤੇ ਸਰਮਾਏਦਾਰਾਂ ਵਲੋ ਕੀਤੇ ਜ਼ੁਲਮਾ ਬਾਰੇ ਲਿਖਿਆ ਹੈ ਕਿ ਇਹ ਜੁਲਮ ਨਾ ਹੁੰਦੇ ਤਾਂ ਇਹ ਗਿਣਤੀ ਹੋਰ ਵੀ ਵਧ ਜਾਂਦੀ ਇਹ ਤਰੱਕੀ ਸਿਰਫ 5 ਸਾਂਲਾ ਵਿੱਚ ਹੋਈ ਕਿਉਕਿ 1925 ਵਿੱਚ ਆਦਿ ਧਰਮ ਮੰਡਲ ਦੀ ਸਥਾਪਨਾ ਹੋਈ ਸੀ। ਬਾਲਗ ਵੋਟ ਦੀ ਮੰਗ ਕੀਤੀ ਗਈ ਕਿਉਂਕਿ ਆਦਿ-ਧਰਮੀਆ ਕੋਲ ਵੋਟ ਦੀ ਸ਼ਰਤ ਪੂਰੀ ਕਰਨ ਲਈ ਜ਼ਾਇਦਾਦ ਆਦਿ ਨਹੀਂ ਸੀ । ਸੈਕੰਡਰੀ ਵੋਟ ਦੀ ਵਿਰੋਧਤਾ ਕੀਤੀ।

ਸਰਕਾਰ ਵਲੋਂ ਅਛੂਤਾਂ ਲਈ ਵੱਖਰੇ ਚੋਣ ਖੇਤਰ ਬਣਾਉਣ ਤੇ ਟਾਲ ਮਟੋਲ ਕਰਨ ਤੇ ਬਾਬੂ ਜੀ ਨੇ ਦਲੀਲ ਕੀਤੀ ਕਿ ਜੋ ਹਿੰਦੂਆਂ, ਮੁਸਲਮਾਨਾਂ, ਸਿੱਖਾਂ, ਇਸਾਈਆਂ ਲਈ ਵੱਖਰੇ ਖੇਤਰ ਬਣ ਸਕਦੇ ਹਨ ਤਾਂ ਫਿਰ ਅਛੂਤਾਂ ਲਈ ਕਿਉ ਨਹੀਂ। ਹਿੰਦੂ ਲੀਡਰ ਰਾਜਾ ਨਰਿੰਦਰ ਨਾਥ ਮੈਂਬਰ ਗੋਲਮੇਜ ਕਾਨਫਰੰਸ ਅਤੇ ਡਾ. ਗੋਕਲ ਚੰਦ ਨਾਰੰਗ, ਮੰਤਰੀ ਸਥਾਈ ਪ੍ਰਸ਼ਾਸ਼ਨ ਪੰਜਾਬ ਸਰਕਾਰ 'ਤੇ ਵਰ੍ਹਦਿਆ, ਬਾਬੂ ਮੁੱਗੋਵਾਲੀਆ ਨੇ ਕਿਹਾ ਕਿ ਉਹ ਕਹਿੰਦੇ ਹਨ ਕਿ ਪੰਜਾਬ ਵਿੱਚ ਕੋਈ ਅਛੂਤ ਨਹੀ ਉਜਦੋ ਕਿ ਪੰਜਾਬ ਰਿਫਾਰਮਜ਼ ਕਮੇਟੀ ਦੇ ਇੱਕ ਮੈਂਬਰ ਅਤੇ ਸਾਈਮਨ ਕਮਿਸ਼ਨ ਨੇ ਡਿਸਪ੍ਰੈਸਡ ਕਲਾਸਿਸ ਨੂੰ ਵੱਖਰੇ ਰਾਜਨੀਤਕ ਅਧਿਕਾਰ ਦੇਣ ਦੀ ਵਕਾਲਤ ਕੀਤੀ।

ਇਸੇ ਛਪੇ ਪੱਤਰ ਉੱਪਰ ਬਾਬੂ ਮੁੱਗੋਵਾਲੀਆ ਅਤੇ ਬਾਬੂ ਪਿਪਲਾਂਵਾਲਾ ਅਤੇ ਬਾਬੂ ਹੰਸ ਰਾਜ ਪ੍ਰੇਮਗੜ੍ਹ ਸਾਬਕਾ ਪ੍ਰਧਾਨ ਆਦਿ ਧਰਮ ਮੰਡਲ ਦੇ ਨਾਂ ਛਪੇ ਹਨ। (ਦੀ ਰਿਪਨ ਪ੍ਰਿੰਟਿੰਗ ਪ੍ਰੈਸ, ਬੁੱਲ ਰੋਡ ਲਾਹੌਰ) ਤੋਂ ਇਸ ਪਿੱਤਰ ਨੂੰ ਛਪਵਾ ਕੇ ਲੋਕਾਂ ਵਿਚ ਵੀ ਵੰਡਿਆ ਗਿਆ।

ਅਖੀਰ ਵਿੱਚ ਬਾਬੂ ਮੁੱਗੋਵਾਲੀਆ ਨੇ ਪ੍ਰਧਾਨ , ਲਾਰਡ ਲੋਥੀਅਨ ਕਮੇਟੀ ਨੂੰ ਉਪਰੋਕਤ ਅਧਾਰ 'ਤੇ ਆਪਣੀ ਗਵਾਹੀ ਦੇਣ ਲਈ ਮੌਕਾ ਪੁੱਛਿਆ।

### ਬਾਬਾ ਸਾਹਿਬ ਅੰਬੇਡਕਰ ਦੀ ਪਹਿਲੀ ਪੰਜਾਬ ਫੇਰੀ 'ਤੇ ਸੁਆਗਤੀ ਭਾਸ਼ਨ

ਆਦਿ ਧਰਮ ਮੰਡਲ ਨੇ ਡਾ. ਅੰਬੇਡਕਰ ਐਮ. ਏ., ਪੀ.ਐਚ.ਡੀ. ਬਾਰ ਐਟ ਲਾਅ, ਐਮ. ਐਲ. ਸੀ. ਮੈਂਬਰ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਨੂੰ ਸੁਆਗਤੀ ਭਾਸ਼ਨ ਵਿਚ ਇਸ ਤਰ੍ਹਾਂ ਪੇਸ਼ ਕੀਤਾ:- "ਅਸੀਂ ਪੰਜਾਬ ਆਦਿ ਧਰਮ ਮੰਡਲ ਅਤੇ ਮੈਨੇਜਿੰਗ ਕਮੇਟੀ ਦੇ ਮੈਂਬਰ ਸਾਡੇ ਸੂਬੇ ਦੀ ਪਹਿਲੀ ਫੇਰੀ ਸਮੇਂ ਆਪ ਦਾ ਤਹਿ ਦਿਲੋਂ ਸੁਆਗਤ ਕਰਦੇ ਹਾਂ। ਅਸੀਂ ਆਪਣੇ ਵਲੋਂ ਬੰਬਈ ਵਿਧਾਨ ਸਭਾ ਪ੍ਰੀਸ਼ਦ ਦੇ ਮੈਂਬਰ ਵਜੋਂ ਲੰਡਨ ਵਿੱਚ ਭਾਰਤੀ ਗੋਲਮੇਜ਼ ਕਾਨਫਰੰਸ ਵਿੱਚ ਇਕ ਡੈਲੀਗੇਟ ਵਜ਼ੋਂ ਅਤੇ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਦੇ ਇੱਕ ਮੈਂਬਰ ਵਜੋਂ ਡਿਪ੍ਰੈਸਡ ਕਲਾਸਿਜ਼ ਦੇ ਲੋਕਾਂ ਲਈ ਕੀਤੀਆਂ ਸੇਵਾਵਾਂ ਲਈ ਬਹੁਤ ਧੰਨਵਾਦੀ ਹਾਂ।

ਤੁਸੀਂ ਇਹ ਜਾਣਕੇ ਹੈਰਾਨ ਹੋਵੋਂਗੇ ਕਿ ਉੱਚ ਜਾਤੀਆਂ ਵਲੋਂ ਸਾਡੇ ਸੂਬੇ ਵਿਚ ਸਾਡੀ ਹੋਂਦ ਤੋਂ ਮੁਕਰਿਆ ਜਾ ਰਿਹਾ ਹੈ। ਸਾਡੇ ਸੂਬੇ ਵਿਚ ਦੂਜੇ ਸੂਬਿਆਂ ਵਾਂਗ ਛੂਆ-ਛਾਤ ਬਰਕਰਾਰ ਹੈ। ਸਾਡੀ ਛੋਹ ਨਾਲ ਹੀ ਇਕ ਉੱਚੀ ਜਾਤੀ ਦਾ ਭਿਟਿਆ ਜਾਂਦਾ ਹੈ। ਸਾਨੂੰ ਜਨਤਕ ਖੂਹਾਂ ਤੇ ਪਾਣੀ ਭਰਨ ਦੀ ਇਜ਼ਾਜਤ ਨਹੀਂ ਹੈ। ਬ੍ਰਾਹਮਣ ਪੁਜਾਰੀ ਸਾਡੀ ਪੂਜਾ ਪਾਠ ਨਹੀਂ

**(ਬਾਕੀ ਅਗਲੇ ਸਫੇ ਤੇ)**

# ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ (14 ਜਨਵਰੀ 1886 ਤੋਂ 22 ਅਪ੍ਰੈਲ 1980)

(ਸਫਾ 24 ਦੀ ਬਾਕੀ)

ਕਰਵਾ ਸਕਦਾ। ਧੋਬੀ ਸਾਡੇ ਕਪੜੇ ਨਹੀਂ ਧੋਂਦਾ। ਨਾਈ ਸਾਡੀ ਹਜ਼ਾਮਤ ਨਹੀਂ ਕਰ ਸਕਦਾ। ਝਿਉਰ ਸਾਡਾ ਪਾਣੀ ਨਹੀਂ ਭਰਦਾ। ਸਾਡੇ ਵਿਆਹਾਂ ਸਮੇਂ ਅਤੇ ਹੋਰ ਤਿਓਹਾਰਾਂ ਮੌਕਿਆਂ ਸਮੇਂ ਅਸੀਂ ਪਿੰਡਾਂ ਵਿਚ ਡੋਲੀ ਲੈਕੇ ਨਹੀਂ ਲੰਘ ਸਕਦੇ ਅਤੇ ਬੈਂਡ ਨਹੀਂ ਵਜਾ ਸਕਦੇ।

ਅਸੀਂ ਨਾ ਤਾਂ ਸਾਂਝਾ ਕਾਰੋਬਾਰ ਕਰ ਸਕਦੇ ਹਾਂ ਅਤੇ ਨਾ ਹੀ ਇਕੱਠੇ ਵਿਚਰ ਸਕਦੇ ਹਾਂ। ਸੰਖੇਪ ਵਿੱਚ ਸਾਡੀ ਉਨ੍ਹਾਂ ਨਾਲ ਭੋਰਾ ਭਰ ਵੀ ਸਾਝ ਨਹੀਂ ਹੈ। The Land Alineation Act (ਭੂਮੀ ਇੰਤਕਾਲ ਆਰਜੀ ਐਕਟ) ਨੇ ਡ੍ਰਿਸਡ ਕਲਾਸਿਜ਼ ਦੀ ਹਾਲਤ ਨਾਜੁਕ ਕਰ ਦਿੱਤੀ ਹੈ। ਇਸ ਕਾਨਫਰੰਸ ਵਿੱਚ ਵਿਦਿਆ ਨੂੰ ਪ੍ਰਫੁੱਲਤ ਕਰਨ ਲਈ ਸਿਖਿਆ ਮੰਤਰਾਲੇ ਨੇ ਆਪਣੇ ਮਤਾ ਨੰਬਰ 20181-ਜੀ, ਮਿਤੀ 19-11-1929 ਰਾਹੀ ਕੁੱਝ ਰਿਆਇਤਾਂ ਦਾ ਐਲਾਨ ਕੀਤਾ। ਇਹ ਪੰਜਾਬ ਦੇ ਇਤਹਾਸ ਵਿੱਚ ਪਹਿਲਾ ਮੌਕਾ ਹੈ ਕਿ ਇੱਕ ਡਿਸਪ੍ਰੈਸਡ ਕਲਾਸਿਜ਼ ਦੇ ਮੈਂਬਰ ਨੂੰ ਸਥਾਈ ਫਰੈਂਚਾਈਜ਼ ਕਮੇਟੀ ਵਿੱਚ ਨਿਯੁਕਤ ਕੀਤਾ ਗਿਆ ਹੈ ਅਸੀ ਖੁਸ਼ੀ-ਖੁਸ਼ੀ ਯਕੀਨ ਕਰਦੇ ਹਾਂ ਕਿ ਆਪਣੇ ਹੱਥਾਂ ਵਿੱਚ ਸਾਡੇ ਹੱਕ ਸੁਰ-ਖਿਆਤ ਹਨ ਸਾਨੂੰ ਉਮੀਦ ਹੈ ਕਿ ਆਪ ਪੰਜਾਬ ਦੀਆਂ ਡਿਪ੍ਰੈਸਡ ਕਲਾਸਿਜ਼ ਨੂੰ ਬੜੇ ਧਿਆਨ ਨਾਲ ਗੌਰ ਕਰੋਗੇ ਕਿਉਕਿ ਸਾਡੀ ਹੋਂਦ ਨੂੰ ਹੀ ਨਕਾਰਿਆ ਜਾ ਰਿਹਾ ਹੈ ਆਉਣ ਵਾਲੀ ਪੀੜ੍ਹੀ ਆਪ ਦੇ ਨਾਮ ਨੂੰ ਡਿਪ੍ਰੈਸਡ ਕਲਾਸਿਜ਼ ਦੇ ਚੈਪਿੰਅਨ ਵਜੋਂ ਸੁਨੈਹਰੀ ਅੱਖਰਾਂ ਵਿੱਚ ਲਿਖੇਗੀ ਆਪ ਜੀ ਦੀ ਲੰਮੀ ਉਮਰ ਦੀ ਕਾਮਨਾ ਕਰਦੇ ਹਾਂ।

### ਸੱਤਵੀ ਸਲਾਨਾ ਕਾਨਫਰੰਸ 1932 ਈ:

18 ਅਤੇ 19 ਜੂਨ 1932 ਨੂੰ ਆਦਿ-ਧਰਮ ਮੰਡਲ ਦੀ 7ਵੀ ਸਲਾਨਾ ਕਾਨਫਰੰਸ ਜਲੰਧਰ ਸ਼ਹਿਰ ਵਿੱਚ ਕੀਤੀ ਗਈ ਜਿਸ ਵਿੱਚ ਰਿਪੋਰਟ ਅਨੁਸਾਰ 4000 ਆਦਿ-ਧਰਮੀ ਸ਼ਾਮਲ ਹੋਏ। ਪਹਿਲੇ ਦਿਨ ਸੰਤ ਮਾਹਾਤਮਾ ਰਾਮ ਅਜਾਦ ਮਿਸ਼ਨਰੀ ਜਿਲ੍ਹਾ ਲਾਇਲਪੁਰ (ਪਿਛਲਾ ਪਿੰਡ ਨੰਗਲ ਸ਼ਹੀਦਾ ਤਹਿਸੀਲ ਹੁਸ਼ਿਆਰਪੁਰ) ਨੇ ਪ੍ਰਧਾਨਗੀ ਕੀਤੀ। ਕਾਨਫਰੰਸ ਦਾ ਉਦਘਾਟਨੀ ਭਾਸ਼ਨ ਸਵੇਰੇ ਬਾਬੂ ਮੁੱਗੋਵਾਲੀਆ ਨੇ ਕੀਤਾ ਅਤੇ ਸਵਾਗਤੀ ਕਮੇਟੀ ਵਲੋ ਡੇਲੀਗੇਟਾਂ ਨੂੰ ਜੀ ਆਇਆਂ ਕਿਹਾ "ਧਾਰਮਿਕ ਗੀਤਾਂ ਅਤੇ ਭਾਸ਼ਣਾਂ ਤੋਂ ਬਾਅਦ ਮੰਡਲ ਦੇ ਅਨੇਕ ਕਾਰਜਾਂ ਲਈ ਅਨੇਕਾਂ ਪ੍ਰੋਗਰਾਂਮਾ ਦਾ ਐਲਾਨ ਕੀਤਾ। ਕਾਨਫਰੰਸ ਦੇ ਪਹਿਲੇ ਦਿਨ ਦੀ ਸਮਾਪਤੀ ਮੌਕੇ ਡੈਲੀਗੇਟਾਂ ਨੇ ਵੱਖਰੇ ਚੋਣ ਖੇਤਰ ਪ੍ਰਣਾਲੀ ਦੇ ਵਿੱਚਕਾਰ ਪ੍ਰਗਟ ਕੀਤੀ "

19 ਜੂਨ ਨੂੰ ਮਾਸਟਰ ਲਾਲ ਚੰਦ ਪ੍ਰਧਾਨ ਬਾਲਮੀਕ ਆਦਿ ਧਰਮ ਸਭਾ ਅਕਲੀਆਂਵਾਲਾ ਜ਼ਿਲ੍ਹਾ ਫਿਰੋਜ਼ਪੁਰ ਨੇ ਕਾਨਫਰੰਸ ਦੀ ਕੁਰਸੀ ਸੰਭਾਲੀ ਦੁਪਹਿਰ 12 ਵਜੇ ਤੱਕ ਡਿਪ੍ਰੈਸਡ ਕਲਾਸਿਜ਼ ਦੀ ਏਕਤਾ ਤੇ ਜੋਰ ਦੇਣ ਵਾਲੇ ਭਾਸ਼ਨ ਦਿੱਤੇ। ਦੁਪਹਿਰ ਇੱਕ ਵਜੇ ਤੱਕ ਮੈਨੇਜਿੰਗ ਕਮੇਟੀ ਦੇ ਮੈਂਬਰਾ ਅਤੇ ਅਹੁੱਦੇਦਾਰਾਂ ਦੀ ਚੋਣ ਹੋਈ।

ਮੰਡਲ ਦੇ ਪ੍ਰਧਾਨ ਬਾਬੂ ਮੁੱਗੋਵਾਲੀਆ, ਪੰਡਿਤ ਹਰੀ ਰਾਮ ਪੰਡੋਰੀ ਅਤੇ ਬੀਬੀ ਉੱਪ ਪ੍ਰਧਾਨ, ਬਾਬੂ ਹਜਾਰਾ ਰਾਮ ਪਿਪਲਾਵਾਲਾਂ ਜਨਰਲ ਸਕੱਤਰ, ਬਾਬੂ ਲਸ਼ਮਣ ਦਾਸ ਮੁਕੇਰੀਆਂ ਸਹਾਇਕ ਸਕੱਤਰ , ਮਹਾਤਮਾ ਸੰਤ ਰਾਮ ਆਜ਼ਾਦ ਚੱਕ ਨੰਬਰ 290, ਲਾਇਲਪੁਰ ਮਿਸ਼ਨਰੀ, ਬਾਬੂ ਰਾਮ ਚੰਦ ਖੇੜਾ ਸੰਪਾਦਕ ਆਦਿ-ਡੰਕਾ' ਸ. ਨਗੀਨਾ ਸਿੰਘ ਚੱਕ ਨੰਬਰ 276, ਲਾਇਲਪੁਰ, ਹੈੱਡ ਕਲਰਕ, ਮਹਾਤਮਾ ਗਣੇਸ਼ ਦਾਸ ਨੂੰ ਸਾਰੇ ਆਦਿ-ਧਰਮ ਦਲਾਂ ਦਾ ਜਨਰਲ ਨਿਯੁਕਤ ਕੀਤਾ।

ਪ੍ਰਬੰਧਕੀ ਕਮੇਟੀ ਦੇ ਪ੍ਰਧਾਨ: ਸੇਠ ਲੱਭੂ ਰਾਮ ਸੂਚੀ ਪਿੰਡ ਜਲੰਧਰ ਸ਼ਹਿਰ, ਭਗਤ ਗੁਲਾਬਾ ਮੱਲ, ਮੁਸਾਹਿਬਪੁਰ ਮੁਕੇਰੀਆਂ। ਉਪ ਪ੍ਰਧਾਨ: ਮਾਸਟਰ ਲਾਲ ਚੰਦ ਵਾਲਮੀਕੀ, ਵਾਲਮੀਕਿ ਆਦਿ ਧਰਮ ਮੰਡਲ, ਅਕਲੀਆਂਵਾਲਾ ਫਿਰੋਜ਼ਪੁਰ ਉਪ ਪ੍ਰਧਾਨ, ਮਾਸਟਰ ਗੁਰਬੰਤਾ ਸਿੰਘ ਜਨਰਲ ਸਕੱਤਰ, ਪੰਡਿਤ ਬਖਸ਼ੀ ਰਾਮ ਵਾਲਮੀਕਿ ਬੁੰਡਾਲਾ ਜਿਲ੍ਹਾ ਜਲੰਧਰ। ਸਹਾਇਕ ਸਕੱਤਰ, ਸ਼ਾਹੂਕਾਰ ਲੱਛੂ ਮੱਲ ਪਿੰਡ ਮੇਹਰ ਭਟੋਲ਼ੀ ਹੁਸ਼ਿਆਰਪੁਰ। ਸਹਾਇਕ ਸਕੱਤਰ, ਸੇਠ ਕਿਸ਼ਨ ਦਾਸ, ਲਾਲ ਬਾਜਾਰ ਜਲੰਧਰ ਸ਼ਹਿਰ ਖਜਾਨਚੀ, ਸ਼੍ਰੀਮਤੀ ਰਾਮਾ ਬਾਈ ਪਿੰਡ ਸਾਂਗਲਾ ਜਿਲ੍ਹਾ ਹੁਸ਼ਿਆਰਪੁਰ, ਸ਼੍ਰੀਮਤੀ ਠਾਕੁਰ ਰਾਣੀ ਬਾਈ ਪਤਨੀ ਸਰਦਾਰ ਰੱਲਾ ਸਿੰਘ ਚੱਕ ਨੰ: 86 ਜਿਲ੍ਹਾ ਮਿੰਟਗੁਮਰੀ ਅਤੇ 28 ਹੋਰ ਵਿਅਕਤੀ ਕਾਰਜਕਾਰਨੀ ਦੇ ਮੈਂਬਰ ਲਏ ਗਏ। ਸੱਤਵੀਂ ਸਲਾਨਾ ਕਾਨਫਰੰਸ ਵਿਚ ਸਰਵ ਸੰਮਤੀ ਨਾਲ ਚੌਦਾਂ ਮਤੇ ਪਾਸ ਕੀਤੇ - ਮੰਡਲ ਨੂੰ ਰਜਿਸਟਰ ਕੀਤਾ ਜਾਵੇ ਅਤੇ ਨਵੀਂ ਖਰੀਦੀ ਜ਼ਮੀਨ ਦੀ ਰਜ਼ਿਸਟਰੀ ਮੰਡਲ ਦੇ ਨਾਂ ਕਰਵਾਈ ਜਾਵੇ।

1 ਅੱਜ ਤੋਂ ਮੰਡਲ ਨੂੰ 'ਦੀ ਪੰਜਾਬ ਆਦਿ-ਧਰਮ (ਡਿਪ੍ਰੈਸਡ ਕਲਾਸਿਜ਼ ਫੈਡਰੇਸ਼ਨ) ਦੇ ਨਾਂ ਨਾਲ ਬੁਲਾਇਆ ਜਾਵੇ।

2 ਹਰ ਜਿਲ੍ਹੇ ਵਿਚ ਮੰਡਲ ਦੇ ਦਫਤਰ ਖੋਲ੍ਹੇ ਜਾਣ।

3 ਜਨਰਲ ਸਕੱਤਰ ਹਰ ਮਹੀਨੇ ਹਿਸਾਬ ਕਿਤਾਬ ਦੇਖੇਗਾ।

4 ਰਾਜਾ ਮੁੰਜੇ ਪੈਕਟ ਦਾ ਵਿਰੋਧ ਕੀਤਾ ਗਿਆ।

5 ਵਿਧਾਨ ਪ੍ਰੀਸ਼ਦਾਂ, ਜਿਲ੍ਹਾ ਬੋਰਡਾਂ ਅਤੇ ਮਿਉਸਪਲ ਕਮੇਟੀਆਂ ਵਿਚ ਨਾਮਜ਼ਦਗੀ। ਸਿੱਖਿਆ ਵਿਚ ਵਿਸ਼ੇਸ ਰਿਆਇਤਾਂ ਦੇਣ ਅਤੇ ਜੇ.ਵੀ. ਟ੍ਰੇਂਡ ਅਧਿਆਪਕਾਂ ਨੂੰ ਨਿਯੁਕਤੀਆਂ ਦੇਣ ,ਸਰਕਾਰ ਵਲੋਂ ਡਿਪ੍ਰੈਸਿਡ ਕਾਲਸਿਜ਼ ਦੀ ਫੌਜ਼ ਅਤੇ ਪੁਲਿਸ ਵਿਚ ਭਰਤੀ ਸਮੇਂ ਕੇਸਾਂ ਤੇ ਇਤਰਾਜ਼ ਨੂੰ ਯੋਗ ਨਾ ਠਹਿਰਾਇਆ। ਆਦਿ ਧਰਮ ਮਹਾਂ ਸਭਾ ਅਕਲੀਆਂ ਨੂੰ ਅਤੇ ਇਸ ਵਲੋਂ ਖੋਲ੍ਹੇ ਅਦਾਰਿਆਂ ਨੂੰ ਆਦਿ ਧਰਮ ਮੰਡਲ ਵਜੋਂ ਮਾਨਤਾ ਦੇਣਾ ਆਦਿ ਮਤੇ ਪਤਾ ਕੀਤੇ।




### ਆਦਿ ਧਰਮ ਮੰਡਲ ਦਾ ਸ਼ਿਮਲੇ ਵਿਚ ਡੈਲੀਗੇਟ ਇਜਲਾਸ

27 ਅਤੇ 28 ਅਗੱਸਤ 1932 ਨੂੰ ਬਾਬੂ ਚੁੰਨੀ ਲਾਲ ਥਾਂਪਰ ਵਾਲਮੀਕਿ ਲੀਡਰ ਦੀ ਪ੍ਰਧਾਨਗੀ ਹੇਠ ਸ਼ਿਮਲੇ ਵਿਖੇ ਆਦਿ-ਧਰਮ ਮੰਡਲ ਦੀ ਡੈਲੀਗੇਟ ਕਾਨਫਰੰਸ ਹੋਈ। ਫਿਰਕੇਦਰਾਨਾ ਅਵਾਰਡ ਪੰਜਾਬ ਦੀਆਂ ਡਿਪ੍ਰੈਸਡ ਕਲਾਸਿਜ਼ ਨੂੰ ਅਣਗੌਲਣ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਗਈ ਅਤੇ ਸਾਰੀਆਂ ਜਾਂਤਾ ਨੂੰ ਆਪਣੇ ਵਿਤਕਰੇ ਭੁਲਾ ਕੇ ਅਵਾਰਡ ਦੀ ਵਿਰੋਧਤਾ ਕਰਨ ਦੀ ਅਪੀਲ ਕੀਤੀ ਗਈ। ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਅਗਵਾਈ ਹੇਠ ਵਿਸ਼ਾ ਕਮੇਟੀ ਨੇ ਕਾਨਫਰੰਸ ਦੇ ਖੁੱਲੇ ਸੈਸ਼ਨ ਵਿੱਚ ਸਰਬ ਸੰਮਤੀ ਨਾਲ ਪਾਸ ਕੀਤਾ ਤੇ ਇਹ ਕਾਨਫਰੰਸ ਫਿਰਕੇਦਾਰਾਨਾ ਅਵਾਰਡ ਵਿੱਚ ਪੰਜਾਬ ਦੇ ਅਛੂਤਾਂ ਨੂੰ ਛੱਡਣ ਤੇ ਡੂੰਘੀ ਨਰਾਜ਼ਗੀ ਅਤੇ ਨਿਰਾਸ਼ਾ ਦਾ ਪ੍ਰਗਟਾਅ ਕਰਦੀ ਹੈ। ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ, ਪ੍ਰਧਾਨ ਆਦ ਧਰਮ ਮੰਡਲ, ਪੰਜਾਬ ਵਲੋਂ ਡਿਸਪ੍ਰੈਸਡ ਕਲਾਸਿਜ਼ ਨੂੰ ਬਣਦੀ ਨੁਮਾਇੰਦਗੀ ਦਾ ਯਾਦ ਪੱਤਰ ਭਾਰਤ ਸਰਕਾਰ ਨੂੰ ਦਿੱਤੇ ਦਾ ਪੂਰਨ ਸਮਰਥਨ ਕਰਦੀ ਹੈ।

ਕਾਨਫਰੰਸ ਨੇ ਮਤਾ ਪਾਸ ਕੀਤਾ ਕਿ 2 ਹਫਤਿਆਂ ਵਿੱਚ ਤਸੱਲੀ ਬਖਸ਼ ਜੁਆਬ ਦੇਣ ਲਈ ਸਰਕਾਰ ਨੂੰ ਕਿਹਾ ਕਿ ਵਰਨਾ ਕਾਰਜਕਾਰਨੀ ਚੋਣਾਂ ਦੇ ਬਾਈਕਾਟ ਦਾ ਮਤਾ ਪਾਸ ਕਰਕੇ ਡਿਪ੍ਰੈਸਡ ਕਲਾਸਿਜ਼ ਨੂੰ ਆਪਣੇ ਹੱਕ ਪ੍ਰਾਪਤ ਕਰਨ ਲਈ ਬਣਦੇ ਤੌਰ ਤਰੀਕੇ ਅਪਣਾਉਣ ਲਈ ਕਹੇਗੀ।

ਕਾਨਫਰੰਸ ਵਿੱਚ ਮਤਾ ਪਾਸ ਕੀਤਾ ਕਿ ਪੰਜਾਬ ਦੀਆ ਡਿਪ੍ਰੈਸਡ ਕਲਾਸਜ਼ ਵਲੋ ਇੱਕ ਡੈਪੂਟੇਸ਼ਨ ਇੰਗਲੈਂਡ ਭੇਜਿਆ ਜਾਵੇ ਤਾਂ ਜੋ ਇੰਨਸਾਫ ਪ੍ਰਾਪਤ ਕੀਤਾ ਜਾ ਸਕੇ। ਕਾਨਫਰੰਸ ਨੇ ਸਰਕਾਰ ਨੂੰ ਇੱਕ ਕਮੇਟੀ ਬਣਾਉਣ ਲਈ ਅਪੀਲ ਕੀਤੀ ਤਾਂ ਜੋ ਸੰਭਾਵੀ ਸਵਿਧਾਨ ਵਿੱਚ ਡ੍ਰਿਸਡ ਕਲਾਸਜ਼ਿ ਨੂੰ ਯੋਗ ਨੁਮਾਇੰਦਗੀ ਯਕੀਨੀ ਬਣਾਇਅ ਜਾ ਸਕੇ। ਇਸ ਕਮੇਟੀ ਦੇ ਅੱਧੇ ਮੈਂਬਰ ਇਨ੍ਹਾਂ ਵਰਗਾਂ ਵਿੱਚੋਂ ਲੈਣ ਲਈ ਕਿਹਾ ਸਫਾਈ ਸੇਵਕਾਂ ਅਤੇ ਹੋਰ ਮੁਲਾਜ਼ਮਾਂ ਲਈ ਘੱਟ ਤੋਂ ਘੱਟ 30 ਰੁਪਏ ਮਹੀਨਾ ਤਨਖਾਹ ਲੈਣ ਦੀ ਮੰਗ ਕੀਤੀ।

ਇਸ ਕਾਨਫਰੰਸ ਵਿੱਚ ਸਰਕਾਰ ਨੂੰ ਡਿਪ੍ਰੈਸਡ ਕਲਾਸਿਜ਼ ਤੋਂ ਟੈਕਸ ਨਾ ਉਗਰਾਉਣ ਲਈ ਕਿਹਾ ਗਿਆ ਕਿਉਂਕਿ ਇਨ੍ਹਾਂ ਨੂੰ ਇਨਸਾਨ ਨਹੀਂ ਸਮਝਿਆ ਜਾਂਦਾ ਅਤੇ ਦੂਸਰਾ ਫਿਰਕੇਦਾਰਾਨ ਅਵਾਰਡ ਵਿੱਚ ਵੀ ਇਹੋ ਸਲੂਕ ਸਰਕਾਰ ਨੇ ਕੀਤਾ ਹੈ।

ਕਾਨਫਰੰਸ ਨੇ ਬਾਬੂ ਮੁੱਗੋਵਾਲੀਆ ਅਤੇ ਬਾਬੂ ਚੂਨੀ ਲਾਲ ਥਾਪਰ ਨੂੰ ਪੰਜਾਬ ਦੇ ਡ੍ਰਿਸਡ ਕਲਾਸਿਜ਼ ਵਲੋ ਕੇਂਦਰੀ ਸਰਕਾਰ ਅਤੇ ਅੰਗਰੇਜ਼ ਸਰਕਾਰ ਨਾਲ ਗੱਲਬਾਤ ਕਰਨ ਦਾ ਅਧਿਕਾਰ ਦਿੱਤਾ।

### ਰਿਫਾਰਮਜ਼ ਕਮਿਸ਼ਨਰ ਪੰਜਾਬ ਨੂੰ 1933 'ਚ ਮੈਮੋਰੰਡਮ:

ਬਾਬੂ ਮੁੱਗੋਵਾਲੀਆ ਨੇ 24 ਮਈ 1933 ਨੂੰ ਖਾਨ ਬਹਾਦੁਰ ਨਵਾਬ ਮੁਜ਼ੱਫਰ ਖਾਨ ਸੀ.ਆਈ.ਡੀ., ਰਿਫਾਰਮਜ਼ ਕਮਿਸ਼ਨਰ ਪੰਜਾਬ ਅਤੇ ਜੁਆਇੰਟ ਸੈਕਰੇਟਰੀ, ਟ੍ਰਾਂਸਫਰਡ ਮਹਿਕਮਾ, ਪੰਜਾਬ ਸਰਕਾਰ ਨੂੰ ਆਪਣੀਆਂ ਮੰਗਾਂ ਪੇਸ਼ ਕੀਤੀਆਂ।

1. **ਪਹਿਲੀ ਮੰਗ-** ਸਰਕਾਰ ਵਲੋਂ ਅਨੁਸੂਚਿਤ ਜਾਤੀਆਂ ਦੀ ਲਿਸਟ ਛੇ ਨੂੰ ਪੂਰਨ ਦੱਸਦਿਆਂ ਕਿਹਾ ਕਿ ਸ਼ੁੱਧੀਕਰਨ ਹਿੰਦੂਆਂ ਨੂੰ ਇਸ ਵਿਚ ਸ਼ਾਮਲ ਨਾ ਕੀਤਾ ਜਾਏ। ਕਿਉਂਕਿ ਜਦੋਂ ਹਿੰਦੂ ਧਰਮ ਅਪਣਾ ਲੈਂਦੇ ਹਨ ਤਾਂ ਉਨ੍ਹਾਂ ਨੂੰ ਹਿੰਦੂਆਂ ਵਲੋਂ ਸਿਖਾਇਆ ਜਾਂਦਾ ਹੈ , ਉਹ ਅਛੂਤਾਂ ਨਾਲ ਕੋਈ ਸਬੰਧ ਨਾ ਰੱਖੇ।

2. **ਦੂਜੀ ਮੰਗ-** ਹੈਰਾਨੀ ਦੀ ਗੱਲ ਹੈ ਕਿ ਜਦੋਂ ਅਸੀਂ ਆਦਿ ਕਹਿੰਦੇ ਹਾਂ ਕਿ ਸਾਨੂੰ 'ਵੱਖਰੇ ਚੋਣ ਖੇਤਰ ਪ੍ਰਬੰਧ' ਚਾਹੀਦਾ ਹੈ ਕਿਉਂਕਿ ਅਸੀਂ ਹਿੰਦੂ ਨਹੀਂ ਅਛੂਤ ਹਾਂ। ਤਾਂ ਹੰਕਾਰੀ ਹਿੰਦੂ ਕਹਿੰਦੇ ਹਨ: ਪੰਜਾਬ ਵਿੱਚ ਕੋਈ ਅਛੂਤ ਨਹੀਂ ਹਨ"। ਹੁਣ ਜਦੋਂ ਅਛੂਤਾਂ ਨੂੰ ਹੱਕ ਮਿਲੇ ਹਨ ਤਾਂ ਹਿੰਦੂ ਇਤਰਾਜ਼ ਕਰਦੇ ਹਨ ਅਤੇ ਸ਼ੁੱਧੀਕਰਣ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਦੀ ਲਿਸਟ ਵਿਚ ਸ਼ਾਮਿਲ ਕਰਨਾ ਚਾਹੁੰਦੇ ਹਨ। ਇਸ ਤੋਂ ਸਾਫ ਦਿਖਾਈ ਦਿੰਦਾ ਹੈ ਕਿ ਹਿੰਦੂ ਆਦਿ ਧਰਮੀਆਂ ਨੂੰ ਮਿਲੇ ਹੱਕ ਖੋਹਣੇ ਚਾਹੁੰਦੇ ਹਨ ਪਰ ਅਸੀਂ ਸਰਕਾਰ ਵਲੋਂ ਐਲਾਨੀ ਅਨੁਸੂਚਿਤ ਜਾਤੀਆਂ ਦੀ ਲਿਸਟ ਤੋਂ ਸਤੁੰਸ਼ਟ ਹਾਂ।

3. **ਤੀਜੀ ਮੰਗ –** ਰਿਜ਼ਰਵੇਸ਼ਨ ਦਾ ਹੱਕ ਸਿਰਫ ਆਦਿ ਧਰਮੀਆਂ ਨੂੰ ਹੋਣਾ ਚਾਹੀਦਾ ਹੈ। ਕਿਉਂਕਿ ਉਹ ਹੀ ਅਛੂਤ ਹਨ। ਇੱਥੋਂ ਤੱਕ ਕਿ ਹਿੰਦੂ ਲੀਡਰ ਰਾਜਾ ਨਰਿੰਦਰ ਨਾਥ, ਮੈਂਬਰ ਗੋਲਮੇਜ਼ ਕਾਰਨਫਰੰਸ ਨੇ ਵੀ ਦੂਜੀ ਗੋਲਮੇਜ਼ ਕਾਨਫਰੰਸ ਲੰਡਨ ਵਿਚ ਜ਼ੋਰ ਦੇ ਕੇ ਕਿਹਾ, "ਪੰਜਾਬ ਵਿਚ ਆਦਿਧਰਮੀਆਂ ਤੋਂ ਬਿਨਾਂ ਕੋਈ ਅਛੂਤ ਨਹੀਂ ਹੈ"। ਇਸੇ ਤਰ੍ਹਾਂ ਦਯਾਨੰਦ ਦਲਿਤ ਉਦਾਰ ਮੰਡਲ, ਹੁਸ਼ਿਆਰਪੁਰ ਨੇ ਕਿਹਾ ਹੈ ਅਤੇ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਦੀਆਂ ਸਿਫਾਰਿਸ਼ਾਂ ਵਿਚ ਵੀ ਇਸੇ ਤਰ੍ਹਾਂ ਕਿਹਾ ਹੈ। ਇਸ ਲਈ ਆਦਿ ਧਰਮੀ ਹੀ ਇਸ ਹੱਕ ਦੇ ਯੋਗ ਹਨ ਅਤੇ ਜਿਨ੍ਹਾਂ ਨੇ ਇਹ ਹੱਕ ਪ੍ਰਾਪਤ ਕਰਨ ਲਈ ਕੁਰਬਾਨੀਆਂ ਦਿੱਤੀਆਂ ਹਨ ਜਦੋਂ ਕਿ ਸ਼ੁੱਧੀਕਰਣ ਹਿੰਦੂਆਂ ਨੇ ਨਾ ਤਾਂ ਕੁਰਬਾਨੀਆਂ ਦਿੱਤੀਆਂ ਹਨ ਨਾ ਹੀ ਉਹ ਇਹ ਹੱਕ ਪ੍ਰਾਪਤ ਕਰਨ ਲਈ ਖਾਹਿਸ਼ਮੰਦ ਹਨ। ਇਸ ਲਈ ਸ਼ੁੱਧੀਕਰਣ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਵਿੱਚ ਸ਼ਾਮਿਲ ਨਾ ਕੀਤਾ ਜਾਵੇ।

4. **ਚੌਥੀ ਮੰਗ-** ਸ਼ੁੱਧੀਕਰਣ ਹਿੰਦੂਆਂ ਨੂੰ ਕਦੇ ਵੀ ਅਨੁਸੂਚਿਤ ਜਾਤੀਆਂ ਵਿਚ ਸ਼ਾਮਿਲ ਨਾ ਕੀਤਾ ਜਾਵੇ ਕਿਉਂਕਿ ਜੇ ਉਨ੍ਹਾਂ ਨੂੰ ਸ਼ਾਮਿਲ ਕੀਤਾ ਤਾਂ ਗਰੀਬ ਆਦਿ-ਧਰਮੀ ਸਰਕਾਰ ਵਲੋਂ ਮਿਲੇ ਹੱਕਾਂ ਨੂੰ ਪ੍ਰਾਪਤ ਕਰ ਸਕਣਗੇ, ਕਿਉਂ ਹਿੰਦੂ ਸਾਡੀਆਂ ਰਿਜ਼ਰਵ ਸੀਟਾਂ 'ਤੇ ਸਰਮਾਏਦਾਰ ਹੋਣ ਕਰਕੇ ਕਬਜ਼ਾ ਕਰ ਲੈਣਗੇ ਅਤੇ ਸ਼ੁੱਧੀਕਰਣ ਹਿੰਦੂ ਉਹਨਾਂ ਦੇ ਦਬਾਅ ਥੱਲੇ ਹਨ । ਇਸ ਤਰਾਂ ਗਰੀਬ ਆਦਿ-ਧਰਮੀ ਆਪਣੇ ਨੁਮਾਇਦਗੇ ਭੇਜਣ ਵਿੱਚ ਸਫਲ ਨਹੀ ਹੋਣਗੇ ਅਤੇ ਆਦਿ-ਧਰਮੀ ਤਬਾਹ ਹੋ ਜਾਣਗੇ। ਇਸ ਨਾਲ ਈਸਾਇਆਂ ਅਤੇ ਮੁਸਲਮਾਨਾ ਵਿੱਚਲੇ ਅਛੂਤ ਵੀ ਸਾਡੇ ਹੱਕ ਮੰਗਣਗੇ। ਇਸ ਲਈ ਸ਼ੁੱਧੀਕਰਣ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਦੀ ਲਿਸਟ ਵਿੱਚ ਸ਼ਾਮਿਲ ਨਾ ਕੀਤਾ ਜਾਵੇ।

5. **ਪੰਜਵੀਂ ਮੰਗ:-** ਸਾਡੇ ਲੋਕ ਗਰੀਬ ਹਨਇਸ ਲਈ ਪੜੇ ਲਿਖਿਆ ਨੂੰ ਚੋਣ ਮਹਿਕਮੇ ਵਿੱਚ ਭਰਤੀ ਖੀਤਾ ਜਾਵੇ ਅਤੇ ਡਿਪ੍ਰੈਸਡ ਕਲਾਸਜ ਦੀਆ ਵੋਟਾ ਬਣਾਉਣ ਵੇਲੇ ਖਾਸ ਧਿਆਨ ਦਿੱਤਾ ਜਾਵੇ। ਪੱਤਰ ਤੇ ਬਾਬੂ ਮੰਗੂ ਰਾਮ ਪ੍ਰਧਾਨ, ਹਜਾਰਾ ਰਾਮ ਪਿੱਪਲਾਂਵਾਲਾ ਜਨਰਲ ਸਕੱਤਰ , ਪੰਡਤ ਬਖਸ਼ੀ ਰਾਮ ਜਨਰਲ ਸਕੱਤਰ, ਅਤੇ ਬਾਬੂ ਡੋਗਰ ਮੱਲ ਉੱਪ ਪ੍ਰਧਾਨ ਪੰਜਾਬ ਬਾਲਮੀਕ ਅਛੂਤ ਐਸੋਸੀਏਸ਼ਨ ਜਲੰਧਰ ਸ਼ਹਿਰ ਦੇ ਨਾ ਹਨ। ਇਸ ਪੱਤਰ ਤੇ Punjab Ad-Dharmi (Depressed Casses ) Federation Jalandhar City ਅੰਗਰੇਜੀ ਅਤੇ ਉਰਦੂ ਵਿੱਚ ਛਪਿਆ ਹੈ ਖੱਬੇ ਹੱਥ ਡੱਬੀ ਵਿੱਚ ਅੰਗਰੇਜੀ ਵਿੱਚ ਛਪਿਆ ਹੈ (Principles)

1. No work in every way for the uplift for all Ad-Dharmi (Aborging depressed classes) of punjab generally calles Achhuts and Shudras especially.
2. To work without religious prejudge for the unity of all.
3. To obtain all political rights in co-operation with the government.
4. To keep government intouch with the true state of Ad-Dharmi's.
5. To organizes and execute by mean of publication of History Literature etc and to popularize arts and science by means of school , press and libraries .

### ਗਵਰਨਰ ਪੰਜਾਬ ਨੂੰ 1935 ਵਿੱਚ ਯਾਦ ਪੱਤਰ

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ 3 ਜਨਵਰੀ 1935 ਨੂੰ ਹੈਰਬਰਟ ਵਿਲੀਅਮ ਸੀ.ਐਸ. ਆਈ., ਸੀ. ਆਈ. ਈ., ਓ.ਬੀ. ਈ. ਗਵਰਨਰ, ਪੰਜਾਬ, ਲਾਹੌਰ ਨੂੰ ਹਜ਼ਾਰਾਂ ਆਦਿ ਧਰਮੀਆਂ ਸਣੇ ਇਕ ਮੈਮੋਰੰਡਮ ਦਿੱਤਾ। ਇਸ ਮੈਮੋਰੰਡਮ ਤੋਂ ਪਤਾ ਲੱਗਦਾ ਹੈ ਕਿ ਪਹਿਲੀ ਜੂਨ 1933 ਨੂੰ ਵੀ ਬਾਬੂ ਮੁੱਗੋਵਾਲੀਆ ਨੇ ਗਵਰਨਰ ਨੂੰ ਇਕ ਮੈਮੋਰੰਡਮ ਦਿੱਤਾ ਸੀ। 1933 ਦੇ ਮੈਮੋਰੰਡਮ ਸਬੰਧੀ ਪੰਜਾਬ ਸਰਕਾਰ ਲਾਹੌਰ ਦੇ ਮੁੱਖ ਸਕੱਤਰ ਨੇ ਪੱਤਰ ਨੰ.33246 ਜਨਰਲ ਮਿਤੀ 18 ਦਸੰਬਰ 1933 ਰਾਹੀਂ ਦੱਸਿਆ ਕਿ ਪੰਜਾਬ ਮੰਤਰੀ ਮੰਡਲ ਨੇ ਆਦਿ ਧਰਮੀਆਂ ਦੀਆਂ ਮੰਗਾਂ ਬਾਰੇ ਵਿਚਾਰ ਕਰਕੇ ਉਨ੍ਹਾਂ ਨੂੰ ਪੂਰਾ ਕਰਨ ਲਈ ਉਦਮ ਸ਼ੁਰੂ ਕਰ ਦਿੱਤੇ ਹਨ।

ਬਾਬੂ ਮੁੱਗੋਵਾਲੀਆ ਨੇ 1935 ਦੇ ਮੈਮੋਰੰਡਮ ਵਿਚ ਗਵਰਨਰ ਨੂੰ ਲਿਖਿਆ ਕਿ ਪੰਜਾਬ ਸਰਕਾਰ ਵਲੋਂ ਬਗਾਰ ਪ੍ਰਥਾ ਜਾਰੀ ਹੈ ਖਾਸ ਕਰ ਜਿਲਾ ਕਾਂਗੜਾ ਵਿੱਚ ਮੁਰਦਿਆਂ ਨੂੰ ਚੁੱਕਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਇਸ ਵਾਰੇ ਜਿਲਾ ਅਧਿਕਾਰੀਆਂ ਨੂੰ ਲਿਖਿਆ, ਪਰ ਵਿਅਰਥ ਗਿਆ ਹੈ। ਪਰ ਬਾਬੂ ਜੀ ਨੇ ਗਵਰਨਰ ਨੂੰ ਲਿਖਿਆ ਕਿ ਉਹ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਕਰਨ। ਦਰਿਆ ਬਿਆਸ ਪਾਰ ਕਰਨ ਵੇਲੇ ਬੇੜੀ ਵਾਲੇ ਆਦਿ-ਧਰਮੀਆਂ ਨੂੰ ਬਿਠਾਉਂਦੇ ਨਹੀਂ ਜਦੋਂ ਕਿ ਦਰਿਆ ਸਰਕਾਰੀ ਜਾਇਦਾਦ ਹਨ।

ਬਾਬੂ ਨੇ ਅੱਗੇ ਲਿਖਿਆ ਕਿ ਮਿਉਂਸਪਲ ਕਮੇਟੀਆਂ ਅਤੇ ਜ਼ਿਲ੍ਹਾ ਬੋਰਡਾਂ ਵਿਚਲੇ ਗੈਰ-ਆਦਿਧਰਮੀ, ਆਦਿ ਧਰਮੀਆਂ ਤੇ ਪ੍ਰੋਫੈਸ਼ਨਲ ਟੈਕਸ ਮਨਮਰਜ਼ੀ ਨਾਲ ਲਾਉਂਦੇ ਹਨ ਜੋ ਕਿ ਬੇਇਨਸਾਫੀ ਹੈ। ਨੰਬਰਦਾਰ, ਸਫੈਦ ਪੋਸ਼, ਪਟਵਾਰੀ ਅਤੇ ਜ਼ੈਲਦਾਰ ਬਗਾਰ ਨਾ ਕਰਨ ਵਾਲੇ ਆਦਿ-ਧਰਮੀਆਂ ਤੇ ਮਨਮਰਜ਼ੀ ਦਾ ਟੈਕਸ ਲਾਕੇ ਪੁਲਿਸ ਰਾਹੀਂ ਪ੍ਰੇਸ਼ਾਨ ਕਰਦੇ ਹਨ। ਬਾਬੂ ਜੀ ਨੇ ਸਖਤ ਸ਼ਬਦਾਂ ਵਿਚ ਲਿਖਿਆ ਕਿ ਜੇ ਅਛੂਤ ਆਪਣਾ ਧਰਮ ਆਦਿ-ਧਰਮ ਦੱਸਦੇ ਹਨ ਤਾਂ ਉਨ੍ਹਾਂ ਤੇ ਪ੍ਰੋਫੈਸ਼ਨਲ ਟੈਕਸ ਠੋਕਕੇ ਲਾਇਆ ਜਾਂਦਾ ਹੈ। ਜੇ ਉਹ ਆਪਣਾ ਧਰਮ ਸਿੱਖ, ਹਿੰਦੂ, ਮੁਸਲਿਮ ਦੱਸਦੇ ਹਨ ਤਾਂ ਕੋਈ ਟੈਕਸ ਨਹੀਂ ਲਾਉਂਦੇ। ਬਾਬੂ ਜੀ ਨੇ ਆਦਿਧਰਮੀਆਂ 'ਤੋਂ ਇਸ ਟੈਕਸ ਨੂੰ ਹਟਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਲੋਕਲ ਬਾਡੀਜ਼ ਵਿਚ ਆਦਿ ਧਰਮੀਆਂ ਦੀ ਨੁਮਾਇੰਦਗੀ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਦਸੂਹਾ ਦੇ ਪਿੰਡ ਰਲਹਣ ਵਿਚ ਅਫਸਰਾਂ ਵਲੌਂ ਆਦਿਧਰਮੀਆਂ 'ਤੇ ਕੀਤੇ ਜੁਲਮਾਂ ਲਈ ਇੰਨਕੁਆਰੀਆਂ ਕਰਵਾਉਣ ਤੇ ਵੀ ਜੋਰ ਦਿੱਤਾ।

ਬਾਬੂ ਜੀ ਨੇ ਆਦਿ ਧਰਮੀਆਂ ਨੂੰ ਉਨ੍ਹਾਂ ਦੀ ਆਬਾਦੀ ਅਨੁਸਾਰ ਸਰਕਾਰੀ ਨੋਕਰੀਆਂ ਵਿੱਚ ਰਿਜਰਵਰੇਸ਼ਨ ਤੇ ਜੋਰ ਦਿੱਤਾ। 1901 ਈ. ਵਿੱਚ ਆਦਿ-ਧਰਮੀਆਂ ਨੂੰ ਦਬਾਉਣ ਲਈ ਪੰਜਾਬ ਭੂਮੀ ਇੰਤਕਾਲ ਆਰਜੀ ਐਕਟ ਬਣਿਆ ਜਿਸ ਨੂੰ ਬਾਬੂ ਜੀ ਨੇ ਆਦਿ-ਧਰਮੀਆਂ ਨੂੰ ਦਬਾਉਣ ਵਾਲਾ ਐਲਾਨਦਿਆਂ ਰੱਦ ਕਰਨ ਲਈ ਕਿਹਾ ਤਾ ਜੋ ਆਦਿ-ਧਰਮੀ ਆਪਣੀ ਰਿਹਾਇਸ਼ ਲਈ ਥਾਂ ਖਰੀਦ ਸਕਣ। ਸਰਕਾਰ ਵਲੋਂ ਨਵੇ ਸਵਿਧਾਨ ਵਿੱਚ ਐਲਾਨੀਆਂ ਅਨੁਸੂਚਿਤ ਜਾਤੀਆਂ ਦੀ ਲਿਸਟ ਵੇਖ ਕੇ ਵੱਖ ਵੱਖ ਮਹਿਕਮਿਆਂ ਵਿੱਚ ਭੇਜਣ ਬਾਰੇ ਅਤੇ ਇਹਨਾ ਜਾਂਤਾ ਦਾ ਧਰਮ ਅਦਿ-ਧਰਮ ਮੰਨਣ ਬਾਰੇ ਵੀ ਗਵਰਨਰ ਨੂੰ ਲਿਖਿਆ। ਇਹ ਮੈਮੋਰੰਡਮ ਅੰਗਰੇਜੀ ਵਿੱਚ ਪਾ-ਪੂਲਰ ਪ੍ਰੈਸ ਜਲੰਧਰ ਸ਼ਹਿਰ ਤੋਂ ਛਪਵਾ ਕੇ ਵੰਡਿਆ ਗਿਆ। ਸਾਡੇ ਕੋਲ ਮੈਨੋਰੰਡਮ ਦੀ ਕਾਪੀ ਉੱਪਰ ਬਾਬੂ ਹਜਾਰਾ ਰਾਮ ਪਿੱਪਲਾਂਵਾਲਾ ਦੇ ਹਸਤਾਖਰ ਅਤੇ ਆਦਿ-ਧਰਮ ਮੰਡਲ ਆਫ ਪੰਜਾਬ ਦੀ ਪੰਜਾਬੀ /ਅੰਗਰੇਜੀ ਵਿੱਚ ਮੋਹਰ ਲੱਗੀ ਹੋਈ ਹੈ ਜਿਸ ਦੇ ਵਿੱਚਕਾਰ ਸੋਹੰ ਲਿਖਿਆ ਹੋਇਆ ਹੈ।

### ਰਿਫਾਰਮਜ ਕਮਿਸ਼ਨਰ ਸ਼ਿਮਲਾ ਨੂੰ 1935 ਵਿੱਚ ਯਾਦ ਪੱਤਰ

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ 18 ਸਤੰਬਰ 1935 ਨੂੰ ਰਿਫਾਰਮਜ਼ ਕਮਿਸ਼ਨਰ ਅਤੇ ਜਾਇੰਟ ਸੈਕਟਰੀ, ਟ੍ਰਾਂਸਫਰਡ ਡਿਪਾਰਟਮੈਂਟ, ਪੰਜਾਬ ਸਰਕਾਰ, ਸ਼ਿਮਲਾ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਮਿਲ ਕੇ ਇੱਕ ਮੈਮੋਰੈਡਮ ਦਿੱਤਾ। ਪੰਜਾਬ ਸਰਕਾਰ ਨੇ ਇਸ ਤੋ ਪਹਿਲਾਂ 13 ਅਗਸਤ ਅਤੇ ਸਤੰਬਰ 1935 ਨੂੰ ਕ੍ਰਮਵਾਰ ਅਸਥਾਈ ਪੰਜਾਬ ਅਸੰਬਲੀ ਹਲਕਿਆਂ ਦਾ ਐਲਾਨ ਕਰ ਦਿੱਤਾ ਗਿਆ। ਬਾਬੂ ਜੀ ਨੇ ਅੰਮ੍ਰਿਤਸਰ ਅਤੇ ਜਲੰਧਰ ਜਿਲ੍ਹਿਆਂ ਦੀ ਇੱਕ ਸੀਟ ਐਲਾਨਣ ਦਾ ਵਿਰੋਧ ਕਰਦਿਆਂ ਕਿਹਾ ਕਿ ਜਲੰਧਰ ਅਤੇ ਅੰਮ੍ਰਿਤਸਰ ਜਿਲ੍ਹਿਆਂ ਨੂੰ ਦੋ ਸੀਟਾਂ ਚਾਹੀਦੀਆਂ ਹਨ । ਇੱਕ ਸੀਟ ਜਲੰਧਰ ਅਤੇ ਦੂਜੀ ਅਮ੍ਰਿਤਸਰ ਜ਼ਿਲ੍ਹੇ ਦੀ। ਬਾਬੂ ਜੀ ਨੇ ਦਲੀਲ ਦਿੱਤੀ ਕਿ ਕਿਉਂਕਿ ਬਹੁਗਿਣਤੀ ਆਦਿ-ਧਰਮੀ ਪਿੰਡਾ ਵਿੱਚ ਰਹਿੰਦੇ ਹਨ ਇਸ ਲਈ ਇਨ੍ਹਾਂ ਸੀਟਾਂ 'ਤੇ ਪੇਂਡੂ ਉਮੀਦਵਾਰਾਂ ਨੂੰ ਹੀ ਖੜ੍ਹੇ ਕਰਨ ਦਾ ਨਿਯਮ ਹੋਣਾ ਚਾਹੀਦਾ ਹੈ। ਉਸ ਸਮੇਂ ਪੇਡੂ ਅਤੇ ਸ਼ਹਿਰੀ ਸੀਟਾਂ ਦੀ ਰਿਜ਼ਰਵ ਸੀਟਾਂ ਵਿੱਚ ਸਿਰਫ ਪੇਂਡੂ ਖੇਤਰ ਵਿੱਚੋਂ ਹੀ ਬਣਨ। 5 ਸਤੰਬਰ 1935 ਵਿੱਚ ਅਸੰਬਲੀ ਹਲਕਿਆਂ ਵਿੱਚ ਤਬਦੀਲੀ ਕਰਨ ਤੇ ਜ਼ੋਰ ਦਿੰਦਿਆਂ ਉਨ੍ਹਾਂ ਨੇ ਕਿਹਾ ਜੇ ਹੱਦਬੰਦੀ ਕਮੇਟੀ (Delimitation Committee) ਸਾਹਮਣੇ ਜ਼ੁਬਾਨੀ ਗਵਾਹੀ ਦੇਣਾ ਵੀ ਸਮਝਿਆ ਤਾਂ ਉਹ ਆਪਣਾ ਪੱਖ ਪੇਸ਼ ਕਰਨ ਲਈ ਤਿਆਰ ਹਨ। ਇਸ ਯਾਦ ਪੱਤਰ ਵਿੱਚ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬੂ ਹਜ਼ਾਰਾ ਰਾਮ ਪਿੱਪਲਾਂਵਾਲਾ ਜਨਰਲ ਸਕੱਤਰ, ਸੰਤ ਰਾਮ ਅਜ਼ਾਦ ਮਿਸ਼ਨਰੀ, ਸੇਠ ਕਿਸ਼ਨ ਦਾਸ ਵਿੱਤ ਸਰਕਾਰ ਅਤੇ ਮਾਸਟਰ ਗੁਰਬੰਤਾ ਸਿੰਘ ਜਨਰਲ ਸਕੱਤਰ ਦੇ ਨਾਂ ਛਪੇ ਹਨ। ਪਾਪੂਲਰ ਪ੍ਰੈਸ, ਜਲੰਧਰ ਸ਼ਹਿਰ ਵਿੱਚ ਇਹ ਪੱਤਰ ਛਪਿਆ।

### ਮੁੱਖ ਮੰਤਰੀ ਨੂੰ ਰੋਸ ਪੱਤਰ

ਬਾਬੂ ਮੁਗੋਵਾਲੀਏ ਨੇ 11-04-1942 ਨੂੰ ਮੁੱਖ ਮੰਤਰੀ ਪੰਜਾਬ ਨੂੰ ਇੱਕ ਰੋਸ ਪੱਤਰ ਲਿਖਿਆ ਕਿ ਜਿਸ ਤਰਾਂ ਦੂਜੀਆਂ ਕੌਮਾਂ ਨੂੰ ਦੂਜੀ ਸੰਸਾਰ ਜੰਗ ਵਿੱਚ ਫੌਜ ਵਿੱਚ ਭਰਤੀ

(ਬਾਕੀ ਅਗਲੇ ਸਫੇ ਤੇ)


# ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਇਕ ਇਤਿਹਾਸਕ ਦਸਤਾਵੇਜ਼

ਸ੍ਰੀ ਸੀ. ਐਲ. ਚੁੰਬਰ ਦਾ ਆਪਣੇ ਦਸਤਖਤਾਂ ਹੇਠ ਭੇਜਿਆ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਮੇਰੇ ਸਾਹਮਣੇ ਸੁਸ਼ੋਭਿਤ ਹੈ, ਜਿਸਨੂੰ ਪੜ੍ਹਨ ਉਪਰੰਤ ਇਹੋ ਕਹਿਣਾ ਸੱਚ ਹੈ ਕਿ ਇਹ ਇਕ ਇਤਿਹਾਸਕ ਦਸਤਾਵੇਜ਼ ਹੈ, ਜਿਸਨੂੰ ਪੰਜਾਬ ਦੇ ਦਲਿਤ ਲੋਕਾਂ ਨੂੰ ਉਸ ਇਤਿਹਾਸ ਤੋਂ ਜਾਣੂ ਕਰਾਇਆ ਹੈ, ਜਿਸਨੇ ਕਦੀ ਇਸ ਧਰਤੀ ਤੇ ਕ੍ਰਾਂਤੀ ਲਿਆਂਦੀ ਤੇ ਸਮਾਜਿਕ ਇਨਕਲਾਬ ਦੀ ਸਹੀ ਅਰਥਾ ਵਿਚ ਨੀਂਹ ਰੱਖੀ। ਇਸ ਸੋਵੀਨਰ ਸਬੰਧੀ ਹੋਰ ਵਿਚਾਰ ਪੇਸ਼ ਕਰਨ ਤੋਂ ਪਹਿਲਾਂ ਮੈਂ ਸ੍ਰੀ ਸੀ. ਐਲ ਚੁੰਬਰ. ਦੇ ਪਵਿੱਤਰ ਯਤਨਾਂ ਲਈ ਰਿਣੀ ਮਹਿਸੂਸ ਕਰਦਾ ਹਾਂ ਅਤੇ ਉਹਨਾਂ ਸਾਰੇ ਸਾਥੀਆਂ ਦਾ ਧੰਨਵਾਦ ਕਰਨਾ ਫਰਜ਼ ਸਮਝਦਾ ਹਾਂ, ਜਿਹਨਾਂ ਨੇ ਸਾਡੇ ਰਹਿਬਰ ਦੇ ਜੀਵਨ-ਇਤਿਹਾਸ ਨੂੰ ਪੰਨਿਆਂ ਤੋਂ ਉਭਾਰ ਕੇ ਵਰਤਮਾਨ ਦੀ ਲੋੜੀਂਦੀ ਲਹਿਰ ਨੂੰ ਤਾਕਤ ਬਖਸ਼ੀ ਹੈ। ਮੈਂ ਬਹੁਤ ਅੱਛੀ ਤਰ੍ਹਾਂ ਮਹਿਸੂਸ ਕਰ ਰਿਹਾ ਹਾਂ ਕਿ ਬਾਮਸੇਫ ਅਤੇ ਡੀ. ਐਸ 4 ਲਹਿਰ ਲਈ ਇਹ ਸੋਵੀਨਰ ਇਕ ਪੰਧ ਦਿਖਾਓ, ਤਾਰੇ ਵਾਂਗ ਸਹਾਇਕ ਹੋਵੇਗਾ।

ਇਹ ਸੱਚ ਹੈ ਕਿ ਕਾਫੀ ਸਮੇਂ ਤੋਂ ਬਹੁਤ ਲੋਕ ਨਹੀਂ ਜਾਣਦੇ ਸਨ ਕਿ ਆਦਿ ਧਰਮ ਦਾ ਅਰਥ ਕੀ ਹੈ, ਇਸ ਮਹਾਨ ਲਹਿਰ ਦਾ ਬਾਨੀ ਕੌਣ ਸੀ ਇਹ ਲਹਿਰ ਅੰਬੇਡਕਰ ਲਹਿਰ ਨਾਲ ਕਿਵੇਂ ਜੁੜ ਕੇ ਅੱਗੇ ਵਧੀ ਤੇ ਇਹ ਲਹਿਰ ਕਿਸ ਸੱਚ ਨੂੰ ਪੱਲੇ ਬੰਨ੍ਹ ਕੇ ਤੁਰੀ।

ਇਹਨਾਂ ਵਿਸ਼ਿਆਂ ਦਾ ਗਿਆਨ ਸੋਵੀਨਰ ਵਿਚੋਂ ਪੜ੍ਹ ਕੇ ਅਸੀਮ ਖੁਸ਼ੀ ਹੋਈ ਹੈ। ਇਸ ਸੋਵੀਨਰ ਦੀ ਸਭ ਤੋਂ ਵੱਡੀ ਪ੍ਰਾਪਤੀ ਹੀ ਸੋਵੀਨਰ ਦਾ ਦਲਿਤ ਇਤਿਹਾਸ ਦਾ ਦਸਤਾਵੇਜ਼ ਬਣ ਜਾਂਦਾ ਹੈ। ਸਾਡੀ ਬਦਨਸੀਬੀ ਹੈ ਕਿ ਅਸੀਂ ਆਪਣੇ ਮਹਾਨ ਇਤਿਹਾਸਕ ਵਿਰਸਿਆਂ ਤੋ ਸੱਖਣੇ ਹਾਂ। ਕਾਂਗਰਸ ਰਾਜ ਨੇ ਸਾਨੂੰ ਸਾਡੇ ਇਤਿਹਾਸ ਤੋਂ ਅਜਿਹਾ ਕੱਟਿਆ ਹੈ ਕਿ ਅਸੀਂ ਅਤਿ ਘਟੀਆ ਮਨੁੱਖੀ ਕਿਰਦਾਰ ਦੇ ਮਨੂੰਵਾਦੀ ਦੇਵੀ ਦੇਵਤਿਆਂ, ਅਵਤਾਰਾਂ, ਮਹਾਤਮਾਵਾਂ ਨੂੰ ਹੀ ਆਪਣੇ ਮਾਤਾ-ਪਿਤਾ ਕਹਿਣ ਤੇ ਪੂਜਣ ਲੱਗ ਪਏ ਹਾਂ ਪ੍ਰੰਤੂ ਆਪਣੇ ਸਮਾਜ ਦੇ ਮਹਾਨ ਯੋਧਿਆਂ ਦਾ ਨਾਂ ਵੀ ਨਹੀਂ ਜਾਣਦੇ। ਡਾ. ਅੰਬੇਡਕਰ, ਜੋ ਇਕ ਅਦੁੱਤੀ ਸ਼ਖਸੀਅਤ ਸੀ, ਜਿਸ ਬਾਰੇ ਇਕ ਸਾਥੀ ਨੇ ਜਿਸਨੂੰ ਅੰਬੇਡਕਰ ਬਾਰੇ ਸੱਜਰੀ ਜਾਣਕਾਰੀ ਦਿੱਤੀ ਗਈ ਸੀ, ਕਿਹਾ "ਇਹ ਸੱਚ ਹੈ ਸਾਥੀ ਕਿ ਅੱਜ ਇਹ ਪਤਾ ਚੱਲਿਆ ਸਾਡਾ ਦਾਤਾ ਅੰਬੇਡਕਰ ਹੈ, ਜੋ ਅਸੀਂ ਉਪਰ ਵਾਲੇ ਨੂੰ ਦਾਤਾ ਕਹੀਏ ਜਾਂ ਕਹਿੰਦੇ ਹਾਂ ਤਾਂ ਉਹ ਦਾਤਾ ਉਦੋਂ ਕਿੱਥੇ ਸੀ, ਜਦੋਂ ਅੰਬੇਡਕਰ ਹੈ ਨਹੀਂ ਸੀ। ਉਦੋਂ ਉਸ ਨੇ ਸਾਨੂੰ ਇਹ ਅਧਿਕਾਰ ਕਿਉਂ ਨਾ ਦੇ ਦਿੱਤੇ?" ਦਾ ਨਾਂ ਵੀ ਆਮ ਦਲਿਤ ਲੋਕਾਂ ਨੂੰ ਨਹੀਂ ਪਤਾ। ਮਹਾਤਮਾ ਜੋਤੀ ਰਾਓ ਫੂਲੇ, ਪੈਰੀਅਰ ਰਾਮਾ ਸੁਆਮੀ, ਬਾਬੂ ਮੰਗੂ ਰਾਮ ਮੁੱਗੋਵਾਲੀਆ ਵਰਗੀਆਂ ਮਹਾਨ ਸਮਾਜਵਾਦੀ ਸ਼ਖਸੀਅਤਾਂ ਨੂੰ ਹਨ੍ਹੇਰੇ ਦੀਆਂ ਕੰਧਰਾਂ ਵਿਚੋਂ ਮਨੂੰਵਾਦੀਆਂ ਨੇ ਲੁਕਾ ਦਿੱਤਾ। ਪ੍ਰੰਤੂ ਅੱਜ ਦਲਿਤਾਂ ਦਾ ਸੁਚੇਤ ਵਰਗ ਇਸ ਪਾਸੇ ਯਤਨਸ਼ੀਲ ਹੈ। 1985 ਦਾ ਇਹ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਅਗਲੇ ਰਸਤੇ ਵਿਚ ਇਕ ਅਟੁੱਟ ਮੀਲ ਪੱਥਰ ਬਣ ਖਲੋਤਾ ਹੈ।




ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਗਦਰ ਪਾਰਟੀ ਦੇ ਸਿਰਲੱਥ ਯੋਧੇ ਰਹੇ, ਮੌਤ ਦੀ ਸਜ਼ਾ ਹੋਈ, ਬਨਵਾਸ ਕੱਟਣਾ ਪਿਆ, ਫਿਰ ਵੀ ਕੌਮ ਲਈ ਜੀਵਤ ਰਹੇ। ਆਦਿ ਧਰਮ ਦੀ ਨੀਂਹ ਰੱਖੀ। ਬਾਬਾ ਸਾਹਿਬ ਦੇ ਸਾਥੀ ਬਣੇ। ਅੱਜ ਮਾਣੀਂਦੇ ਅਧਿਕਾਰਾਂ ਲਈ ਲੜਦੇ ਰਹੇ। ਮਹਾਤਮਾ ਗਾਂਧੀ ਦੇ ਬਰਾਬਰ, ਆਪਣੇ ਅਧਿਕਾਰਾਂ ਲਈ ਮਰਨ ਵਰਤ ਰੱਖਿਆ। ਰੀਜ਼ਰਵ ਸੀਟਾਂ ਦਾ ਅਧਿਕਾਰ ਲੈ ਕੇ ਅੱਠਾਂ 'ਚੋਂ ਸੱਤ ਐਮ. ਐਲ. ਏ. ਚੁਣੇ, ਅਛੂਤਾਂ ਵੱਲੋਂ ਘਰ-ਬਾਰ ਖਰੀਦ ਸਕਣ ਲਈ ਜੱਦੋ ਜਹਿਦ ਕੀਤੀ। ਸਕੂਲ ਜਾਣ ਦੇ ਅਧਿਕਾਰ ਲਈ ਬਾਬਾ ਸਾਹਿਬ ਨੂੰ, ਗਾਂਧੀ ਦੇ ਖਿਲਾਫ ਅਛੂਤਾਂ ਦਾ ਨੇਤਾ ਸਾਬਤ ਕੀਤਾ। ਹਜ਼ਾਰਾਂ ਸਾਥੀਆਂ ਸਮੇਤ ਲੋਥੀਅਨ ਕਮੇਟੀ ਦੇ ਸਾਹਮਣੇ ਅਛੂਤਾਂ ਦੀ ਹੋਂਦ ਨੂੰ ਜਿਤਾਇਆ। ਅਛੂਤ ਲੋਕਾਂ ਨੂੰ ਹਿੰਦੂ, ਸਿੱਖ, ਮੁਸਲਮਾਨ, ਇਸਾਈ ਲਿਖਾਉਣ ਦੀ ਥਾਂ 'ਆਦਿ ਧਰਮੀ' ਲਿਖਾਉਣ ਲਈ ਮਹਾਨਤਮ ਕਾਰਜ ਕੀਤਾ ਤੇ ਗੁਲਾਮਾਂ ਨੂੰ ਦੋਹਰੀ ਗੁਲਾਮੀ ਦਾ ਅਹਿਸਾਸ ਕਰਵਾ ਕੇ, ਸਮਾਜਿਕ ਇਨਕਲਾਬ ਦੇ ਰਸਤੇ ਪਾਇਆ। ਰਾਇਲ ਕਮਿਸ਼ਨ ਅਤੇ ਗਵਰਨਰ ਪੰਜਾਬ ਦੇ ਸਾਹਮਣੇ ਆਪਣੇ ਅਧਿਕਾਰਾਂ ਦੀਆਂ ਮੰਗਾਂ ਪੇਸ਼ ਕੀਤੀਆਂ, ਬੱਚਿਆਂ ਦੀਆਂ ਫੀਸਾਂ ਮੁਆਫ ਕਰਵਾਈਆਂ, ਅਛੂਤ ਵਿਰੋਧੀ, ਅਛੂਤ ਵਿਕਾਊ ਟੁੱਕੜਬੋਚਾਂ ਦਾ ਪਰਦਾ ਫਾਸ਼ ਕੀਤਾ। ਆਦਿ ਡੰਕਾ ਅਖਬਾਰ ਚਲਾਈ। ਸੋਹਣ ਸਿੰਘ ਭਕਨਾ ਦੇ ਅਹਿਮ ਸਾਥੀ ਰਹੇ। ਗਦਰੀ ਬਾਬਾ ਗੁਰਦਿਤ ਸਿੰਘ ਕਾਮਾ ਗਾਟਾਮਾਰੂ ਦਾ ਸਾਥ ਦਿੱਤਾ। ਲੋਕਾਂ ਨੂੰ ਦੱਸਿਆ ਕਿ ਸਾਡੇ ਗੁਰੂ ਤਾਂ ਗੁਰੂ ਰਵਿਦਾਸ, ਬਾਬਾ ਵਾਲਮੀਕ, ਬਾਬਾ ਨਾਮਦੇਵ, ਬਾਬਾ ਕਬੀਰ ਜੀ ਹਨ। ਲੋਕਾਂ ਨੂੰ ਤੇ ਅੰਗਰੇਜ਼ਾਂ ਨੂੰ ਦੱਸਿਆ ਕਿ ਅਸੀਂ ਇਸ ਦੇਸ਼ ਦੇ ਅਸਲੀ ਵਾਸ਼ਿੰਦੇ ਹਾਂ ਤੇ ਮਨੂੰਵਾਦੀ, ਆਰੀਅਨ ਵਿਦੇਸ਼ੀ ਹਨ। ਇਸ ਤੋਂ ਇਲਾਵਾ ਵੋਟਰ ਬਣਨ ਲਈ, ਜ਼ਮੀਨ ਜਾਇਦਾਦ ਤੇ ਯੋਗਤਾ ਆਦਿ ਦੀਆਂ ਸ਼ਰਤਾਂ ਖਤਮ ਕਰਾ ਕੇ ਸਧਾਰਨ ਕਰਵਾਈਆਂ।

ਤਾਂ ਇਹ ਉਹ ਇਤਿਹਾਸ ਹੈ ਜਿਸ ਤੋਂ ਪੰਜਾਬ ਦੇ ਦਲਿਤ ਜੋ ਆਪਣੇ ਆਪ ਨੂੰ ਕਾਂਗਰਸੀ ਜਾਂ ਹਰੀਜਨ ਕਹਾਉਣ ਵਿਚ ਮਸ਼ਰੂਫ ਹਨ। ਕੁਝ ਇਕ ਟੁੱਕੜਬੋਚਾਂ ਨੇ ਆਪਣਾ ਇਤਿਹਾਸ ਘੱਟੇ ਪਾ ਕੇ 85 ਫੀਸਦੀ ਦਲਿਤ ਲੋਕਾਂ ਨਾਲ ਗਦਾਰੀ ਕੀਤੀ ਹੈ। ਦਲਿਤ ਲੋਕ ਇਸ ਗਦਾਰੀ ਨੂੰ ਭੁੱਲ ਨਹੀਂ ਸਕਣਗੇ।

ਪ੍ਰੰਤੂ ਅੱਜ ਦਲਿਤ ਸ਼ੋਸ਼ਿਤ ਸਮਾਜ ਜਾਗਿਆ ਹੈ। ਦਲਿਤ ਇਤਿਹਾਸ ਮੁੜ ਚੌਰਾਹੇ 'ਤੇ ਹੈ। ਡਾ. ਅੰਬੇਡਕਰ ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਵਾਰਸ ਅੱਜ ਸੁਚੇਤ ਹੋ ਕੇ ਤੁਰੇ ਹਨ, ਉਹ ਦਿਨ ਦੂਰ ਨਹੀਂ ਜਦੋਂ ਸਾਡਾ ਮਾਨਵੀ ਤੇ ਮਨੁੱਖੀ ਬਰਾਬਰੀ ਵਾਲਾ ਇਤਿਹਾਸ ਕੂੜ ਪਸਾਰੇ ਵਾਲੇ ਇਤਿਹਾਸ ਨੂੰ ਲੁਕਾ ਸਕੇਗਾ।

ਅੰਤ ਮੈਂ ਸਮੂਹ ਦਲਿਤਾਂ ਨੂੰ ਅਪੀਲ ਕਰਾਂਗਾ ਕਿ ਉਹ ਉਕਤ ਸੋਵੀਨਰ ਜ਼ਰੂਰ ਮੰਗਾਉਣ ਤੇ ਆਪਣੇ ਵਿਲੱਖਣ ਇਤਿਹਾਸਕ ਹੀਰੋਆਂ ਤੋਂ ਜਾਣੂ ਹੋ ਕੇ ਅੱਗੇ ਵਧਣ। ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ 'ਬਹੁਜਨ ਸੰਦੇਸ਼' ਨੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਤੇ ਵਿਸ਼ੇਸ਼ ਅੰਕ ਕੱਢ ਕੇ ਜਿੱਥੋਂ ਆਪਣੇ ਫਰਜ਼ ਨੂੰ ਨਿਭਾਇਆ ਹੈ, ਉਥੇ ਦਲਿਤਾਂ ਦੇ ਰੁਲ ਰਹੇ ਹੀਰੋ ਨੂੰ, ਵਿਸਰੇ ਜਾਂਦੇ ਇਤਿਹਾਸ ਨੂੰ ਦਲਿਤਾਂ ਅੱਗੇ ਪੇਸ਼ ਕੀਤਾ ਹੈ। ਇਸ ਲਈ ਕਿ ਜਦੋਂ ਤੱਕ ਅਸੀ ਆਪਣਾ ਇਤਿਹਾਸ ਨਹੀਂ ਜਾਣਦੇ, ਉਦੋਂ ਤੱਕ ਅੱਗੋਂ ਵੀ ਇਤਿਹਾਸ ਨਹੀਂ ਬਣਾ ਸਕਦੇ। ਇਸ ਸ਼ਲਾਘਾਯੋਗ ਕਦਮ ਲਈ 'ਬਹੁਜਨ ਸੰਦੇਸ਼' ਵਧਾਈ ਦਾ ਪਾਤਰ ਹੈ।

**- ਪ੍ਰੋ. ਗੁਰਨਾਮ ਸਿੰਘ, ਮੁਕਤਸਰ**
**ਧੰਨਵਾਦ ਸਹਿਤ**
**ਸ. ਫਤਿਹਜੰਗ ਸਿੰਘ (ਚੰਡੀਗੜ)**
**ਬਹੁਜਨ ਸੰਦੇਸ਼ 14 ਜੁਲਾਈ 1985**

# ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ (14 ਜਨਵਰੀ 1886 ਤੋਂ 22 ਅਪ੍ਰੈਲ 1980)

**(ਸਫਾ 26 ਦੀ ਬਾਕੀ)**

ਕਰਨ ਤੇ ਜਮੀਨਾਂ ਅਲਾਟ ਕੀਤੀਆ ਹਨ ਉਸੇ ਤਰਾਂ ਆਦਿ-ਧਰਮੀਆਂ ਨੂੰ ਵੀ ਜਮੀਨਾਂ ਅਲਾਟ ਕੀਤੀਆ ਜਾਣ। ਇਸ ਪੱਤਰ ਵਿੱਚ ਪਤਾ ਲੱਗਦਾ ਹੈ ਕਿ ਸਰਕਾਰ ਵਲੋ ਆਦਿ-ਧਰਮੀਆਂ ਨੂੰ ਵੀ ਜਮੀਨਾਂ ਅਲਾਟ ਕਰਨ ਦੀ ਸਕੀਮ ਬਣਾਈ ਹੋਈ ਹੈ। ਇਸ ਪੱਤਰ ਵਿੱਚ ਸੂਚੀ ਹੈ ਕਿ ਕਿਹੜੇ-ਕਿਹੜੇ ਸਥਾਨਾਂ ਤੇ ਆਦਿ-ਧਰਮੀਆਂ ਨੂੰ ਫੌਜ ਵਿੱਚ ਭਰਤੀ ਹੋਣ ਲਈ ਆਦਿ-ਧਰਮੰਡਲ ਨੇ ਕਾਨਫਰੰਸਾਂ ਕੀਤੀਆਂ ਜਿਵੇਂ ਕਿ ਕਾਲਾ ਬੱਕਰਾ ਜਲੰਧਰ, ਪਿੱਪਲਾਂਵਾਲਾ, ਮਾਹਿਲਪੁਰ, ਹਰਿਆਣਾ ਹਾਜੀਪੁਰ, ਜਿਲਾ ਹੁਸ਼ਿਆਰਪੁਰ, ਜਗਰਾਂਓ, ਪੀਰੋਂ ਦਾਖਾ, ਡੇਹਲੋਂ, ਜਿਲਾ ਲੁਧਿਆਣਾ, ਜਿਲਾ ਲਾਇਲਪੁਰ ਜੋ ਕਿ ਅੱਜਕੱਲ ਪਾਕਿਸਤਾਨ ਵਿੱਚ ਹੈ ,ਦਰੋਕਾ ਜਿਲਾ ਕਾਂਗੜਾਂ, ਮਿੰਟ-ਗੁੰਮਟੀ, ਮੁਲਤਾਨ, ਸਰਗੋਧਾ, ਸ਼ੈਖੂਪੁਰਾ, ਲਾਹੌਰ (ਹੁਣ ਪਾਕਿਸਤਾਨ 'ਚ), ਅੰਮ੍ਰਿਤਸਰ, ਗੁਰਦਾਸਪੁਰ ਅੰਬਾਲਾ (ਹੁਣ ਹਰਿਆਣਾ ਵਿੱਚ) ਅਤੇ ਸ਼ਿਮਲਾ ਜੋ ਕਿ ਅੱਜਕੱਲ ਹਿਮਾਚਲ ਪ੍ਰਦੇਸ਼ ਵਿੱਚ ਆਦਿ। ਇਸ ਪੱਤਰ ਉੱਪਰ ਬਾਬੂ ਮੰਗੂਰਾਮ ਮੁਗੋਵਾਲੀਆ ਪ੍ਰਧਾਨ, ਬਾਬੂ ਸ਼ਾਮ ਲਾਲ ਸਕੱਤਰ (ਬਾਬੂ ਲੱਭੂ ਰਾਮ ਸੂਚੀ ਪਿੰਡ ਪ੍ਰਧਾਨ ਪ੍ਰਬੰਧਕੀ ਕਮੇਟੀ ) ਬਾਬੂ ਰਾਮ ਚੰਦ ਸਹਾਇਕ ਸਕੱਤਰ ਅਤੇ ਸੰਪਾਦਕ ਉਆਦਿ ਡੰਕਾਂ "ਬਾਬੂ ਸੰਤ ਰਾਮ ਅਜਾਦ ਮਿਸ਼ਨਰੀ ਸੇਠ ਕਿਸ਼ਨ ਦਾਸ ਐਮ.ਐਲ.ਏ ਖਜਾਨਚੀ, ਬਾਬੂ ਸੰਸਾਰ ਚੰਦ ਮਹਾਂ ਉੱਪਦੇਸ਼ਕ, ਪੂਰਨ ਚੰਦ ਰਮਤਾ ਪ੍ਰਚਾਰਕ, ਖੇਮ ਚੰਦ ਪ੍ਰਚਾਰਕ (ਇਹਨਾ ਦੇ ਨਾਮ ਤੇ ਲੀਕ ਵੱਜੀ ਹੈ) ਦੋ ਨਾਮ ਟਾਈਪ ਹਨ।

**ਗਵਰਨਰ ਪੰਜਾਬ ਨੂੰ ਯਾਦ ਪੱਤਰ**

18-05-1934 ਨੂੰ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਨੇ ਪੰਜਾਬ ਦੇ ਗਵਰਨਰ ਨੂੰ ਇੱਕ ਮੈਮੋਰੰਡਮ ਦਿੱਤਾ ਕਿ ਆਦਿ-ਧਰਮੀ ਲੜਕੀਆਂ ਨਾਲ ਹਿੰਦੂ ਸਿੱਖ ਸਰਮਾਏਦਾਰ ਜਗੀਰਦਾਰਾਂ ਨੇ ਬਲਾਤਕਾਰ ਕੀਤੇ ਜਿਹਨਾ ਦੇ ਨਾਂ ਪਤੇ ਦਿੱਤੇ ਹਨ ਜੋ ਜ਼ਿਲ੍ਹਾ ਹੁਸ਼ਿਆਰਪੁਰ, ਜਲੰਧਰ ਅਤੇ ਲੁਧਿਆਣੇ ਨਾਲ ਸਬੰਧਤ ਹਨ । ਇਸ ਲਈ ਸ਼ਾਰਧਾ ਐਕਟ ਨੂੰ ਜੁੰਮੇਵਾਰ ਦੱਸਿਆ। ਪ੍ਰੋਫੈਸ਼ਨਲ ਟੈਕਸ ਨੂੰ ਆਦਿ-ਧਰਮੀਆਂ ਨੂੰ ਦਬਾਉਣ ਵਾਲਾ ਦੱਸਿਆ ਕਿ ਜੇ ਉਹ ਆਪਣਾ ਧਰਮ ਹਿੰਦੂ , ਸਿੱਖ, ਇਸਲਾਮ ਦੱਸਣ ਤਾਂ ਇਹ ਟੈਕਸ ਨਹੀ ਲਾਉਦੇ। ਇਸ ਦਾ ਹੱਲ ਦੱਸਦਿਆ ਬਾਬੂ ਮੰਗੂ ਰਾਮ ਮੁਗੋਵਾਲੀਆ ਨੇ ਲਿਖਿਆ ਕਿ ਸਾਨੂੰ ਸ਼ਾਸ਼ਨ ਅਤੇ ਪ੍ਰਸ਼ਾਸ਼ਨ ਵਿੱਚ ਬਣਦਾ ਹੱਕ ਦਿੱਤਾ ਜਾਵੇ ਅਤੇ ਪ੍ਰੋਫੈਸ਼ਨਲ ਟੈਕਸ ਉਗਰਾਹਣ ਦੇ ਅਧਿਕਾਰ ਦੇਣ ਲਈ ਕਿਹਾ। ਤੀਜੀ ਮੰਗ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਲਈ ਕੀਤੀ। ਇਹ ਯਾਦ ਪੱਤਰ ਵੀ ਕਿਸ਼ਨ ਸਟੀਮ ਪ੍ਰੈਸ ਰੇਲਵੇ ਰੋਡ ਜਲੰਧਰ ਸ਼ਹਿਰ ਵਿੱਚ ਛਪਿਆ ਹੈ।

ਇਹ ਤਾਂ ਕੁੱਝ ਦਸਤਾਵੇਜ ਜੋ ਆਪ ਦੇ ਸਨਮੁਖ ਰੱਖੇ ਹਨ। ਖੋਜ ਵਿਦਿਆਂਰਥੀਆਂ ਲਈ ਅੱਗੇ ਰੱਖੇ ਹਨ। ਅੰਤ ਵਿੱਚ ਕਿਸੇ ਸ਼ਾਇਰ ਦੇ ਸ਼ਬਦ ਦੁਹਰਾਉਣਾ ਚਾਹੁੰਦਾ ਹਾਂ:

ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਤੇ ਬਣੀਆਂ ਸੰਸਥਾਂ ਨੂੰ ਬੇਨਤੀ।

ਸਾਡੀ ਕੌਮ ਦੇ ਸਿਰਫ ਇੱਕੋ-ਇੱਕ ਮਹਾਨ ਲੀਡਰ, ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆਂ, ਜਿਨ੍ਹਾਂ ਨੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਨੂੰ ਗੁਰੂ ਧਾਰਿਆ ਅਤੇ ਭਗਤ ਰਵਿਦਾਸ ਨੂੰ ਗੁਰੂ ਰਵਿਦਾਸ ਦੀ ਮਾਨਤਾ ਭਾਰਤੀ ਸਮਾਜ ਤੋਂ ਸੰਘਰਸ਼ ਕਰਕੇ ਪ੍ਰਾਪਤ ਕੀਤੀ। ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੇ ਨਾਮ ਤੇ ਬਣੀਆਂ ਸੰਸਥਾਂ ਅਤੇ ਹੋਰਨਾਂ ਸਮਾਜ ਭਲਾਈ ਸੰਸਥਾਵਾਂ ਨੂੰ ਬੇਨਤੀ ਹੈ ਕਿ ਹਰ ਸਾਲ ਬਾਬੂ ਜੀ ਦਾ ਜਨਮ ਦਿਨ ਅਤੇ ਬਰਸੀ ਮਨਾ ਕੇ ਸਾਡੇ ਸਮਾਜ ਦੇ ਇਸ ਚਾਨਣ ਮੁਨਾਰੇ ਦੀ ਮਿੱਠੀ ਯਾਦ ਨੂੰ ਤਾਜ਼ਾ ਰੱਖਣ।

"ਨਾਮ ਮੰਗੂ ਰਾਮ ਦਾ ਭੁੱਲਣਾ ਨਹੀਂ ਚਾਹੀਦਾ,
ਹੀਰਾ ਅਨਮੋਲ ਮਿੱਟੀ ਵਿੱਚ ਰੁਲਣਾ ਨਹੀ ਚਾਹੀਦਾ"

**- ਸੀ. ਐਲ ਚੁੰਬਰ**
**ਜਲੰਧਰ ਸ਼ਹਿਰ, ਪੰਜਾਬ**

**ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਸਪੁੱਤਰ ਚਤਰ ਸੈਨ ਦੁਆਰਾ ਦਸੰਬਰ 1985 ਵਿਚ 'ਕੌਮੀ ਉਡਾਰੀਆਂ' ਦੇ ਸੰਪਾਦਕ ਸ੍ਰੀ ਸੀ. ਐਲ. ਚੁੰਬਰ ਨੂੰ ਭੇਜਿਆ ਗਿਆ ਪੱਤਰ**

**ਚਤਰ ਸੈਨ ਸਪੁੱਤਰ ਬਾਬੂ ਮੰਗੂ ਰਾਮ ਮੁੱਗੋਵਾਲੀਆ**

ਗੜ੍ਹਸ਼ੰਕਰ (ਹੁਸ਼ਿਆਰਪੁਰ)- ਆਪ ਜੀ ਨੇ ਬਾਬੂ ਜੀ ਦੀ 99ਵੀਂ ਜਨਮ ਵਰ੍ਹੇਗੰਢ ਉਤੇ ਸੋਵੀਨਰ ਛਾਪ ਕੇ ਕਈ ਸਾਲਾਂ ਤੋਂ ਅਧੂਰਾ ਪਿਆ ਕੰਮ ਸਿਰੇ ਚਾੜ੍ਹ ਦਿੱਤਾ ਹੈ ਅਤੇ ਆਦਿ-ਧਰਮੀ ਕੌਮ ਉਤੇ ਇਕ ਬਹੁਤ ਵੱਡਾ ਅਹਿਸਾਨ ਕਰ ਦਿੱਤਾ ਹੈ।

You have done a very big task which was lying pending from many years.

ਤੁਹਾਡੇ ਇਸ ਕੰਮ ਦੀ ਜਿੰਨੀ ਸ਼ਲਾਘਾ ਕਰ ਲਈ ਜਾਵੇ ਉਨੀ ਹੀ ਥੋੜ੍ਹੀ ਹੈ। ਤੁਸੀਂ ਸਾਡੇ ਕੰਮ ਨੂੰ ਆਪਣਾ ਨਿੱਜੀ ਕੰਮ ਸਮਝ ਕੇ ਬੜੀ ਮਿਹਨਤ ਅਤੇ ਲਗਨ ਨਾਲ ਬਾਬੂ ਜੀ ਬਾਰੇ ਸੋਵੀਨਰ ਛਾਪ ਕੇ ਸਾਡੀ ਖਵਾਹਿਸ਼ ਪੂਰੀ ਕੀਤੀ ਹੈ, ਇਸ ਲਈ ਤੁਹਾਡਾ ਇਹ ਅਹਿਸਾਨ ਜ਼ਿੰਦਗੀ ਭਰ ਨਹੀਂ ਭੁੱਲ ਸਕਦੇ। ਅਸੀਂ ਆਪ ਜੀ ਦੇ ਅਤੀ ਧੰਨਵਾਦੀ ਹਾਂ। ਜਿੰਨਾ ਸਤਿਕਾਰ ਤੁਹਾਡੇ ਲਈ ਸਾਡੇ ਦਿਲ ਵਿਚ ਹੈ, ਉਹ ਚਿੱਠੀ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਤੁਸੀਂ ਸਾਡਾ ਹੀ ਨਹੀਂ ਬਲਕਿ ਸਾਰੀ ਕੌਮ ਦਾ ਸਿਰ ਉਚਾ ਕੀਤਾ ਹੈ ਅਤੇ ਮਨੂੰਵਾਦੀਆਂ ਦੇ ਮੂੰਹ ਉਤੇ ਕਰਾਰੀ ਚਪੇੜ ਮਾਰੀ ਹੈ।

ਹੁਣ ਬਾਬੂ ਜੀ ਦੀ 14 ਜਨਵਰੀ 1986 ਨੂੰ ਜਨਮ ਸ਼ਤਾਬਦੀ ਆ ਰਹੀ ਹੈ। ਅਸੀਂ ਇਹ ਸ਼ੁਭ ਦਿਹਾੜਾ ਗੜ੍ਹਸ਼ੰਕਰ ਵਿਖੇ ਬੜੀ ਧੂਮ ਧਾਮ ਨਾਲ ਮਨਾਉਣਾ ਚਾਹੁੰਦੇ ਹਾਂ। ਇਸ ਮੌਕੇ ਉਤੇ ਤੁਹਾਡਾ ਸਨਮਾਨ ਭੀ ਕੀਤਾ ਜਾਵੇਗਾ।

# ਇਨਸਾਨੀਅਤ ਦੇ ਪਹਿਰਦਾਰ ਸਨ ਸਤਵੰਤ ਸਿੰਘ ਬੈਂਸ

ਬਲਜਿੰਦਰ ਮਾਨ
91-98150-18947

ਖੇਡ ਜਗਤ ਦੇ ਉੱਘੇ ਹਸਤਾਖਰ ਸਤਵੰਤ ਸਿੰਘ ਬੈਂਸ 2 ਜਨਵਰੀ 2021 ਨੂੰ ਇਸ ਸੰਸਾਰ ਨੂੰ ਅਲਵਿਦਾ ਆਖ ਗਏ।ਉਹਨਾਂ ਆਪਣਾਂ ਸਾਰਾ ਜੀਵਨ ਪੰਜਾਬ ਅਤੇ ਕੈਨੇਡਾ ਦੀ ਜੁਆਨੀ ਨੂੰ ਨਰੋਆ ਬਨਾਉਣ ਲੇਖੇ ਲਾਇਆ।ਸਤਵੰਤ ਸਿੰਘ ਬੈਂਸ, ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਦੇ ਬਾਨੀਆਂ ਵਿਚੋਂ ਇਕ ਸਨ।ਪੰਜਾਬ ਦੇ ਮਸ਼ਹੂਰ ਕਲੱਬਾਂ ਬੰਗਾ, ਜਲੰਧਰ, ਗੜ੍ਹਸ਼ੰਕਰ ਅਤੇ ਮਾਹਿਲਪੁਰ ਦੇ ਸਰਪ੍ਰੱਸਤ ਅਤੇ ਸੰਚਾਲਕ ਰਹੇ। ਫੁੱਟਬਾਲ ਦੀ ਗੱਲ ਜਿੱਥੇ ਵੀ ਹੋਵੇ ਉਹ ਉਥੇ ਨਵਿਆਂ ਨੂੰ ਦੁਲਾਰਨ ਲਈ ਪੁੱਜ ਜਾਂਦੇ ਸਨ।ਹਰ ਮਾਮਲੇ ਵਿਚ ਨੇਕ ਰਾਇ ਦੇ ਕੇ ਸਹੀ ਮਾਰਗ ਦਰਸ਼ਨ ਕਰਦੇ।ਕੈਨੇਡਾ ਵਿਚ ਵਸਦੇ ਹੋਣ ਦੇ ਬਾਵਜੂਦ ਪੰਜਾਬ ਦੀ ਮਿੱਟੀ ਨਾਲ ਜੁੜੇ ਰਹੇ।ਆਪਣੀ ਘਾਲਣਾ ਨਾਲ ਜੁਆਇੰਟ ਸਪੋਰਟਸ ਡਾਇਰੈਕਟਰ ਪੰਜਾਬ ਦੇ ਅਹੁਦੇ ਤਕ ਮੱਲਾਂ ਮਾਰੀਆਂ।ਪੰਜਾਬ ਸਰਕਾਰ ਨੂੰ ਭੇਜੀ ਗਈ ਅਕਾਡਮੀਆਂ ਦੀ ਤਜਵੀਜ਼, ਉਸਦੀ ਕੜ੍ਹੇ ਹੋਏ ਦੁੱਧ ਵਰਗੀ ਭਾਵਨਾ ਦਾ ਹੀ ਸਿੱਟਾ ਸੀ।ਇਲਾਕੇ ਦੀ ਰੁਚੀ ਅਨੁਸਾਰ ਅਕਾਡਮੀ ਦੀ ਸਥਾਪਨਾ ਕਰਨਾ,ਉਥੇ ਉਸ ਖੇਡ ਦੀ ਨਰਸਰੀ ਤਿਆਰ ਕਰਨਾ ਸਮੇਂ ਦੀ ਮੰਗ ਸੀ। ਇਹ ਵਿਚਾਰਵਾਨ ਸੱਜਣ ਆਪਣੀ ਅਮੀਰ ਖੇਡ ਵਿਰਾਸਤ ਨੂੰ ਸੰਭਾਲਣ ਅਤੇ ਅਗਲੀ ਪੀੜ੍ਹੀ ਦੇ ਹਵਾਲੇ ਕਰਨ ਵਿਚ ਜ਼ਿਕਰਯੋਗ ਭੂਮਿਕਾ ਨਿਭਾਉਂਦੇ ਰਹੇ।

ਸਤਵੰਤ ਸਿੰਘ ਬੈਂਸ ਉਹ ਸ਼ਖਸ਼ੀਅਤ ਸਨ ਜਿਸਨੇ ਆਪਣੇ ਜੀਵਨ ਦੀ ਸ਼ੁਰੂਆਤ ਇਕ ਫੁੱਟਬਾਲ ਖਿਡਾਰੀ ਵਜੋਂ ਕੀਤੀ।ਇਸੇ ਕਲਾ ਸਦਕਾ ਉਹ ਕੋਚ,ਡੀ ਐਸ ਓ ਤੇ ਫਿਰ ਜੁਆਂਇੰਟ ਡਾਇਰੈਕਟਰ ਸਪੋਰਟਸ ਪੰਜਾਬ ਦੇ ਅਹੁਦੇ ਤੋਂ 1994 ਵਿਚ ਸੇਵਾ ਮੁਕਤ ਹੋਏ।ਉਚਾ ਲੰਬਾ ਕੱਦ ਅਤੇ ਸਡੌਲ ਸਰੀਰ ਉਹਨਾਂ ਦੇ ਉੱਤਮ ਖਿਡਾਰੀ ਹੋਣ ਦੀ ਗਵਾਹੀ ਭਰਦਾ।ਉਸਦਾ ਸੁਭਾਅ ਬਾਕੀਆਂ ਨਾਲੋਂ ਥੋੜ੍ਹਾ ਹਟਵਾਂ ਸੀ ਭਾਵ ਇਹ ਕਿ ਜਿਹੜਾ ਕਾਰਜ ਭਲੇ ਦਾ ਹੋਵੇ ਉਸ ਵਿਚ ਉਹ ਸਦਾ ਹਿੱਸੇਦਾਰ ਰਹਿੰਦੇ ਹਨ।1995 ਵਿਚ ਜਦੋਂ ਉਹਨਾਂ ਮੇਰੇ ਦੁਆਰਾ



ਤਿਆਰ ਕੀਤੇ ਫੁੱਟਬਾਲ ਖਿਡਾਰੀਆਂ ਦੇ ਪ੍ਰੋਜੈਕਟ ਬਾਰੇ ਸੁਣਿਆ ਤਾਂ ਉਹਨਾਂ ਇਸ ਖਜ਼ਾਨੇ ਨੂੰ ਸੰਭਾਲਣ ਲਈ ਪੁਸਤਕ ਛਾਪਣ ਦੀ ਯੋਜਨਾ ਤਿਆਰ ਕਰ ਦਿੱਤੀ।ਖੇਡ ਦੇ ਮੈਦਾਨ ਵਿਚ ਓਹਨਾਂ ਅਨੇਕਾਂ ਮੱਲਾਂ ਮਾਰਕੇ ਵੀ ਕਦੀ ਸਾਹ ਨਹੀਂ ਲਿਆ।ਆਪਣੇ ਫਰਜ਼ਾਂ ਤੋਂ ਕਦੀ ਅਵੇਸਲੇ ਨਹੀਂ ਹੋਏ ਸਗੋਂ ਹਰ ਸਮੇਂ ਫੁੱਟਬਾਲ ਜਗਤ ਦੀ ਬਿਹਤਰੀ ਬਾਰੇ ਵਿਉਂਤਾਂ ਬਣਾਉਂਦੇ ਰਹਿੰਦੇ।ਮਾਹਿਲਪੁਰ ਵਿਖੇ ਫੁੱਟਬਾਲ ਅਕਾਡਮੀ ਨੂੰ ਖੁਲ੍ਹਵਾਉਣ ਲਈ ਉਹਨਾਂ ਪਹਿਲਾਂ ਹੀ ਤਜਵੀਜ਼ ਦੇ ਦਿੱਤੀ ਸੀ।ਇੰਝ ਉਹਨਾਂ ਨੇ ਹੋਰ ਖੇਡਾਂ ਦੇ ਸੁਧਾਰ ਲਈ ਵੀ ਅਕਾਡਮੀਆਂ ਦੀ ਤਜਵੀਜ਼ ਦੇ ਕੇ ਅਮਲੀ ਜਾਮਾ ਪਹਿਨਾਇਆ।

ਕਸਬਾ ਮਾਹਿਲਪੁਰ ਦੇ ਨੰਬਰਦਾਰ ਸਰਦਾਰ ਅਜਮੇਰ ਸਿੰਘ ਦੇ ਘਰ ਸਤਵੰਤ ਸਿੰਘ ਸੱਤੋ ਨੇ 10 ਜਨਵਰੀ 1936 ਨੂੰ ਜਨਮ ਲਿਆ।ਇਥੋਂ ਦੇ ਖਾਲਸਾ ਕਾਲਜ ਵਿਚ ਪੜ੍ਹਦਾ ਹੀ 1953 ਅਤੇ 1955 ਦੇ ਸਾਲਾਂ ਵਿਚ ਕਾਲਜ ਨੂੰ ਪੰਜਾਬ ਯੂਨੀਵਰਸਿਟੀ ਫੁੱਟਬਾਲ ਚੈਂਪੀਅਨਸ਼ਿਪ ਜਿੱਤਾ ਗਿਆ।ਆਲ ਇੰਡੀਆ ਇੰਟਰ ਯੂਨੀਵਰਸਿਟੀ ਚੈਂਪੀਅਨਸ਼ਿਪ ਜਿੱਤਣ ਵਾਲੀ ਟੀਮ (1958) ਦਾ ਉਹ ਕਪਤਾਨ ਸੀ।ਇਸੇ ਸਾਲ ਉਹ ਇੰਡੀਆ ਯੂਨੀਵਰਸਿਟੀ ਫੁੱਟਬਾਲ ਟੀਮ ਵਿਚ ਕਾਬਲ ਗਿਆ।ਨੈਸ਼ਨਲ ਫੁੱਟਬਾਲ ਚੈਂਪੀਅਨਸ਼ਿਪ ਵਿਚ ਉਸਨੇ 1956,57,58 ਦੇ ਸਾਲਾਂ ਵਿਚ ਚੰਗੇ ਅੰਕ ਪ੍ਰਾਪਤ ਕੀਤੇ।ਪਟਿਆਲੇ ਤੋਂ ਡੀ.ਪੀ ਐਡ ਅਤੇ 1961ਵਿਚ ਇਥੋਂ ਐਨ ਆਈ ਐਸ ਕਰਨ ਉਪਰੰਤ ਵਧੀਆ ਖਿਡਾਰੀ ਦੇ ਨਾਲ ਨਾਲ ਇਕ ਕੁਸ਼ਲ ਕੋਚ ਵੀ ਬਣ ਗਿਆ। ਜ਼ਿਲ੍ਹਾ ਸਪੋਰਟਸ ਅਫ਼ਸਰ ਦੇ ਅਹੁਦੇ ਤੇ ਕੰਮ ਕਰਦਿਆਂ ਪੰਜਾਬ ਦੇ ਕਈ ਜ਼ਿਲ੍ਹਿਆਂ ਦੀਆਂ ਖੇਡ ਗਤੀਵਿਧੀਆਂ ਨੂੰ ਸਰਗਰਮ ਕੀਤਾ।ਇਹਨਾਂ ਪ੍ਰਾਪਤੀਆਂ ਨੂੰ ਦੇਖਦਿਆਂ ਮਹਿਕਮੇ ਨੇ ਉਹਨਾਂ ਨੂੰ ਜਲੰਧਰ ਵਿਖੇ ਡਿਪਟੀ ਡਾਇਰੈਕਟਰ ਸਪੋਰਟਸ ਪੰਜਾਬ ਦੀਆਂ ਸੇਵਾਵਾਂ ਨਿਭਾਉਣ ਦਾ ਜ਼ਿੰਮਾ ਦੇ ਦਿੱਤਾ।ਫਿਰ ਉਹਨਾਂ ਦੇ ਕਾਰਜ ਖੇਤਰ ਦਾ ਘੇਰਾ ਹੋਰ ਵੀ ਵਿਸ਼ਾਲ ਹੋ ਗਿਆ।ਇੰਝ ਉਹਨਾਂ ਨੇ ਖੇਡ ਅਧਿਕਾਰੀਆਂ ਨਾਲ ਸਲਾਹ ਮਸ਼ਵਰੇ ਕਰਕੇ ਪੇਸ਼ ਆ ਰਹੀਆਂ ਮੁਸ਼ਕਿਲਾਂ ਨੂੰ ਦੂਰ ਕਰਕੇ ਖੇਡ ਜਗਤ ਨੂੰ ਬਿਹਤਰ ਬਣਾਉਣ ਦੇ ਸਫ਼ਲ ਉਪਰਾਲੇ ਕੀਤੇ।ਇਥੇ ਹੀ ਬਸ ਨਹੀਂ ਉਹਨਾਂ ਦੀ ਕੋਚਿੰਗ ਹੇਠ ਕਈ ਕੌਮੀ ਅਤੇ ਕੌਮਾਂਤਰੀ ਪੱਧਰ ਦੇ ਖਿਡਾਰੀ ਵੀ ਬਣੇ।ਇਹਨਾਂ ਉਤੇ ਉਹ ਫਖਰ ਕਰਦੇ ਹੋਏ ਆਖਦੇ ਸਨ ਕਿ ਕੋਚ ਦਾ ਸਰਮਾਇਆ ਉਹਨਾਂ ਦੇ ਖਿਡਾਰੀ ਹੀ ਹੁੰਦੇ ਹਨ। ਉਹ ਪ੍ਰਿੰਸੀਪਲ ਹਰਭਜਨ ਸਿੰਘ ਟੂਰਨਾਮੈਂਟ ਦੇ ਸਿਲਵਰ ਜੁਬਲੀ ਸਮਾਰੋਹ ਸਮੇਤ ਕਈ ਹੋਰ ਦੇਸ਼ ਵਿਦੇਸ਼ ਦੇ ਵੱਕਾਰੀ ਸਨਮਾਨ ਹਾਸਲ ਕਰ ਚੁੱਕੇ ਸਨ।ਭਾਵੇਂ ਉਹ ਪਰਿਵਾਰ ਸਮੇਤ ਕੈਨੇਡਾ ਵਸ ਗਏ ਸਨ ਪਰ ਉਹਨਾਂ ਦੀ ਰੂਹ ਹਮੇਸ਼ਾਂ ਮਾਹਿਲਪੁਰ ਦੀਆਂ ਫੁੱਟਬਾਲ ਸਰਗਰਮੀਆਂ ਵਿਚ ਰਚੀ ਰਹਿੰਦੀ।ਉਹਨਾਂ ਦੀ ਇੱਛਾ ਸੀ ਕਿ ਮਾਹਿਲਪੁਰ ਭਾਰਤ ਦਾ 'ਸੌਕਰ ਸਿਟੀ' ਬਣੇ ਜਿਸਨੂੰ ਦੇਖਣ ਲਈ ਪੂਰੀ ਦੁਨੀਆਂ ਚੋਂ ਯਾਤਰੀ ਆਉਂਦੇ ਜਾਂਦੇ ਰਹਿਣ।ਅਜਿਹੀਆਂ ਨਿਰਸਵਾਰਥੀ ਹਸਤੀਆਂ ਨੂੰ ਸਦਾ ਯਾਦ ਰੱਖਿਆ ਜਾਵੇਗਾ।

### 9 ਜਨਵਰੀ ਭੋਗ 'ਤੇ ਵਿਸ਼ੇਸ਼

# ਫੁੱਟਬਾਲ ਕੋਚ ਅਵਤਾਰ ਸਿੰਘ ਤਾਰੀ ਸਦਾ ਯਾਦ ਰਹਿਣਗੇ

31 ਦਸੰਬਰ ਦੀ ਸ਼ਾਮ ਸਾਡੇ ਲਈ ਇਕ ਮਨਹੂਸ ਖਬਰ ਉਘੇ ਫੁੱਟਬਾਲ ਕੋਚ ਅਤੇ ਕੁਮੈਂਟਟੇਟਰ ਅਵਤਾਰ ਸਿੰਘ ਤਾਰੀ ਦੀ ਮੌਤ ਦੀ ਲੈ ਕੇ ਆਈ।ਜਿਸ ਕਾਰਨ ਮਾਹਿਲਪੁਰ ਦੇ ਖੇਡ ਹਲਕਿਆਂ ਵਿਚ ਸੋਗ ਪਸਰ ਗਿਆ।ਉਹ ਹਰ ਕਿਸੇ ਦੇ ਪਿਆਰ ਅਤੇ ਸਤਿਕਾਰ ਦੇ ਪਾਤਰ ਰਹੇ।ਆਪਣੇ ਸੁੰਦਰ ਸ਼ਬਦਾਂ ਦੀ ਮਾਲਾ ਨਾਲ ਉਹ ਸਭ ਨੂੰ ਨਿਹਾਲ ਕਰ ਜਾਂਦੇ।ਪੰਜਾਬ ਦੇ ਅਨੇਕਾਂ ਫੁੱਟਬਾਲ ਮੁਕਾਬਲਿਆਂ ਵਿਚ ਉਹ ਆਪਣੀ ਅਹਿਮ ਭੂਮਿਕਾ ਨਾਲ ਹਮੇਸ਼ਾਂ ਚਰਚਾ ਵਿਚ ਰਹਿੰਦੇ।ਨਿਮਰਤਾ ਅਤੇ ਸਾਦਗੀ ਨਾਲ ਜੀਵਨ ਨੂੰ ਸਦਾ ਚੜ੍ਹਦੀ ਕਲਾ ਵਿਚ ਰਹਿ ਕੇ ਜੀਵਿਆ।

ਪਿੰਡ ਫਤਿਹਪੁਰ ਕੋਠੀ ਵਿਚ 15 ਅਪ੍ਰੈਲ 1948 ਨੂੰ ਸ.ਬੀਰ ਸਿੰਘ ਅਤੇ ਮਾਤਾ ਭਜਨ ਕੌਰ ਦੇ ਘਰ ਜਨਮ ਲੈਣ ਵਾਲਾ ਅਵਤਾਰ ਸਿੰਘ ਤਾਰੀ ਪਹਿਲੇ ਪਹਿਲ ਆਰਮੀ ਸਿੱਖ ਸੈਂਟਰ ਵਿਚ ਵਧੀਆ ਫੁਟਬਾਲਰ ਰਿਹਾ।ਬਾਅਦ ਵਿਚ ਜੇ.ਸੀ.ਟੀ ਰਾਹੀਂ ਖੇਡ ਨਾਲ ਉਸਦਾ ਨਾਤਾ ਜੁੜਿਆ ਰਿਹਾ।ਫਿਰ ਆਪਣੀ ਰੋਜ਼ੀ ਰੋਟੀ ਕਮਾਉਂਦਾ ਕੋਚਿੰਗ ਵੀ ਕਰਦਾ ਰਿਹਾ।ਉਸ ਕੋਲ ਇਕੋ ਵੇਲੇ ਕਈ ਗੁਣ ਸਨ।ਖੇਡਣਾ,ਕੋਚਿੰਗ ਅਤੇ ਪ੍ਰਬੰਧਕ ਤੋਂ ਇਲਾਵਾ ਵਧੀਆ ਕੰਮੈਂਟੇਟਰੀ ਕਰਨੀ।ਮੇਰੇ ਸਰਕਾਰੀ ਰੁਝੇਂਵਿਆਂ ਕਾਰਨ ਉਸਨੇ ਮਾਹਿਲਪੁਰ ਇਲਾਕੇ ਦੇ ਸਭ ਟੂਰਨਾਮੈਂਟ ਦਾ ਮੰਚ ਸੰਚਾਲਨ ਕੀਤਾ।ਇਸ ਕਾਰਜ ਲਈ ਮੈਂਨੂੰ ਜਦੋਂ ਵੀ ਕੋਈ ਪ੍ਰਬੰਧਕ ਫੋਨ ਕਰਦਾ ਤਾਂ ਮੈਂ ਆਪਣੀ ਡਿਊਟੀ ਦੀ ਮਜ਼ਬੂਰੀ ਦੱਸ ਕੇ ਅਵਤਾਰ ਤਾਰੀ ਨਾਲ ਸੰਪਰਕ ਕਰਨ ਦੀ ਸਲਾਹ ਦੇ ਦਿੰਦਾ।ਪ੍ਰਿੰਸੀਪਲ ਹਰਭਜਨ ਸਿੰਘ ਟੂਰਨਾਮੈਂਟ ਵਿਚ ਮੇਰੇ ਨਾਲ ਉਸਦਾ ਸਾਥ ਹੀ ਇਸ ਟੂਰਨਾਮੈਂਟ ਨੂੰ ਚਾਰ ਚੰਨ ਲਾਉਂਦਾ ਰਿਹਾ।ਉਸ ਕੋਲ ਗਿਆਨ ਅਤੇ ਖੇਡ ਜੁਗਤਾਂ ਦਾ ਵੀ ਭੰਡਾਰ ਸੀ।ਜਿਸ ਕਰਕੇ ਉਹ ਇਤਿਹਾਸਕ ਛੋਹਾਂ ਨਾਲ ਆਪਣੀ ਕੁਮੈਂਟਰੀ ਨੂੰ ਰੌਚਕ ਬਣਾ ਦਿੰਦਾ ਸੀ।

ਉਹ 1966 ਵਿਚ ਆਰਮੀ ਸਿੱਖ ਸੈਂਟਰ ਵਿਚ ਭਰਤੀ ਹੋ ਕੇ ਡਵੀਜ਼ਨ ਪੱਧਰੀ ਮੁਕਾਬਲਿਆਂ ਵਿਚ ਆਪਣੀ ਚਰਚਾ ਕਰਵਾਉਂਦਾ ਰਿਹਾ।1973 ਵਿਚ ਜੇ.ਸੀ.ਟੀ ਵਿਚ ਵੀ ਰਿਹਾ।ਇਸੇ ਸਾਲ ਲੀਡਰ ਕਲੱਬ ਦਾ ਰਲੇਵਾਂ ਜੇ.ਸੀ.ਟੀ ਵਿਚ ਹੋ ਗਿਆ ਸੀ।ਆਪਣੀਆਂ ਖੇਡ ਕਲਾਵਾਂ ਨਾਲ ਐਮ.ਪੀ ਹਾਈ ਸਕੂਲ ਮੈਲੀ ਵਿਚ ਵੀ ਖੇਡਦਾ ਰਿਹਾ।ਅਰਜਨ ਅਵਾਰਡੀ ਜਰਨੈਲ



ਸਿੰਘ ਅਤੇ ਸਤਵੰਤ ਸਿੰਘ ਬੈਂਸ ਦੇ ਸੰਗ ਨੇ ਉਸਦੀ ਕਲਾ ਨੂੰ ਪ੍ਰਫੁੱਲਤ ਕਰਨ ਵਿਚ ਅਹਿਮ ਭੂਮਿਕਾ ਅਦਾ ਕੀਤੀ। ਅਠਾਰਾਂ ਸਾਲ ਸ਼ੂਗਰ ਮਿੱਲ ਦੀ ਸੇਵਾ ਕਰਨ ਉਪਰੰਤ ਮੁੜ ਮਾਹਿਲਪੁਰ ਵਿਚ ਸਰਗਰਮ ਹੋ ਗਿਆ।

ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ ਵਿਚ ਕੋਚ ਵਜੋਂ ਭਰਤੀ ਹੋਇਆ ਤਾਂ ਖਿਡਾਰੀਆਂ ਨੂੰ ਉਚੇਰੀਆਂ ਪ੍ਰਾਪਤੀਆਂ ਵੱਲ ਤੋਰਿਆ।ਜੀਵਨ ਦੀਆਂ ਤੰਗੀਆਂ ਤੁਰਸ਼ੀਆਂ ਨਾਲ ਦੋ ਚਾਰ ਹੁੰਦਾ ਹੋਇਆ ਆਪਣੀਆਂ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਂਦਾ ਰਿਹਾ।


ਅਜ ਉਸਦੀ ਜੀਵਨ ਸਾਥਣ ਜਸਵੰਤ ਕੌਰ, ਬੇਟੇ ਅਮਨਦੀਪ ਸਿੰਘ ਅਤੇ ਯਾਦਵਿੰਦਰ ਸਿੰਘ ਉਸਦੀਆਂ ਯਾਦਾਂ ਦਾ ਸਰਮਾਇਆ ਸੰਭਾਲ ਰਹੇ ਹਨ।ਬੱਬਰਾਂ ਦੀ ਉਡਾਰੂ ਪ੍ਰੈਸ ਇਹਨਾਂ ਦੇ ਬਜ਼ੁਰਗਾਂ ਦੇ ਸਹਿਯੋਗ ਨਾਲ ਚੱਲਦੀ ਰਹੀ।ਇਸ ਤਰ੍ਹਾਂ ਉਸਦੇ ਪਰਿਵਾਰ ਦਾ ਇਤਿਹਾਸ ਆਜ਼ਾਦੀ ਦੀ ਜੰਗ ਨਾਲ ਜਾ ਜੁੜਦਾ ਹੈ।ਜਿਸਤੇ ਖੋਜ ਕਾਰਜ ਹੋਣਾ ਅਜੇ ਬਾਕੀ ਹੈ।ਅਵਤਾਰ ਸਿੰਘ ਤਾਰੀ ਨੇ ਫੁੱਟਬਾਲ ਜਗਤ ਵਿਚ ਹੀ ਨਹੀਂ ਸਗੋਂ ਹੋਰ ਖੇਤਰਾਂ ਵਿਚ ਸਿੱਧੇ ਤੇ ਅਸਿੱਧੇ ਤੌਰ ਨਾਲ ਆਪਣਾ ਸ਼ਾਨਦਾਰ ਯੋਗਦਾਨ ਪਾਇਆ। 9 ਜਨਵਰੀ ਨੂੰ ਮਾਹਿਲਪੁਰ ਦੇ ਮੁਗੋਵਾਲ ਰੋਡ ਤੇ ਗੁਰਦੁਆਰਾ ਸਾਹਿਬ ਵਿਚ ਉਹਨਾਂ ਨੂੰ ਸ਼ਰਧਾਂਜਲੀ ਦੇਣ ਵਾਸਤੇ ਖਿਡਾਰੀ, ਖੇਡ ਪ੍ਰਬੰਧਕ, ਰਾਜਸੀ, ਸਮਾਜਿਕ, ਸਾਹਿਤਕ, ਵਿੱਦਿਅਕ ਅਤੇ ਧਾਰਮਿਕ ਨੁਮਾਇੰਦੇ ਸ਼ਾਮਲ ਹੋਏ ਹਨ।

## ਲੋਹੜੀ

ਲੋਹੜੀ ਦਾ ਜਦ ਆਉਂਦਾ ਤਿਉਹਾਰ,
ਚੇਤੇ ਕਰਾਉਂਦਾ ਸਾਡਾ ਸਭਿਆਚਾਰ।
ਲੋਹੜੀ ਮਨਾਉਣ ਪਿੱਛੇ ਗੱਲਾਂ ਕਈ,
ਪੋਹ ਦੇ ਆਖਰੀ ਦਿਨ ਆਏ ਬਈ।
ਅਮੀਰਾਂ ਲੋਕਾਂ ਅੱਤ ਪਈ ਸੀ ਚੱਕੀ,
ਤਾਂਹਿਓ ਲੁੱਟਣ ਲੱਗਿਆ ਦੁੱਲਾ ਭੱਟੀ।
ਗਰੀਬਾਂ ਵਿੱਚ ਵੰਡਦਾ ਲੁੱਟਿਆ ਪੈਸਾ,
ਡਾਕੂ ਵੇਖਿਆ ਨਾ ਕੋਈ ਦੁਲੇ ਜੈਸਾ।
ਸੁੰਦਰ ਮੁੰਦਰੀ ਦਾ ਕਰਿਆ ਵਿਆਹ,
ਜਿਨ੍ਹਾਂ ਤੇ ਲੋਕਾਂ ਰੱਖੀ ਗੰਦੀ ਨਿਗਾਂਹ।
ਬ੍ਰਾਹਮਣ ਵਿਚਾਰਾ ਸੀ ਬੜਾ ਗਰੀਬ,
ਦੁਲੇ ਨੇ ਬਦਲ ਦਿੱਤੇ ਉਹਦੇ ਨਸੀਬ।
ਵਿਆਹ ਵੇਲੇ ਜਿਹੜੀ ਬਾਲੀ ਅੱਗ,
ਲੋਹੜੀ ਮਨਾ ਯਾਦ ਕਰਦੇ ਆ ਅੱਜ।
ਲੋਹੜੀ ਨੂੰ ਅਗਨੀ ਬਾਲਣ ਦੀ ਰੀਤ,
ਦੁਲੇ ਦੀ ਬਹਾਦਰੀ ਦੇ ਗੂੰਜਣ ਗੀਤ।
ਸਮਾਜ ਵਿੱਚ ਖੂਬ ਨਾਮ ਕਮਾਇਆ,
ਮੁਗਲ ਸ਼ਾਸ਼ਕਾਂ ਨਾਲ ਮੱਥਾ ਲਾਇਆ।
ਸ਼ਾਮ ਨੂੰ ਇਕੱਠੇ ਹੋ ਸਭ ਮੱਥਾ ਟੇਕਦੇ,
ਕਰੀ ਜਾਣ ਗੱਲਾਂ ਨਾਲੇਂ ਧੂਣੀ ਸੇਕਦੇ।
ਭੋਗ ਵਿੱਚ ਮੂੰਗਫਲੀ, ਗੱਜਕ ਤੇ ਗੁੜ,
ਗਾਜ਼ਰਪਾਕ, ਭੁੱਗਾ ਮਿਲਣ ਮੁੜ-ਮੁੜ।
ਲੋਹੜੀ ਤੇ ਲੋਕੀ ਡੀ ਨੇ ਲਗਾਉਂਦੇ,
ਦੇਰ ਰਾਤ ਤੱਕ ਭੰਗੜਾ ਹਨ ਪਾਉਂਦੇ।
ਇਸਤਰੀਆਂ ਵੀ ਨੇ ਬੋਲੀ ਪਾਉਂਦੀਆਂ,
ਕਿਹੜਾ ਕਿਸੇ ਤੋਂ ਘੱਟ ਕਹਾਉਂਦੀਆਂ।
ਲੋਹੜੀ ਵੇਲੇ ਆਏ ਮੌਸਮੀ ਬਦਲਾਅ,
ਠੰਡ ਦੇ ਜੋਸ਼ 'ਚ ਆਉਦਾ ਠਹਿਰਾਅ।
'ਚਮਨ' ਮੁੰਡੇ ਕੁੜੀ ਦਾ ਫਰਕ ਮਿਟਾਓ,
ਕੁੜੀ ਦੇ ਜਨਮ ਦੀ ਵੀ ਲੋਹੜੀ ਮਨਾਓ।
ਕੁਦਰਤ ਦੀ ਨਜ਼ਰ 'ਚ ਦੋਵੇਂ ਇਕਸਾਰ,
ਆਪਣੀਆਂ ਗਲਤੀਆਂ ਨੂੰ ਲਓ ਸੁਧਾਰ।



ਚਮਨਦੀਪ ਸ਼ਰਮਾ
91-95010-33005




## ਵਰ ਦੀ ਲੋੜ

Looking for a professionally qualified, considerate, and career oriented clean shaven Canadian/USA Jat Sikh boy for our highly educated, 5'4" tall, beautiful, 1992 born girl. The girl is working as a Medical Scientist in a big pharma company in Toronto (Canada).
Please email with latest pictures and bio-data.:
pritamkr1945@gmail.com
Here you go for Bio-data
for my daughter
randhawajatinder1@gmail.con



# KB USED AUTO SALES



## 8655 B Monterey Street Gilroy, CA 95020

Kashmiri Bhatia, Dealer/Broker
408-848-2365

50% OFF WARRANTY with Qualifying Car Purchase

IN HOUSE FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

**NEW & USED TIRES WASH, LUBE, BRAKES**

Call: 530-824-5134

LUCAS OIL LUCAS INJECTOR CLEANER $28.99

Call: 650-642-0697

## 3525 Highway 99, West Corning, CA 96021

Across the Street from TA Truck Stop